# ਵਿਗਿਆਨ ਜੋਤ

***ਸਾਲ 8, ਅੰਕ 6***

**ਨਵੰਬਰ-ਦਸੰਬਰ, 2013**

**PUNPUN/2006/17457**



ਮੁੱਖ ਸੰਪਾਦਕ : **ਮੇਘ ਰਾਜ ਮਿੱਤਰ**

ਸੰਪਾਦਕ :**ਅਜਮੇਰ ਸਿੱਧੂ**

**ਰਣਜੀਤ ਝਨੇਰ**

ਮੁੱਖ ਪ੍ਰਬੰਧਕ : **ਅਮਿੱਤ ਮਿੱਤਰ**

**ਸੰਪਾਦਕੀ ਬੋਰਡ:**

* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਸਰਜੀਤ ਤਲਵਾਰ
* ਡਾ. ਜਤਿੰਦਰਪਾਲ ਸਿੰਘ (ਪੀ.ਐਚ.ਡੀ)
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)
* ਬਲਜਿੰਦਰ ਕੋਟਭਾਰਾ

**ਸਲਾਹਕਾਰੀ ਬੋਰਡ:**

* ਰਾਜਾ ਰਾਮ ਹੰਢਿਆਇਆ
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ


## ਦਰ ਚੰਦਾ

| | |
|---|---|
| ਸਲਾਨਾ ਚੰਦਾ | 80/- |
| ਦੋ ਸਾਲਾਂ ਦਾ ਚੰਦਾ | 150/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਲਾਈਫ਼ ਮੈਂਬਰਸ਼ਿਪ | 1000/- |
| ਵਿਦੇਸ਼ਾਂ ’ਚ ਲਾਈਫ਼ ਮੈਂਬਰਸ਼ਿਪ | 5000/- |


**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-**

**ਅਮਿੱਤ ਮਿੱਤਰ**

ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101 (ਪੰਜਾਬ) ਫੋਨ : 01679-241744

Email : tarksheel@gmail.com


***ਨੋਟ : ਸਿੱਖਿਆ ਵਿਭਾਗ ਵੱਲੋਂ ‘ਵਿਗਿਆਨ ਜੋਤ’ ਸਕੂਲਾਂ ਲਈ ਪ੍ਰਵਾਨਿਤ ਹੈ***

*ਮੈਗਜ਼ੀਨ ‘ਵਿਗਿਆਨ ਜੋਤ’ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*


ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


**ਸੰਪਾਦਕੀ**

# ਦੋ ਕਰੋੜ ਲੋਕਾਂ ਨੂੰ ਲਾਈਲੱਗ ਬਣਾਉਣ ਦੀ ਸਜ਼ਾ ਕਿਹੜੀ ਅਦਾਲਤ ਦੇਵੇਗੀ ?

ਤਰਕਸ਼ੀਲ ਸੁਸਾਇਟੀ ਪਿਛਲੇ 29 ਵਰਿਆਂ ਤੋਂ ਪੁਕਾਰ-ਪੁਕਾਰ ਕੇ ਲੋਕਾਂ ਨੂੰ ਇਹਨਾਂ ਬਾਬਿਆਂ ਤੋਂ ਚੇਤੰਨ ਕਰਨ ਦਾ ਯਤਨ ਕਰ ਰਹੀ ਹੈ। ਪਰ ਸਾਡੇ ਯਤਨ ਬਹੁਤੇ ਸਫ਼ਲ ਇਸ ਕਰਕੇ ਨਹੀਂ ਹੋ ਰਹੇ ਹਨ ਕਿਉਂਕਿ ਸਰਕਾਰਾਂ ਨੇ ਆਪਣੇ ਸਾਰੇ ਖਜ਼ਾਨੇ ਲੋਕਾਂ ਨੂੰ ਅੰਧ-ਵਿਸ਼ਵਾਸੀ ਦੀ ਦਲਦਲ ਵਿੱਚ ਧੱਕਣ ਲਈ ਖੋਲ੍ਹੇ ਹੋਏ ਹਨ। ਬਾਪੂ ਆਸ਼ਾ ਰਾਮ ਤਾਂ ਇਕ ਉਦਾਹਰਣ ਹੈ। ਆਸ਼ਾਰਾਮ ਨੇ ਸਭ ਤੋਂ ਵੱਡਾ ਗੁਨਾਹ ਇੱਕ 16 ਸਾਲਾਂ ਸਕੂਲ ਵਿਦਿਆਰਥਣ ਦਾ ਸਰੀਰਕ ਸ਼ੋਸਣ ਕਰਕੇ ਨਹੀਂ ਕੀਤਾ ਹੈ, ਭਾਵੇਂ ਇਹ ਉਸਦਾ ਪਿਛਲੇ 40 ਸਾਲ ਤੋਂ ਹਰ ਰੋਜ਼ ਦਾ ਕੰਮ ਸੀ। ਰਾਤਾਂ ਨੂੰ ਹੋਣ ਵਾਲੇ ਆਪਣੇ ਸਤਸੰਗਾਂ ਵਿੱਚ ਉਹ ਇੱਕ ਟਾਰਚ ਆਪਣੇ ਹੱਥ ਵਿੱਚ ਰੱਖਦਾ ਸੀ।

ਜਿਸ ਲੜਕੀ ਦੇ ਮੂੰਹ ’ਤੇ ਟਾਰਚ ਦੀ ਰੋਸ਼ਨੀ ਆਨ ਆਫ ਕਰਦਾ ਸੀ ਉਸਦੀ ਏਜੰਟ ਇਸਤ੍ਰੀ ਉਸ ਲੜਕੀ ਨੂੰ ਮਾਨਸਿਕ ਪੱਖੋਂ ਤਿਆਰ ਕਰ ਦਿੰਦੀ ਸੀ “ਕਿ ਬਾਬਾ ਜੀ ਨੇ ਤੈਨੂੰ ਲੱਖਾਂ ਵਿੱਚੋਂ ਚੁਣਿਆ ਹੈ ਤੂੰ ਧੰਨ ਹੈ ਤੇਰੇ ਤਾਂ ਭਾਗ ਖੁੱਲ੍ਹ ਗਏ ਹਨ। ਸਵਰਗਾਂ ਵਿੱਚ ਤੇਰੀ ਟਿਕਟ ਬੁੱਕ ਹੋ ਗਈ ਹੈ। ਤੂੰ ਗੋਪੀ ਹੈ ਉਹ ਕ੍ਰਿਸ਼ਨ ਹਨ।” ਤੇ ਡਰਾਈਵਰ ਉਸ ਲੜਕੀ ਨੂੰ ਆਸ਼ਾ ਰਾਮ ਕੋਲ ਛੱਡ ਆਉਂਦਾ ਸੀ। ਏਕਾਂਤਵਾਸ ਵਿੱਚ ਭਗਤੀ ਕਰਨ ਲਈ ਬਣਾਈਆਂ ਕੁਟੀਆ ਦਾ ਇਸਤੇਮਾਲ ਇਸ ਕੰਮ ਲਈ ਹੀ ਹੁੰਦਾ ਸੀ। ਹਰੇਕ ਵਿਅਕਤੀ ਦੇ ਸਰੀਰ ਵਿੱਚ ਵੱਖ ਵੱਖ ਤਰ੍ਹਾਂ ਦੇ ਰਸ ਪੈਦਾ ਕਰਨ ਵਾਲੀਆਂ ਗਰੰਥੀਆਂ ਹੁੰਦੀਆਂ ਹਨ। ਕਾਮ ਉਤੇਜਨਾ ਦਾ ਇਹਨਾਂ ਗਰੰਥੀਆਂ ਕਾਰਨ ਪੈਦਾ ਹੋਣਾ ਵੀ ਕੁਦਰਤੀ ਹੁੰਦਾ ਹੈ। ਸਾਰੇ ਅਖੌਤੀ ਬਾਬੇ ਵੀ ਮਨੁੱਖ ਹੀ ਹੁੰਦੇ ਹਨ। ਕਾਮ ਇਹਨਾਂ ਦੀ ਵੀ ਲੋੜ ਹੁੰਦੀ ਹੈ। ਇਸ ਲਈ ਇਹ ਸੋਚਣਾ ਕਿ ਕੋਈ ਅਖੌਤੀ ਬਾਬਾ ਕਾਮ ਤੋਂ ਬਗੈਰ ਰਹਿ ਸਕਦਾ ਹੋਵੇਗਾ ਉਨਾ ਹੀ ਝੂਠ ਹੈ ਜਿਨਾ ਇਹ ਸੋਚਣਾ ਕਿ ਕੋਈ ਵਿਅਕਤੀ ਭੋਜਨ ਤੋਂ ਬਗੈਰ ਰਹਿ ਸਕਦਾ ਹੈ।

ਆਸੂ ਮੱਲ ਨੇ ਤਾਂ ਸਭ ਤੋਂ ਵੱਡਾ ਗੁਨਾਹ ਤਾਂ ਇਸ ਦੇਸ਼ ਦੀ ਗੰਦੀ ਰਾਜਨੀਤੀ ਦੀ ਉਮਰ ਲੰਮੇਰੀ ਕਰਕੇ ਕੀਤਾ ਹੈ। ਕਿਉਂਕਿ ਕਾਂਗਰਸ, ਅਕਾਲੀ, ਭਾਜਪਾ ਸਰਕਾਰਾਂ ਜੋ ਕਿਸੇ ਨਾ ਕਿਸੇ ਰੂਪ ਵਿੱਚ ਭਾਰਤ ਦੀ ਗੱਦੀ ’ਤੇ ਪਿਛਲੇ 65 ਸਾਲ ਤੋਂ ਬਿਰਾਜਮਾਨ ਹਨ ਲੋਕਾਂ ਦੀ ਹਾਲਤ ਬਦਤਰ ਤੋਂ ਬਦਤਰ ਕਰ ਦਿੱਤੀ ਹੈ। ਹੁਣ ਇਸ ਬਾਬੇ ਨੇ ਕਾਂਗਰਸ ਦੀ ਪ੍ਰਧਾਨ ਸੋਨੀਆਂ ਗਾਂਧੀ ਤੇ ਸਕੱਤਰ ਰਾਹੁਲ ਗਾਂਧੀ ਖਿਲਾਫ਼ ਕੁੱਝ ਬੋਲ ਦਿੱਤਾ ਹੈ। ਉਸ ਸਿਆਸਤ ਨੇ ਉਸਨੂੰ ਕੁਚਲਣ ਦਾ ਫ਼ੈਸਲਾ ਲਿਆ ਹੈ। ਭਾਜਪਾ ਨੇ ਪਹਿਲਾਂ ਪਹਿਲ ਬਾਬੇ ਦੀ ਹਮਾਇਤ ਕਰਨ ਦਾ ਯਤਨ ਕੀਤਾ ਪਰ ਜਦੋਂ ਉਸਨੇ ਸਰਵੇਖਣ ਕੀਤਾ ਤਾਂ ਵੇਖਿਆ ਕਿ ਮੱਧ ਵਰਗ ਬਾਬੇ ਦੇ ਖਿਲਾਫ ਹੈ ਇਸ ਲਈ ਉਸਨੇ ਵੀ ਬਾਬੇ ਦੇ ਹੱਕ ਵਿੱਚ ਨਾ ਭੁਗਤਣ ਦਾ ਫੈਸਲਾ ਕਰ ਲਿਆ। ਆਸਾ ਰਾਮ ਦਾ ਦੂਜਾ ਵੱਡਾ ਗੁਨਾਹ, ਇਹ ਹੈ ਕਿ ਉਸਨੇ ਇਸ ਦੇਸ਼ ਦੇ ਦੋ ਕਰੋੜ ਲੋਕਾਂ ਦੀ ਸੋਚ ਗੈਰ ਵਿਗਿਆਨਕ ਬਣਾਈ ਹੈ। ਉਸਨੇ ਆਪਣੇ ਭਗਤਾਂ ਦੇ ਦਿਮਾਗ ਖੁੰਢੇ ਕਰਕੇ ਉਹਨਾਂ ਨੂੰ ਲਾਈਲੱਗਾਂ ਵਿੱਚ ਬਦਲ ਦਿੱਤਾ ਹੈ। ਇਸਤਰੀ ਜਾਤੀ ਤੇ ਸੂਦਰਾਂ ਪ੍ਰਤੀ ਪੈਦਾ ਕੀਤੀ ਨਫਰਤ ਵੀ ਉਸਦਾ ਇੱਕ ਵੱਡਾ ਗੁਨਾਹ ਹੈ। ਇਹ ਬਾਬੇ ਆਪਣੇ ਆਪ ਨੂੰ ਦੇਸ਼ ਭਗਤ ਅਖਵਾਉਂਦੇ ਹਨ ਪਰ ਕੀ ਲੋਕਾਂ ਨੂੰ ਧਰਮਾਂ ਤੇ ਜਾਤਾਂ ਪਾਤਾਂ ਵਿੱਚ ਵੰਡਣ ਵਾਲੇ ਦੇਸ਼ ਭਗਤ ਹੋ ਸਕਦੇ ਹਨ ? ਕਦਾਚਿਤ ਨਹੀਂ। ਬਾਬੇ ਦੀਆਂ ਭਗਤਣੀਆਂ ਨੂੰ ਮੈਂ ਟੈਲੀਵਿਯਨ ’ਤੇ ਇਹ ਕਹਿੰਦੀਆਂ ਸੁਣਿਆ ਹੈ ਕਿ ਬਾਬੇ ਦੇ ਪ੍ਰਚਾਰ ਸਦਕਾ ਅਸੀਂ ਤਾਂ ਆਪਣੇ ਪਤੀਆਂ ਦੇ ਨਜਦੀਕ ਵੀ ਨਹੀਂ ਜਾਂਦੀਆਂ। ਅਜਿਹੇ ਹੋਰ ਬਹੁਤ ਸਾਰੇ ਧਰਮ ਤੇ ਬਾਬੇ ਹਨ ਜਿਹੜੇ ਲੋਕਾਂ ਨੂੰ ਬ੍ਰਹਮਚਾਰੀ ਜੀਵਨ ਦੀਆਂ ਸਿੱਖਿਆਵਾਂ ਦਿੰਦੇ ਹਨ। ਇਹ ਪ੍ਰਚਾਰ ਕਿ ਬ੍ਰਹਮਚਾਰੀ ਜੀਵਨ ਨਾਲ ਸਵਰਗਾਂ ਵਿੱਚ ਥਾਂ ਮਿਲ ਜਾਂਦੀ ਹੈ। ਨਿਰਾ ਹੀ ਬਕਵਾਸ ਤੋਂ ਵੱਧ ਕੁੱਝ ਨਹੀਂ ਹੈ। ਬਾਕੀ ਆਸ਼ਾ ਰਾਮ ਦੁਆਰਾ ਕੀਤੇ ਸੈਕਸ ਸ਼ੋਸਣ, ਜ਼ਮੀਨਾਂ ਹਥਿਆਉਣ, ਡੇਰੇ ਵਿੱਚ ਕੀਤੇ ਕਤਲ, ਪੈਸੇ ਦੀ ਲੁੱਟ ਖਸੁੱਟ ਸਭ ਛੋਟੇ ਗੁਨਾਹ ਹਨ। ਅਦਾਲਤਾਂ ਇਹਨਾਂ ਛੋਟੇ ਮੋਟੇ ਗੁਨਾਹਾਂ ਦੀਆਂ ਸਜ਼ਾਵਾਂ ਤਾਂ ਦੇ ਦਿੰਦੀਆਂ ਹਨ ਪਰ ਕਰੋੜਾਂ ਲੋਕਾਂ ਨੂੰ ਭੇਡਾਂ ਵਿੱਚ ਬਦਲਣ ਦੀਆਂ ਸਜ਼ਾਵਾਂ ਕਿਹੜੀਆਂ ਅਦਾਲਤਾਂ ਦੇਣਗੀਆਂ।

**-ਮੇਘ ਰਾਜ ਮਿੱਤਰ**



# ਅਣਭੋਲ ਕੁੜੀਆਂ ਦੀ ਇੱਜ਼ਤ ਨਾਲ ਖੇਡਣ ਵਾਲੇ **ਆਸਾਰਾਮ** ਵਰਗੇ ਸਾਧਾਂ ਦੀ ਪਿੱਠ ਪੂਰਨ ਵਾਲੀਆਂ ਤਾਕਤਾਂ ਨੂੰ ਪਛਾਨਣ ਦੀ ਲੋੜ

ਨਰੇਂਦਰ ਦਭੋਲਕਰ ਦੇ ਕਤਲ ਖ਼ਿਲਾਫ਼ ਪੂਰੇ ਮੁਲਕ ਵਿਚ ਰੋਹ ਉੱਠਣ ਦੇ ਬਾਵਜੂਦ ਮਹਾਰਾਸ਼ਟਰ ਪੁਲਿਸ ਇਕ ਵੀ ਦੋਸ਼ੀ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ। ਕਤਲ ਤੋਂ ਫ਼ੌਰੀ ਪਿੱਛੋਂ ਮੇਰਾ ਨਿਰਣਾ ਸੀ ਕਿ ਇਸ ਵਾਰ ਕੋਈ ਨੱਥੂਰਾਮ (ਗੌਡਸੇ) ਨਹੀਂ ਫੜਿਆ ਜਾਣਾ। ਇਸ ਲਈ ਕਿਸੇ ਦਿੱਵ-ਦ੍ਰਿਸ਼ਟੀ ਜਾਂ ਇਲਾਹੀ ਸਿਆਣਪ ਦੀ ਲੋੜ ਨਹੀਂ ਕਿ ਦਭੋਲਕਰ ਦੇ ਕਾਤਲ ਫੜੇ ਨਹੀਂ ਜਾਣਗੇ। 2,000 ਬੰਦਿਆਂ ਤੋਂ ਤਫ਼ਤੀਸ਼ ਕਰਕੇ ਵੀ ਪੁਲਿਸ ਕਹਿ ਰਹੀ ਹੈ ਕਿ ਕੋਈ ਸੁਰਾਗ਼ ਨਹੀਂ ਮਿਲਿਆ।

ਸਭ ਨੂੰ ਪਤਾ ਹੈ ਕਿ ਦਭੋਲਕਰ ਦਾ ਕਤਲ ਉਨ੍ਹਾਂ ਜਾਅਲਸਾਜ਼ਾਂ ਨੇ ਕਰਵਾਇਆ ਜੋ ਦੈਵੀ/ਚਮਤਕਾਰੀ ਤਾਕਤਾਂ ਵੱਸ ਕੀਤੀਆਂ ਹੋਣ ਦੇ ਦਾਅਵੇ ਕਰਕੇ 'ਖ਼ਲਕਤ ਅੰਨ੍ਹੀ ਗਿਆਨ-ਵਿਹੂਣੀ' ਨੂੰ ਠੱਗਦੇ ਹਨ। ਉਨ੍ਹਾਂ ਤੋਂ ਬਿਨਾ, ਦਭੋਲਕਰ ਨੂੰ ਆਪਣਾ ਧਰਮ-ਦੁਸ਼ਮਣ ਐਲਾਨਣ ਵਾਲੇ ਸਨਾਤਨੀ ਹਿੰਦੂ ਵੀ ਆਪਣੇ ਧਰਮ ਦੇ ਅੰਗ ਇਨ੍ਹਾਂ ਜਾਅਲਸਾਜ਼ਾਂ ਦੇ ਜੋਟੀਦਾਰ ਹਨ। ਉਨ੍ਹਾਂ ਨੇ ਇਸ ਕਤਲ ਨੂੰ ਕਰਮਾਂ ਦਾ ਫ਼ਲ ਆਖ ਕੇ ਜਾਇਜ਼ ਠਹਿਰਾਇਆ ਅਤੇ ਅਜੇ ਵੀ ਜ਼ਹਿਰ ਉਗਲੀ ਜਾ ਰਹੇ ਹਨ। ਇਸ ਕਤਲ ਬਾਰੇ ਸਟੇਟ ਦੀ ਗੁੱਝੀ ਰਮਜ, ਅਖੌਤੀ ਰੂਹਾਨੀ ਗੁਰੂ ਆਸਾਰਾਮ ਦੀ ਗ੍ਰਿਫ਼ਤਾਰੀ ਬਾਰੇ ਸਟੇਟ ਦੀ ਲਗਾਤਾਰ ਟਾਲਮਟੋਲ, ਬੂਬਨਿਆਂ ਅਤੇ ਬਾਬਿਆਂ ਦੇ ਵਧ ਰਹੇ ਖ਼ਤਰੇ ਪਿੱਛੇ ਕੰਮ ਕਰਦੀਆਂ ਤਾਕਤਾਂ ਅਤੇ ਇਸ ਦੀ ਤਹਿ ਹੇਠਲੀ ਗਤੀਸ਼ੀਲਤਾ ਨੂੰ ਨੰਗਾ ਕਰਦੀ ਹੈ। ਆਸਾਰਾਮ ਵਰਗੇ ਆਪੇ ਸਜੇ ਦੇਵ-ਪੁਰਸ਼ ਇਸ ਮੁਲਕ ਨੂੰ ਧੁੰਦੂਕਾਰੇ ਵੱਲ ਧੱਕ ਰਹੇ ਹਨ।

**ਆਸਾਰਾਮ ਕਾਂਡ** : ਦਹਿ-ਲੱਖਾਂ ਭਗਤਾਂ ਨੂੰ ਆਪਣੇ ਮਗਰ ਲਾਈ ਫਿਰਦਾ ਆਸਾਰਾਮ ਦੈਵੀ ਤਾਕਤਾਂ ਦੇ ਓਹਲੇ ਜੁਰਮਾਂ ਨੂੰ ਅੰਜਾਮ ਦਿੱਤੇ ਜਾਣ ਦਾ ਇਕਾ-ਦੁੱਕਾ ਮਾਮਲਾ ਨਹੀਂ ਹੈ। ਇਸ ਮੁਲਕ ਵਿਚ ਵੱਖੋ-ਵੱਖਰੇ ਪੱਧਰਾਂ ਉੱਤੇ ਅਤੇ "ਮੰਡੀ" ਦੇ ਵੱਖੋ-ਵੱਖਰੇ ਹਿੱਸਿਆਂ 'ਚ ਉਸ ਵਰਗੇ ਲੱਖਾਂ ਜਾਅਲਸਾਜ਼ ਹਨ, ਇਨ੍ਹਾਂ ਵਿਚੋਂ ਕਈਆਂ ਦੀਆਂ ਧਾਰਮਿਕ-ਕਾਰੋਬਾਰੀ ਸਲਤਨਤਾਂ ਤਾਂ ਸਮੁੰਦਰੋਂ ਪਾਰ ਤਕ ਫੈਲੀਆਂ ਹੋਈਆਂ ਹਨ। ਸਾਲ ਦੋ ਸਾਲ ਵਿਚ ਇਕ-ਅੱਧੀ ਵਾਰ ਇਨ੍ਹਾਂ ਦੇ ਵਿਆਪਕ ਜੁਰਮਾਂ ਦੀ ਕੰਨ੍ਹੀ ਨੰਗੀ ਹੁੰਦੀ ਹੈ ਅਤੇ ਇਹ ਚਰਚਾ 'ਚ ਆ ਜਾਂਦੇ ਹਨ। ਜਿਵੇਂ, ਆਸਾਰਾਮ ਵਲੋਂ ਆਪਣੇ ਹੀ ਗੁਰੂਕੁਲ ਦੀ 15 ਸਾਲਾਂ ਦੀ ਵਿਦਿਆਰਥਣ ਦੀ ਪੱਤ ਰੋਲਣ ਦੀ ਮੁਕਾਬਲਤਨ ਨਿੱਕੀ ਜਹੀ ਘਟਨਾ ਹੁਣ ਜੱਗ ਜ਼ਾਹਿਰ ਹੋਈ ਹੈ। ਇਨ੍ਹਾਂ ਧੋਖੇਬਾਜ਼ਾਂ ਦੇ ਪ੍ਰਭਾਵ ਦੇ ਕੀਲੇ ਅੰਨ੍ਹੇ ਭਗਤ ਇਨ੍ਹਾਂ ਦੀਆਂ ਕਰਤੂਤਾਂ ਨੂੰ ਜੁਰਮ ਸਮਝਣ ਦੀ ਬਜਾਏ ਇਨ੍ਹਾਂ ਨੂੰ ਇਲਾਹੀ ਪਰਮ-ਆਨੰਦ ਦਾ ਰੱਬੀ ਵਿਧਾਨ ਸਮਝਕੇ ਇਨ੍ਹਾਂ ਦੇ ਮਗਰ-ਮਗਰ ਘੁੰਮਦੇ ਹਨ। ਇਹ ਜ਼ਿਹਨੀ ਗ਼ੁਲਾਮੀ ਤੋੜ ਕੇ ਜਿਹੜਾ ਕੋਈ ਟਾਵਾਂ-ਟੱਲਾ ਮਾਮਲਾ ਬਾਹਰ ਆ ਜਾਂਦਾ ਹੈ ਉਸ ਨੂੰ ਇਨ੍ਹਾਂ ਦੇਵਪੁਰਸ਼ਾਂ ਦੇ ਗੁੰਡੇ ਬੇਰਹਿਮੀ ਨਾਲ ਦਬਾ ਦਿੰਦੇ ਹਨ। ਇਨ੍ਹਾਂ ਦੀ ਬਹੁ-ਪਰਤੀ ਕਿਲ੍ਹਾਬੰਦੀ ਵਿਚੋਂ ਕੋਈ ਟਾਵਾਂ ਹੀ ਜੱਗ ਨੂੰ ਇਨ੍ਹਾਂ ਦੇ ਆਸ਼ਰਮਾਂ ਦੀਆਂ ਕਰਤੂਤਾਂ ਦੱਸਣ ਦਾ ਜੇਰਾ ਕਰਦਾ ਹੈ। ਇਸ ਦਾ ਤਾਰਕਿਕ ਅਧਾਰ ਨਾਸ਼ਵਾਨ ਦੇਹ ਅਤੇ ਅਮਰ ਆਤਮਾ ਦਾ ਹਿੰਦੂ ਤਸੱਵਰ ਹੈ ਅਤੇ ਅਕਲ ਦਾ ਅੰਨ੍ਹਾ ਕੀਤਾ ਭਗਤ ਰੱਬ ਨਾਲ ਮੇਲ ਹੋਣ ਦੀ ਆਸ 'ਚ ਗੁਰੂ ਅੱਗੇ ਪੂਰੀ ਤਰ੍ਹਾਂ ਆਤਮ-ਸਮਰਪਣ ਕਰ ਦਿੰਦਾ ਹੈ। ਆਸਾਰਾਮ ਨੇ ਆਪਣੇ ਭਵਿੱਖ ਦਾ ਆਗਾਜ਼ ਅਹਿਮਦਾਬਾਦ ਵਿਚ ਸਾਬਰਮਤੀ ਦੇ ਕੰਢੇ ਨਜਾਇਜ਼ ਸ਼ਰਾਬ ਵੇਚਣ ਤੋਂ ਸ਼ੁਰੂ ਕੀਤਾ ਸੀ। ਇਹ ਲੋਕਾਂ ਨੂੰ ਚੇਤੇ ਹੈ। ਸੋਕੇ ਮਾਰੇ ਸੂਬੇ ਵਿਚ ਇਹ ਧੰਦਾ ਭਾਰੀ ਮੁਨਾਫ਼ੇ ਵਾਲਾ ਹੈ। ਉਸ ਨੇ 1971 'ਚ ਅਹਿਮਦਾਬਾਦ ਵਿਚ ਛੋਟਾ ਜਿਹਾ ਆਸ਼ਰਮ ਖੋਲ੍ਹ ਲਿਆ ਅਤੇ ਰਜਨੀਸ਼ ਦੀ ਰੀਸ ਕਰਨੀ ਚਾਹੀ ਜਿਸ ਦੇ ਕਾਰੋਬਾਰ ਦੀ ਰੂਹਾਨੀਅਤ ਦੀ ਆਲਮੀ ਮੰਡੀ ਵਿਚ ਗੁੱਡੀ ਚੜ੍ਹੀ ਹੋਈ ਸੀ। ਪ੍ਰਵਚਨਕਰਤਾ ਵਜੋਂ ਤਾਂ ਉਸ ਦੀ ਧਾਂਕ ਜੰਮੀ ਨਹੀਂ ਪਰ ਉਸ ਦੇ ਨੱਚਣ ਦਾ ਜਾਦੂ ਚਲ ਗਿਆ। ਭਾਜਪਾ ਦੇ ਸੱਤਾ 'ਚ ਆਉਣ ਨਾਲ ਉਸ ਦੀ ਚੜ੍ਹ ਮੱਚ ਗਈ। ਅੱਜ ਉਹ ਸੈਂਕੜੇ ਕਰੋੜ ਰੁਪਏ ਦੇ ਮੁੱਲ ਦੀ ਜ਼ਮੀਨ ਉੱਪਰ ਬਣੇ 400 ਆਸ਼ਰਮਾਂ ਅਤੇ ਬੇਸ਼ੁਮਾਰ ਸੰਸਥਾਵਾਂ ਵਾਲੀ ਸਲਤਨਤ ਦਾ ਮਾਲਕ ਹੈ ਜੋ ਪੂਰੇ ਮੁਲਕ ਵਿਚ ਫੈਲੀ ਹੋਈ ਹੈ।

ਹੁਣ ਜਦੋਂ ਆਸਾਰਾਮ ਸੀਖਾਂ ਪਿੱਛੇ ਹੈ ਤਾਂ ਹਰ ਸੂਬੇ ਦੇ ਅਧਿਕਾਰੀ ਕਹਿ ਰਹੇ ਹਨ ਕਿ ਇਹ ਜਾਇਦਾਦਾਂ ਗ਼ੈਰਕਾਨੂੰਨੀ ਹਨ। ਉਸ ਉੱਪਰ ਮਹਿਜ਼ ਲਿੰਗਕ ਹਮਲਿਆਂ ਜਾਂ ਵਿਤੀ ਬੇਨਿਯਮੀਆਂ ਦੇ ਇਲਜ਼ਾਮ ਹੀ ਨਹੀਂ, ਕਤਲਾਂ ਦੇ ਇਲਜ਼ਾਮ ਵੀ ਲਾਏ ਜਾ ਰਹੇ ਹਨ। ਇੱਥੋਂ ਤਕ ਕਿ ਇਹ ਜਾਅਲਸਾਜ਼ ਮਨੁੱਖੀ ਬਲੀ ਦੇਣ ਦਾ 'ਕਾਲਾ ਇਲਮ' ਵੀ ਵਰਤਦਾ ਸੀ। 3 ਜੁਲਾਈ 2008 ਨੂੰ ਉਸ ਦੇ ਅਹਿਮਦਾਬਾਦ ਆਸ਼ਰਮ ਦੇ ਦੋ ਵਿਦਿਆਰਥੀ, ਦਿਪੇਸ਼ ਵਘੇਲਾ (10) ਅਤੇ ਅਭਿਸ਼ੇਕ ਵਘੇਲਾ (11) ਰਹੱਸਮਈ ਢੰਗ ਨਾਲ ਲਾਪਤਾ ਹੋ ਗਏ ਅਤੇ ਦੋ ਦਿਨ ਬਾਦ ਉਨ੍ਹਾਂ ਦੀਆਂ ਲਾਸ਼ਾਂ ਆਸ਼ਰਮ ਲਾਗਿਓਂ ਮਿਲੀਆਂ। ਪੁਲਿਸ ਨੇ ਇਕ 14 ਸਾਲ ਦੇ ਮੁੰਡੇ ਉੱਪਰ ਕੇਸ ਪਾ ਕੇ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ। ਭਾਵੇਂ 2009 'ਚ ਸੀ.ਬੀ.ਆਈ. ਨੇ ਆਸ਼ਰਮ ਦੇ ਸੱਤ ਚੇਲਿਆਂ ਨੂੰ ਕਤਲ ਲਈ ਜ਼ਿੰਮੇਵਾਰ ਠਹਿਰਾਇਆ, ਪਰ ਅਸਲ ਮੁਜਰਮ ਅਜੇ ਤਕ ਨਹੀਂ ਲੱਭੇ। ਹੱਤਿਆਵਾਂ ਅਤੇ ਗੁੰਮਸ਼ੁਦਾ ਦੀਆਂ ਹੋਰ ਵੀ ਕਈ ਮਿਸਾਲਾਂ ਸਾਹਮਣੇ ਆਈਆਂ ਪਰ ਕਾਰਵਾਈ ਕੋਈ ਨਹੀਂ ਹੋਈ। ਜੋਧਪੁਰ ਪੁਲਿਸ ਵਲੋਂ ਉਸ ਨੂੰ ਇੰਦੌਰ ਆਸ਼ਰਮ ਤੋਂ ਗ੍ਰਿਫ਼ਤਾਰ ਕਰਨ ਤੋਂ ਪਹਿਲਾਂ ਗਿਆਰਾਂ ਦਿਨ ਖੇਡ੍ਹੇ ਗਏ ਨਾਟਕ ਤੋਂ ਜ਼ਾਹਿਰ ਹੋ ਗਿਆ ਕਿ ਸਟੇਟ ਉਸ ਦੇ ਖਿਲਾਫ਼ ਕਾਰਵਾਈ ਕਰਨ ਲਈ ਤਿਆਰ ਨਹੀਂ, ਕਿਉਂਕਿ ਹਿੰਦੂਤਵੀ ਤਾਕਤਾਂ ਉਸ ਦੀ ਪਿੱਠ 'ਤੇ ਹਨ। ਹਰ ਬੰਦਾ ਇਹੀ ਕਿਆਫ਼ੇ ਲਾ ਰਿਹਾ ਹੈ ਕਿ ਉਸ ਨੇ ਜੇਲ੍ਹ ਵਿਚੋਂ ਜ਼ਮਾਨਤ 'ਤੇ ਬਾਹਰ ਆ ਹੀ ਜਾਣਾ ਹੈ, ਫਿਰ ਕੁੜੀ ਦੇ ਪਰਿਵਾਰ ਨੂੰ ਉਸ ਦੇ ਅੱਗੇ ਟਿਕਣਾ ਮੁਸ਼ਕਲ ਹੋ ਜਾਵੇਗਾ।



**ਖ਼ਤਰਾ ਕਿੰਨਾ ਵਿਆਪਕ ਹੈ** : ਆਸਾਰਾਮ ਤਾਂ ਇਕ ਮਿਸਾਲ ਹੈ। ਅੰਦਾਜ਼ਨ 50 ਲੱਖ ਅਜਿਹੇ ਦੇਵ-ਦੇਵੀਆਂ ਅੰਨ੍ਹੀ ਖ਼ਲਕਤ ਨੂੰ ਬੁੱਧੂ ਬਣਾ ਕੇ ਦੌਲਤ ਦੇ ਅੰਬਾਰ ਲਾਉਣ 'ਚ ਜੁੱਟੇ ਹੋਏ ਹਨ। ਇਨ੍ਹਾਂ ਵਿਚੋਂ ਕੁਝ ਵਧੇਰੇ ਬਦਨਾਮ ਸ਼ਖ਼ਸਾਂ ਦੀ ਦੌਲਤ ਦੀ ਨਿੱਕੀ ਜਹੀ ਝਲਕ ਹੀ ਇਸ ਖ਼ਤਰੇ ਦੀ ਵਿਆਪਕਤਾ ਦੀ ਥਾਹ ਪਾਉਣ ਲਈ ਕਾਫ਼ੀ ਹੈ। ਸੱਤਿਆ ਸਾਈਬਾਬਾ ਅਤੇ ਮਹੇਸ਼ ਯੋਗੀ ਦੇ ਕਬਜ਼ੇ ਵਿਚਲੀ ਦੌਲਤ ਦੇ ਵੇਰਵੇ ਪੜ੍ਹ ਸੁਣ ਕੇ ਦਿਮਾਗ ਚਕਰਾ ਜਾਂਦਾ ਹੈ। ਇਨ੍ਹਾਂ ਅਖੌਤੀ ਰੂਹਾਨੀ ਗੁਰੂਆਂ ਦੀਆਂ ਸੰਸਥਾਵਾਂ ਦੀ ਕਮਾਈ ਅੱਗੇ ਬਹੁਤ ਸਾਰੀਆਂ ਦਰਮਿਆਨੀਆਂ ਕੰਪਨੀਆਂ ਸ਼ਰਮਸਾਰ ਹੋ ਜਾਂਦੀਆਂ ਹਨ - ਮਿਸਾਲ ਵਜੋਂ ਕੇਰਲਾ ਵਿਚ ਮਾਤਾ ਅੰਮ੍ਰਿਤਾਨੰਦਾਮਾਈ, ਬਾਬਾ ਰਾਮਦੇਵ, ਸੁਧਾਂਸ਼ੂ ਮਹਾਂਰਾਜ ਅਤੇ ਮੁਰਾਰੀ ਬਾਪੂ। (20 ਕਰੋੜ ਰੁਪਏ ਟੈਕਸ ਚੋਰੀ ਕਰਨ ਵਾਲਾ ਰਾਮਦੇਵ ਅੱਜਕੱਲ੍ਹ ਸੁਰਖ਼ੀਆਂ 'ਚ ਹਨ)। ਇਨ੍ਹਾਂ ਵਿਚੋਂ ਕਈ ਮਨ ਨੂੰ ਕਾਬੂ ਕਰਨ ਦੀਆਂ ਆਧੁਨਿਕ ਚਲਾਕੀਆਂ ਦੇ ਮਾਹਰ ਹਨ। ਇਨ੍ਹਾਂ ਤੋਂ ਇਲਾਵਾ, ਬੇਸ਼ੁਮਾਰ ਰੂਹਾਨੀ ਸੰਸਥਾਵਾਂ, ਛੋਟੇ ਪੱਧਰ ਦੇ ਬਾਬੇ ਅਤੇ ਬੂਬਨੇ ਹਨ, ਜੋ ਰੂਹਾਨੀ ਮੰਡੀ ਦੇ ਹੇਠਲੇ ਸਿਰੇ 'ਤੇ ਪੁਰਾਣੀਆਂ ਚਲਾਕੀਆਂ ਨਾਲ ਹੀ ਅਵਾਮ ਨੂੰ ਬੁੱਧੂ ਬਣਾਈ ਜਾਂਦੇ ਹਨ। ਇਹ ਤਰ੍ਹਾਂ-ਤਰ੍ਹਾਂ ਦੇ ਕਾਲੇ ਇਲਮ ਦੇ ਮਾਹਰ ਕਹਾਉਂਦੇ ਹਨ ਅਤੇ ਇਤਰਾਜ਼ਯੋਗ ਢੰਗਾਂ ਕਰਕੇ ਬਦਨਾਮ ਹਨ।

ਇਸ ਤੋਂ ਅੱਗੇ, ਮੰਦਰ ਅਤੇ ਗਣੇਸ਼ ਉਤਸਵ ਜਾਂ ਦੁਰਗਾ ਪੂਜਾ ਵਰਗੇ ਪੁਰਬ ਹਨ ਜਿਨ੍ਹਾਂ ਦੇ ਕਾਰੋਬਾਰ ਅਵਾਮ ਦੀ ਅਸੁਰੱਖਿਆ ਦੀ ਭਾਵਨਾ ਨਾਲ ਖਿਲਵਾੜ ਕਰਕੇ ਦਿਨ-ਰਾਤ ਤਰੱਕੀ ਕਰ ਰਹੇ ਹਨ। ਤਿਰੂਪਤੀ ਬਾਲਾਜੀ ਦੇ ਬਹੁ-ਅਰਬੀ ਕਾਰੋਬਾਰ ਤੋਂ ਇਲਾਵਾ, ਪੂਰੇ ਮੁਲਕ ਵਿਚ ਬਹੁਤ ਸਾਰੇ ਤਿਰੂਪਤੀ ਉੱਭਰ ਰਹੇ ਹਨ। ਹੋ ਸਕਦਾ ਹੈ ਇਹ ਸ਼ਰੇਆਮ ਗ਼ੈਰਕਾਨੂੰਨੀ ਕਾਰਵਾਈਆਂ ਨਾ ਕਰਦੇ ਹੋਣ, ਪਰ ਇਹ ਸਭ ਰਹੱਸ-ਵਿਦਿਆ ਨੂੰ ਪੱਕੇ ਪੈਰੀਂ ਕਰਨ ਅਤੇ ਵਿਗਿਆਨਕ ਸੋਚ ਨੂੰ ਦਬਾਉਣ (ਭਾਰਤ ਦਾ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਸਾਡੇ ਬੁਨਿਆਦੀ ਹੱਕਾਂ ਦੇ ਹਿੱਸੇ ਵਜੋਂ ਵਿਗਿਆਨਕ ਸੋਚ ਨੂੰ ਪ੍ਰਫੁੱਲਤ ਕਰਨ 'ਤੇ ਜ਼ੋਰ ਦਿੰਦਾ ਹੈ) ਵਿਚ ਗ਼ਲਤਾਨ ਹੋਣ ਕਾਰਨ ਪਿਛਾਂਹਖਿੱਚੂ ਹਨ। ਦਭੋਲਕਰ ਵਰਗੇ ਬੰਦੇ ਅਕੀਦੇ ਅਤੇ ਅੰਨ੍ਹੀ ਸ਼ਰਧਾ, ਧਾਰਮਿਕ ਕੱਟੜਤਾ ਅਤੇ ਅੰਧਵਿਸ਼ਵਾਸਾਂ ਵਿਚ ਨਿਖੇੜਾ ਕਰਦੇ ਸਨ। ਇਹ ਗੂੜ੍ਹ-ਗਿਆਨੀ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ: ਮਸਲਨ, ਕੋਈ ਕਹਿ ਸਕਦਾ ਹੈ ਕਿ ਰੱਬ ਵਿਚ ਯਕੀਨ ਅਕੀਦਾ ਹੈ ਪਰ ਰੂਹਾਂ ਵਿਚ ਯਕੀਨ ਅੰਨ੍ਹੀ ਸ਼ਰਧਾ ਹੈ, ਜਾਂ ਇਹ ਦਲੀਲ ਕਿ ਛੂਆਛਾਤ ਤਾਂ ਮਾੜੀ ਹੈ ਪਰ ਇਸ ਦਾ ਸੋਮਾ ਜਾਤਪਾਤੀ ਪ੍ਰਬੰਧ ਇੰਞ ਨਹੀਂ ਹੈ। ਓੜਕ ਅੰਨ੍ਹੀ ਸ਼ਰਧਾ ਅਕੀਦੇ ਦਾ ਥੋੜ੍ਹਾ ਵਿਸਤਾਰ ਹੀ ਹੈ; ਅਤੇ ਅਕੀਦੇ ਨੂੰ ਕਿਸੇ ਬੰਦੇ ਦੇ ਨਿੱਜੀ ਮਾਮਲੇ ਤਕ ਹੀ ਸੀਮਤ ਰਹਿਣਾ ਚਾਹੀਦਾ ਹੈ।

**ਬਰੈਂਡ ਐਂਬੈਸਡਰ** : ਅਜਿਹੇ ਧੋਖਾਧੜੀ ਵਾਲੇ ਮਾਇਆਧਾਰੀ ਕਾਰੋਬਾਰ ਸਟੇਟ ਦੀ ਮਿਲੀਭੁਗਤ ਤੋਂ ਬਿਨਾ ਨਹੀਂ ਚਲ ਸਕਦੇ। ਜ਼ਿਆਦਾਤਰ ਸਿਆਸਤਦਾਨ ਆਪਣੇ ਗੁਨਾਹਾਂ ਤੇ ਪਾਪਾਂ ਵਿਚੋਂ ਪੈਦਾ ਹੋਣ ਵਾਲੀ ਗਿਲਾਨੀ ਉੱਪਰ ਕਾਬੂ ਪਾਉਣ ਲਈ ਵਿਅਕਤੀਗਤ ਪੱਧਰ 'ਤੇ ਇਨ੍ਹਾਂ ਦੇਵਪੁਰਸ਼ਾਂ ਦੇ ਚਰਨੀਂ ਲਗਦੇ ਹਨ। ਭਾਜਪਾ ਵਰਗੀਆਂ ਸੱਜੇਪੱਖੀ ਪਾਰਟੀਆਂ ਇਸ ਨੂੰ ਵੋਟ ਬੈਂਕ ਸਮਝ ਕੇ ਇਨ੍ਹਾਂ ਉੱਪਰ ਅੱਖ ਰੱਖਦੀਆਂ ਹਨ। ਬਾਕੀ ਪਾਰਟੀਆਂ ਵੀ ਹਿੰਦੂ ਬਹੁਗਿਣਤੀ ਵਿਚੋਂ ਅਲੱਗ-ਥਲੱਗ ਪੈ ਜਾਣ ਦੇ ਡਰੋਂ ਇਨ੍ਹਾਂ ਦੀਆਂ ਹਮਾਇਤੀ ਹਨ। ਕਈ ਤਾਂ ਅਖੌਤੀ ਦੇਵ-ਪੁਰਸ਼ਾਂ ਦੇ ਘਿਣਾਉਣੇ ਧੰਦੇ ਵਿਚ ਹਿੱਸੇਦਾਰ ਹਨ। ਅਵਾਮ ਨੂੰ ਅੰਧਵਿਸ਼ਵਾਸਾਂ ਦੀ ਦਲਦਲ 'ਚ ਫਸਾਈ ਰੱਖਣ ਨਾਲ ਉਨ੍ਹਾਂ ਦੀ ਸੁਤਾਅ ਉਨ੍ਹਾਂ ਦੀ ਆਪਣੀ ਜ਼ਿੰਦਗੀ ਦੀ ਹਕੀਕਤ ਵੱਲ ਨਹੀਂ ਜਾਂਦੀ। ਇਹ ਉਨ੍ਹਾਂ ਨੂੰ ਆਪਣੀ ਦੁਰਦਸ਼ਾ ਦਾ ਕਾਰਨ ਦੈਵੀ ਤਾਕਤਾਂ ਨੂੰ ਸਮਝਣ ਅਤੇ ਇੰਞ ਆਪਣੀ ਲੁੱਟਖਸੁੱਟ ਨੂੰ ਚੁੱਪਚਾਪ ਸਹਿਣ ਕਰਦੇ ਵੱਲ ਧੱਕਦੀ ਹੈ।

**ਆਨੰਦ ਤੇਲਤੁਮੜੇ***
**ਪੇਸ਼ਕਸ਼: ਬੂਟਾ ਸਿੰਘ**
ਫ਼ੋਨ: 94634-74342

ਸਿਆਸੀ ਕੋੜਮੇ ਤੋਂ ਇਲਾਵਾ, ਜ਼ਿਆਦਾਤਰ ਨੌਕਰਸ਼ਾਹੀ ਅਤੇ ਨਿਆਂਪਾਲਿਕਾ ਵੀ ਦੇਵ-ਪੁਰਸ਼ਾਂ ਦੀ ਭਗਤ ਹੈ। ਸਟੇਟ ਦੇ ਤਿੰਨੋਂ ਹੀ ਹਿੱਸੇ - ਵਿਧਾਨ-ਘੜਨੀ, ਕਾਰਜਪਾਲਿਕਾ ਅਤੇ ਨਿਆਂਪਾਲਿਕਾ -ਇਸ ਖ਼ਤਰੇ ਦੇ ਪ੍ਰਮੁੱਖ ਹਮਾਇਤੀ ਹਨ। ਸਟੇਟ ਖ਼ੁਦ ਧਾਰਾ 51-ਏ (ਐੱਚ) ਅਨੁਸਾਰ "ਵਿਗਿਆਨਕ ਸੋਚ" ਨੂੰ ਪ੍ਰਫੁੱਲਤ ਕਰਨ ਦੇ ਸੰਵਿਧਾਨਕ ਫ਼ਤਵੇ ਦੀ ਘੋਰ ਉਲੰਘਣਾ ਕਰਦਾ ਹੈ ਅਤੇ ਇੰਡੀਅਨ ਪੀਨਲ ਕੋਡ (ਤਾਜ਼ੀਰਾਤ-ਏ ਹਿੰਦ) ਦੀ ਮੱਦ 295-ਏ ਦੀ ਓਟ ਲੈ ਕੇ ਜੋ ਦੂਜਿਆਂ ਦੇ ਧਾਰਮਿਕ ਜਜ਼ਬਾਤਾਂ ਨੂੰ ਠੇਸ ਨਾ ਪਹੁੰਚਾਉਣ ਦਾ ਬਹਾਨਾ ਮੁਹੱਈਆ ਕਰਦੀ ਹੈ।

ਕੁਲੀਨ ਲਾਣਾ ਜੋ ਉਂਞ ਗਿਆਨ ਵਿਹੂਣੀ ਖ਼ਲਕਤ ਲਈ ਨਮੂਨਾ ਬਣਨਾ ਚਾਹੀਦਾ ਸੀ, ਖ਼ੁਦ ਹੀ ਇਨ੍ਹਾਂ ਦੇਵ-ਪੁਰਸ਼ਾਂ ਦਾ ਪੈਰੋਕਾਰ ਬਣਿਆ ਹੋਇਆ ਹੈ। ਆਹਲਾ ਮਿਸਾਲ ਹਨ, ਸਾਡੀਆਂ ਟੈਕਨਾਲੋਜੀ ਦੀਆਂ ਆਹਲਾ ਮਿਆਰੀ ਸੰਸਥਾਵਾਂ ਇੰਡੀਅਨ ਇੰਸਟੀਚਿਊਟਸ ਆਫ ਟੈਕਨਾਲੋਜੀ, ਜਿਨ੍ਹਾਂ ਨੂੰ ਵਿਗਿਆਨਕ ਪਾਣ ਚਾੜ੍ਹਨ ਵਾਲੀਆਂ ਮੰਨਿਆ ਜਾਂਦਾ ਹੈ। ਇਹ ਹਿੰਦੂ ਪੈਗੰਬਰਾਂ ਦੇ ਰੂਹਾਨੀ ਪ੍ਰਵਚਨਾਂ ਨੂੰ ਉਤਸ਼ਾਹਤ ਕਰਦੀਆਂ ਹਨ, ਸੰਸਥਾਵਾਂ ਦੇ ਅੰਦਰ ਹਿੰਦੂ ਦੇਵੀ-ਦੇਵਤਿਆਂ ਦੇ ਮਿੰਨੀ ਮੰਦਰ ਹਨ ਅਤੇ ਜੰਗਬਾਜ਼ ਸਭਿਆਚਾਰਕ ਕੌਮਵਾਦ ਦੀ ਵਿਸ਼ਾ-ਵਸਤੂ ਇਥੇ ਆਮ ਵਰਤਾਈ ਜਾਂਦੀ ਹੈ। ਭਾਜਪਾ ਦੀ ਅਗਵਾਈ ਵਾਲੇ ਕੌਮੀ-ਜਮਹੂਰੀ ਗੱਠਜੋੜ ਦੀ ਅਗਵਾਈ ਵਾਲੀ ਹਕੂਮਤ ਸਮੇਂ ਆਈ.ਆਈ.ਟੀ. ਅਤੇ ਹੋਰ ਚੋਟੀ ਦੀਆਂ ਵਿਗਿਆਨਕ ਸੰਸਥਾਵਾਂ ਦੇ ਅਹਿਮ ਅਹੁਦਿਆਂ ਉੱਪਰ ਖ਼ਾਸ ਤਰ੍ਹਾਂ ਦੇ ਅਨਸਰਾਂ ਨੂੰ ਬਿਠਾ ਕੇ ਇਨ੍ਹਾਂ ਦਾ ਹਿੰਦੂਕਰਨ ਕੀਤਾ ਗਿਆ, ਪਰ ਇਹ ਵੀ ਜੱਗ ਜ਼ਾਹਿਰ ਹੈ ਕਿ ਇਸ ਤੋਂ ਪਿੱਛੋਂ ਕਾਂਗਰਸ ਦੇ ਰਾਜ ਵਿਚ ਹਾਲਤ ਬਿਲਕੁਲ ਨਹੀਂ ਬਦਲੀ। ਬਹੁਤ ਸਾਰੇ ਸਾਇੰਸਦਾਨਾਂ, ਇੰਜੀਨੀਅਰਾਂ ਅਤੇ ਡਾਕਟਰਾਂ ਦੇ ਮੱਥਿਆਂ ਉੱਪਰ ਤਿਲਕ ਜਾਂ ਰਾਖ ਦੇ ਟਿੱਕੇ, ਡੌਲਿਆਂ ਉੱਪਰ ਤਾਵੀਤ, ਕਲਾਈਆਂ ਉੱਪਰ ਤਰ੍ਹਾਂ ਤਰ੍ਹਾਂ ਦੇ ਧਾਗੇ ਕਰਾਮਾਤੀ ਤਾਕਤਾਂ ਵਿਚ ਉਨ੍ਹਾਂ ਦੇ ਯਕੀਨ ਦਾ ਬੇਹਯਾ ਇਜ਼ਹਾਰ ਹਨ। ਇਹ ਲੋਕ ਅਖੌਤੀ ਦੇਵ-ਪੁਰਸ਼ਾਂ ਦੇ ਬਰੈਂਡ ਐਂਬੈਸਡਰ ਬਣੇ ਹੋਏ ਹਨ। ਪਿਛਲੇ ਸਾਲਾਂ 'ਚ ਨਵ-ਉਦਾਰਵਾਦ (ਵਿਕਾਸ ਮਾਡਲ) ਵਲੋਂ ਪੈਦਾ ਕੀਤੀ ਅਸੁਰੱਖਿਆ ਅਤੇ ਬੇਯਕੀਨੀ ਨੇ ਸਮਾਜ ਦੇ ਸਾਰੇ ਹਿੱਸਿਆਂ ਵਿਚ ਦੈਵੀ ਤਾਕਤਾਂ ਵੱਲ ਰੁਝਾਨ ਨੂੰ ਜ਼ਰਬਾਂ ਦਿੱਤੀਆਂ ਹਨ। ਖ਼ਲਕਤ ਆਪਣੀ ਹੋਂਦ ਦੀ ਸਲਾਮਤੀ ਲਈ ਦੈਵੀ ਓਟ ਭਾਲਦੀ ਹੈ; ਕੁਲੀਨ ਲਾਣਾ ਆਪਣੀ ਤਰਜ਼ੇ-ਜ਼ਿੰਦਗੀ ਨੂੰ ਬਰਕਰਾਰ ਰੱਖਣਾ ਚਾਹੁੰਦਾ ਹੈ। ਮੂਲਵਾਦ, ਜਾਤਪਾਤ ਅਤੇ ਹੋਰ ਵਿਗੜੇ ਹੋਏ ਸਮਾਜੀ ਵਤੀਰੇ ਇਸੇ ਰੁਝਾਨ ਦੇ ਇਜ਼ਹਾਰ ਹਨ। ਇਹ ਆਲਮੀ ਵਰਤਾਰਾ ਤਾਂ ਹੈ ਹੀ, ਹਿੰਦੂਵਾਦ ਜੋ ਬਹੁਗਿਣਤੀ ਦਾ ਧਰਮ ਹੈ, ਸੰਸਥਾ ਅਧਾਰਤ ਮਜ਼੍ਹਬ ਨਾ ਹੋਣ ਕਾਰਨ ਵਿਅਕਤੀਗਤ ਦੇਵਪੁਰਸ਼ਾਂ ਦੇ ਵਧਣ-ਫੁੱਲਣ ਲਈ ਵਿਆਪਕ ਗੁੰਜਾਇਸ਼ ਦਿੰਦਾ ਹੈ। ਇਸ ਖ਼ਤਰੇ ਨੂੰ ਰੋਕਣ ਲਈ ਜ਼ਰੂਰੀ ਹੈ ਆਈ.ਪੀ.ਸੀ. ਦੀ ਧਾਰਾ 295-ਏ ਖ਼ਤਮ ਕੀਤੀ ਜਾਵੇ, ਜਨਤਕ ਤੌਰ 'ਤੇ ਧਾਰਮਿਕ ਅਕੀਦੇ ਦੀ ਨੁਮਾਇਸ਼ ਲਾਉਣ ਉੱਪਰ ਪਾਬੰਦੀ ਲੱਗੇ, ਰਾਜ ਉੱਪਰ ਚਿਪਕਾਇਆ ਰੱਬ/ਧਰਮ ਦਾ ਹਰ ਚਿੰਨ੍ਹ ਹਟਾਇਆ ਜਾਵੇ, ਨਵ-ਉਦਾਰਵਾਦੀ ਵਿਕਾਸ ਮਾਡਲ ਨੂੰ ਖ਼ਤਮ ਕਰਕੇ ਐਸੀਆਂ ਨੀਤੀਆਂ ਅਪਣਾਈਆਂ ਜਾਣ ਜੋ ਲੋਕਾਂ ਦੇ ਹੱਥ ਮਜ਼ਬੂਤ ਕਰਨ ਅਤੇ ਵਿਗਿਆਨਕ ਸੋਚ ਨੂੰ ਧੜੱਲੇ ਨਾਲ ਪ੍ਰਫੁੱਲਤ ਕਰਦੀਆਂ ਹੋਣ।

* ਸ਼ਹਿਰੀ ਆਜ਼ਾਦੀਆਂ ਦੇ ਕਾਰਕੁੰਨ ਅਤੇ ਪ੍ਰਸਿੱਧ ਚਿੰਤਕ ਆਨੰਦ ਤੇਲਤੁਮੜੇ ਆਈ.ਆਈ.ਟੀ. ਖੜਗਪੁਰ ਵਿਖੇ ਸਿਖਿਆ-ਸ਼ਾਸਤਰੀ ਹਨ।



**ਮੇਘ ਰਾਜ ਮਿੱਤਰ**
ਫੋਨ ਨੰ: 98887-87440

# ਵਿਦਿਆਰਥੀਆਂ ਦੀ ਸੋਚ ਵਿਗਿਆਨਕ ਕਿਵੇਂ ਬਣਾਈ ਜਾਵੇ?

ਇੱਕ ਦਿਨ ਮੈਂ ਬੱਚਿਆਂ ਨੂੰ ਕਿਹਾ ਕਿ ਅਗਲੇ ਐਤਵਾਰ ਨੂੰ ਮੈਂ ਤੁਹਾਨੂੰ ਰੇਲਵੇ ਦੀ ਯਾਤਰਾ ਤੇ ਲੈ ਕੇ ਚੱਲਾਗਾ ਅਸੀਂ ਘਰ ਬੈਠਿਆਂ ਹੀ ਟਿਕਟਾਂ ਬੁੱਕ ਕਰਵਾ ਲਈਆਂ। ਬੱਚੇ ਕਹਿਣ ਲੱਗੇ ਕਿ ਟਿਕਟਾਂ ਦੀ ਬੁਕਿੰਗ ਘਰ ਬੈਠਿਆਂ ਹੀ ਕਿਵੇਂ ਹੋ ਜਾਂਦੀ ਹੈ? ਇੰਟਰਨੈੱਟ ਸਾਨੂੰ ਦੱਸ ਦਿੰਦਾ ਹੈ ਕਿ ਦਿੱਲੀ ਤੱਕ ਦਾ ਕਰਾਇਆ ਕਿੰਨਾ ਹੈ? ਤੇ ਅਸੀਂ ਆਪਣੇ ਬੈਂਕ ਅਕਾਊਂਟ ਵਿੱਚੋਂ ਬਣਦੇ ਪੈਸੇ ਰੇਲਵੇ ਵਾਲਿਆਂ ਦੇ ਅਕਾਊਂਟ ਵਿੱਚ ਪਾ ਦਿੰਦੇ ਹਾਂ। ਇਸ ਤਰ੍ਹਾਂ ਸਾਡੀਆਂ ਟਿਕਟਾਂ ਬੁੱਕ ਹੋ ਜਾਂਦੀਆਂ ਹਨ। ਪ੍ਰਿੰਟਰ ਸਾਨੂੰ ਉਹ ਟਿਕਟਾਂ ਪ੍ਰਿੰਟ ਕਰਕੇ ਦੇ ਦਿੰਦਾ ਹੈ ਜਾਂ ਕਈ ਵਾਰ ਮੋਬਾਈਲ ਤੇ ਟਿਕਟ ਐਸ ਐਮ ਐਸ ਰਾਹੀਂ ਆ ਜਾਂਦੀ ਹੈ।

ਪਾਵੇਲ ਕਹਿਣ ਲੱਗਿਆ ਡੈਡੀ ਮੈਂ ਟੀ. ਵੀ. ਤੇ ਵੇਖਿਆ ਸੀ ਕਿ ਇੱਕ ਜਾਦੂਗਰ ਨੇ ਰੇਲਵੇ ਗੱਡੀ ਹੀ ਅਲੋਪ ਕਰ ਦਿੱਤੀ? ਜਾਦੂਗਰਾਂ ਦੇ ਵੱਸ ਵਿੱਚ ਗੱਡੀਆਂ ਨੂੰ ਅਲੋਪ ਜਾਂ ਪ੍ਰਗਟ ਕਰ ਦੇਣਾ ਨਹੀਂ ਹੁੰਦਾ। ਪਰ ਉਹ ਸਾਨੂੰ ਮਨੋਭਰਮ ਪੈਦਾ ਕਰਕੇ ਗੱਡੀਆਂ ਦਾ ਵਿਖਾਈ ਦੇਣਾ ਬੰਦ ਕਰ ਸਕਦੇ ਹਨ। ਉਸ ਜਾਦੂਗਰ ਨੇ ਵੀ ਅਜਿਹਾ ਹੀ ਕੀਤਾ ਹੈ। ਗੱਡੀਆਂ ਵਿਖਾਈ ਦੇਣਾ ਬੰਦ ਕਰਨਾ ਬਹੁਤ ਛੋਟੀ ਗੱਲ ਹੈ ਵੱਡੀ ਗੱਲ ਤਾਂ ਇਹ ਹੈ ਕਿ ਸਾਡੇ ਅੱਜ ਦੇ ਦੌਰ ਦੀ ਰੇਲ ਗੱਡੀ ਕਿਵੇਂ ਵਿਕਸਿਤ ਹੁੰਦੀ ਗਈ ਹੈ ਤੇ ਹੋ ਰਹੀ ਹੈ। ਜਾਰਜ ਸਟੀਫਸਨ ਇੱਕ ਅਜਿਹਾ ਮਹਾਨ ਵਿਗਿਆਨਕ ਸੀ ਜਿਸ ਨੇ ਸਭ ਤੋਂ ਪਹਿਲਾ ਭਾਫ਼ ਇੰਜਨ ਦੀ ਖੋਜ ਕੀਤੀ ਜੋ ਅੱਜ ਦੇ ਜ਼ਮਾਨੇ ਦੀਆਂ ਰੇਲ ਗੱਡੀਆਂ ਲਈ ਵਰਤੇ ਜਾਂਦੇ ਡੀਜ਼ਲ ਤੇ ਬਿਜਲੀ ਨਾਲ ਚੱਲਣ ਵਾਲੇ ਇੰਜਣਾਂ ਲਈ ਇੱਕ ਆਧਾਰ ਬਣਿਆ। ਭਾਵੇਂ ਭਾਰਤ ਵਿੱਚੋਂ 1985 ਵਿੱਚ ਭਾਫ਼ ਇੰਜਨਾਂ ਨੂੰ ਅਲਵਿਦਾ ਕਹਿ ਦਿੱਤਾ ਗਿਆ। ਉਸਦੀ ਥਾਂ ਡੀਜ਼ਲ ਤੇ ਬਿਜਲੀ ਨਾਲ ਚੱਲਣ ਵਾਲੀਆਂ ਗੱਡੀਆਂ ਨੇ ਲੈ ਲਈ। ਸਟੀਫਸਨ ਨੇ ਭਾਫ਼ ਇੰਜਨ ਦੀ ਕਾਢ 1823 ਵਿੱਚ ਕੱਢੀ ਸੀ। ਰੇਲ ਦੀਆਂ ਲਾਈਨਾਂ ਦੀ ਵਰਤੋਂ ਤਾਂ ਯੂਨਾਨੀ, ਈਸਾ ਮਸੀਹ ਤੋਂ 600 ਵਰ੍ਹੇ ਪਹਿਲਾ ਤੋਂ ਵੀ ਕਰਦੇ ਆ ਰਹੇ ਸਨ ਭਾਵੇਂ ਉਸ ਸਮੇਂ ਇਹ ਲਾਈਨਾ ਲੱਕੜ ਦੀਆਂ ਹੋਇਆ ਕਰਦੀਆਂ ਸਨ। ਪਹਿਲਾ ਪਹਿਲ ਤਾਂ ਭਾਰੀ ਸਮਾਨ ਢੋਣ ਲਈ ਇਨ੍ਹਾਂ ਲਾਈਨਾਂ ਤੇ ਪਹੀਆਂ ਵਾਲੇ ਗੱਡਿਆਂ ਨੂੰ ਧੱਕਣ ਲਈ ਮਨੁੱਖਾਂ ਦਾ ਇਸਤੇਮਾਲ ਕੀਤਾ ਜਾਂਦਾ ਸੀ। ਪਰ ਹੌਲੀ ਹੌਲੀ ਮਨੁੱਖਾਂ ਦੀ ਥਾਂ ਘੋੜਿਆਂ ਨੇ ਲੈ ਲਈ। ਸਮਾਂ ਤਰੱਕੀ ਕਰਦਾ ਗਿਆ ਤੇ ਲੱਕੜ ਦੀਆਂ ਲੀਹਾਂ ਵੀ ਲੋਹੇ ਵਿੱਚ ਬਦਲ ਗਈਆਂ। ਭਾਫ਼ ਇੰਜਣਾਂ ਲਈ ਕੋਇਲਾ ਊਰਜਾ ਦੀ ਵਰਤੋਂ ਸ਼ੁਰੂ ਹੋ ਗਈ। 1820 ਵਿੱਚੋਂ ਇੰਗਲੈਂਡ ਵਿੱਚ ਰੇਲਵੇ ਸਿਸਟਮ ਸ਼ੁਰੂ ਕੀਤਾ ਗਿਆ। ਪਹਿਲੀ ਰੇਲਗੱਡੀ ਸਿਰਫ਼ 6 ਕਿਲੋਮੀਟਰ ਦੂਰੀ ਤੱਕ ਹੀ ਚਲਾਈ ਗਈ। ਫਿਰ ਘੋੜਿਆਂ ਦੀ ਥਾਂ ਇੰਜਣਾਂ ਨੇ ਲੈ ਲਈ। ਅੰਗਰੇਜ਼ਾਂ ਨੇ ਭਾਰਤ ਵਿੱਚੋਂ ਕੱਚਾ ਮਾਲ ਲੈ ਕੇ ਜਾਣਾ ਸੀ ਤੇ ਉਥੋਂ ਦੀਆਂ ਫੈਕਟਰੀਆਂ ਦਾ ਬਣਿਆ ਮਾਲ ਭਾਰਤ ਵਿੱਚ ਪੁਚਾਉਣਾ ਸੀ ਇਸ ਲਈ ਭਾਰਤ ਵਿਚ ਵੀ ਰੇਲਵੇ ਸਿਸਟਮ ਇਸ ਨੀਅਤ ਨਾਲ ਸ਼ੁਰੂ ਕੀਤਾ ਗਿਆ। 16 ਅਪ੍ਰੈਲ 1853 ਨੂੰ ਪਹਿਲੀ ਰੇਲਗੱਡੀ ਮੁੰਬਈ ਤੋਂ ਥਾਣੇ ਤਕ ਚਲਾਈ ਗਈ ਇਸ ਵਿੱਚ 14 ਬੋਗੀਆਂ ਸਨ ਤੇ ਇਸ ਨੇ 21 ਮੀਲ ਦੀ ਦੂਰੀ 45 ਮਿੰਟਾਂ ਵਿੱਚ ਤੈਅ ਕੀਤੀ। ਭਾਰਤ ਦਾ ਆਧੁਨਿਕੀਕਰਨ ਰੇਲਵੇ ਨਾਲ ਜੁੜਿਆ ਹੋਇਆ ਹੈ। ਪੰਜਾਬ ਦੇ ਪਿੰਡਾਂ ਵਿੱਚ ਟੋਕਾ ਮਸ਼ੀਨਾਂ, ਕੋਹਲੂ, ਆਟਾ ਚੱਕੀਆਂ, ਘੁਲਾੜੀਆਂ ਤੇ ਆਰਿਆਂ ਦੀ ਆਮਦ 1860 ਵਿੱਚ ਚੱਲੀ ਲਾਹੌਰ ਦਿੱਲੀ ਰੇਲ ਗੱਡੀ ਕਾਰਨ ਹੀ ਸੰਭਵ ਹੋ ਸਕੀ।

ਉਪਰੋਕਤ ਗੱਲਾਂ ਦੀ ਜਾਣਕਾਰੀ ਲੈਣ ਤੋਂ ਬਾਅਦ ਪਾਵੇਲ ਮੈਨੂੰ ਕਹਿਣ ਲੱਗਿਆ, "ਡੈਡੀ ਜੀ ਰੇਲ ਗੱਡੀਆਂ ਉਡਦੀਆਂ ਕਿਉਂ ਨਹੀਂ?" ਵਿਦਿਆਰਥੀਓ, ਤੁਹਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਸੰਸਾਰ ਵਿੱਚ ਵਾਪਰਨ ਵਾਲੀ ਹਰ ਘਟਨਾ ਪਿੱਛੇ ਕੋਈ ਨਾ ਕੋਈ ਵਿਗਿਆਨਕ ਨਿਯਮ ਹੁੰਦਾ ਹੈ। ਉਹ ਵਿਦਿਆਰਥੀ ਹੀ ਜ਼ਿੰਦਗੀ ਵਿੱਚ ਵਧੀਆ ਇਨਸਾਨ ਬਣ ਸਕਦਾ ਹੈ ਜਿਸ ਵਿੱਚ ਵੱਧ ਤੋਂ ਵੱਧ ਸੁਆਲ ਪੁੱਛਣ ਤੇ ਪੈਦਾ ਕਰਨ ਦੀ ਸਮਝ ਹੋਵੇ। ਤੈਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਰੇਲ ਗੱਡੀਆਂ ਨੇ ਲੀਹਾਂ ਤੇ ਹੀ ਚੱਲਣਾ ਹੁੰਦਾ ਇਸ ਲਈ ਯਤਨ ਕੀਤਾ ਜਾਂਦਾ ਹੈ ਕਿ ਇਨ੍ਹਾਂ ਲੀਹਾਂ ਦੀ ਧਰਤੀ ਦੇ ਕੇਂਦਰ ਤੋਂ ਦੂਰੀ ਬਰਾਬਰ ਹੀ ਰੱਖੀ ਜਾਵੇ। ਇਸ ਕੰਮ ਲਈ ਲੇਬਲ ਦੀ ਵਰਤੋਂ ਕੀਤੀ ਜਾਂਦੀ ਹੈ। ਹਰੇਕ ਉੱਚੀ ਥਾਂ ਦੀ ਧਰਤੀ ਦੇ ਕੇਂਦਰ ਤੋਂ ਦੂਰੀ ਵੱਧ ਜਾਂਦੀ ਹੈ ਇਸ ਲਈ ਰੇਲ ਇੰਜਣ ਨੂੰ ਉਚੇ ਥਾਂ ਤੇ ਜਾਣ ਲਈ ਵੱਧ ਸ਼ਕਤੀ ਲਾਉਣੀ ਪੈਂਦੀ ਹੈ। ਤੈਨੂੰ ਸ਼ਾਇਦ ਇਸ ਗੱਲ ਦਾ ਨਾ ਪਤਾ ਹੋਵੇ ਕਿ ਗੁਰੂਤਾ ਖਿੱਚ ਬ੍ਰਹਿਮੰਡ ਦੀ ਸਭ ਤੋਂ ਵੱਡੀ ਸ਼ਕਤੀ ਹੈ। ਸਮੁੱਚੇ ਬ੍ਰਹਿਮੰਡ ਵਿਚਲੀਆਂ ਗਲੈਕਸੀਆ, ਤਾਰੇ, ਗ੍ਰਹਿ, ਉਪਗ੍ਰਹਿ ਤੇ ਉਲਕਾਪਾਤ ਇਸ ਨਿਯਮ ਕਰਕੇ ਹੋਂਦ ਵਿੱਚ ਆਉਂਦੇ ਹਨ ਤੇ ਨਸ਼ਟ ਵੀ ਇਸੇ ਨਿਯਮ ਕਰਕੇ ਹੁੰਦੇ ਹਨ। ਇਸ ਨਿਯਮ ਨੂੰ ਬਣਾਉਣ ਵਾਲੀ ਨਾ ਕੋਈ ਤਾਕਤ ਹੈ ਤੇ ਨਾ ਹੀ ਇਸ ਨਿਯਮ ਨੂੰ ਨਸ਼ਟ ਕਰਨ ਵਾਲੀ ਕੋਈ ਸ਼ਕਤੀ ਹੋਵੇਗੀ। ਇਹ ਨਿਯਮ ਸਦਾ ਸੀ ਤੇ ਸਦਾ ਰਹੇਗਾ। ਗੁਰੂਤਾ ਖਿੱਚ ਦੇ ਸਮਾਨ ਅੰਤਰ ਕੰਮ ਕਰਨ ਵੇਲੇ ਤਾਂ ਕੋਈ ਬਲ ਨਹੀਂ ਲੱਗਦਾ ਸਿਰਫ਼ ਰਗੜ ਹੀ ਘਟਾਉਣੀ ਹੁੰਦੀ ਹੈ। ਇਸ ਲਈ ਇੱਕ ਕੁੱਲੀ ਹੀ ਰੇਲਗੱਡੀ ਦੇ ਇੱਕ ਡੱਬੇ ਨੂੰ ਧੱਕ ਕੇ ਇੱਕ ਥਾਂ ਤੋਂ ਦੂਜੇ ਥਾਂ ਤੇ ਲੈ ਜਾਂਦਾ ਹੈ। ਪਰ ਜੇ ਤੁਸੀਂ ਗੱਡੀ ਨੂੰ ਗੁਰੂਤਾ ਖਿੱਚ ਦੇ ਉਲਟ ਉਪਰ ਨੂੰ ਲੈ ਕੇ ਜਾਣਾ ਹੈ ਤਾਂ ਬਹੁਤ ਸ਼ਕਤੀ ਤੇ ਸਪੀਡ ਚਾਹੀਦੀ ਹੈ। ਹੁਣ ਜੇ ਰੇਲ ਗੱਡੀਆਂ ਉੱਡਣ ਵਾਲੀਆਂ ਬਣਾਉਣੀਆਂ ਹਨ ਤਾਂ ਇਨ੍ਹਾਂ ਦੇ ਇੰਜਣਾਂ ਦੀ ਸ਼ਕਤੀ ਤੇ ਬਣਤਰ ਬਦਲਣੀ ਪਵੇਗੀ। ਇਸ ਕੰਮ ਲਈ ਵਿਗਿਆਨ ਦੇ ਹੋਰ ਨਿਯਮਾਂ ਦੀ ਵਰਤੋਂ ਕਰਨੀ ਪਵੇਗੀ। ਇਸ ਤਰ੍ਹਾਂ ਹਵਾਈ ਜਹਾਜ਼ ਬਹੁਤ ਸਾਰੇ ਵਿਗਿਆਨਕ ਨਿਯਮਾਂ ਦਾ ਇਸਤੇਮਾਲ ਕਰਕੇ ਸਵਾਰੀਆਂ ਤੇ ਮਾਲ ਨੂੰ ਇੱਕ ਥਾਂ ਤੋਂ ਦੂਜੇ ਥਾਂ ਤੇ ਲੈ ਜਾਣ ਲਈ ਬਣਾਏ ਗਏ ਹਨ।

ਪਲੇਟਫਾਰਮ ਤੇ : ਐਤਵਾਰ ਨੂੰ ਅਸੀਂ ਗੱਡੀ ਦੇ ਸਮੇਂ ਤੋਂ ਘੰਟਾ ਪਹਿਲਾ ਹੀ ਸਟੇਸ਼ਨ ਨੂੰ ਪੈਦਲ ਹੀ ਤੁਰ ਪਏ। ਮੇਰਾ ਇਰਾਦਾ ਪਲੇਟ ਫਾਰਮ



ਤੇ ਪੁੱਜਣ ਤੋਂ ਪਹਿਲਾ ਉਨ੍ਹਾਂ ਨੂੰ ਲੀਹਾਂ ਵਿਖਾਉਣ ਦਾ ਸੀ। ਲੀਹ ਦੇ ਆਲੇ ਦੁਆਲੇ ਪੱਥਰ ਦੇ ਵੱਟਿਆਂ ਦੇ ਢੇਰ ਨੂੰ ਵੇਖ ਕੇ ਉਹ ਪੁੱਛਣ ਲੱਗਿਆ ਇਹ ਕਿਉਂ ਹਨ ? ਮੈਂ ਉਸਨੂੰ ਕਿਹਾ ਕਿ ਕੀ ਤੂੰ ਸਾਈਕਲ ਦੀ ਕਾਠੀ ਹੇਠਾਂ ਸਪਰਿੰਗ ਲੱਗੇ ਵੇਖੇ ਹਨ। ਇਹ ਪੱਥਰ ਵੀ ਰੇਲਗੱਡੀ ਦੇ ਸਪਰਿੰਗ ਹੀ ਹਨ। ਇਹ ਗੱਡੀ ਦੁਆਰਾ ਪੈਦਾ ਕੀਤੀ ਧਮਕ ਨੂੰ ਚੂਸਦੇ ਹਨ ਇਸ ਲਈ ਉਸਦੇ ਰੌਲੇ ਨੂੰ ਘਟਾਉਂਦੇ ਹਨ। ਯਾਤਰੀਆਂ ਦੇ ਅਰਾਮਦਾਇਕ ਸਫ਼ਰ ਲਈ ਵੀ ਇਹ ਜ਼ਰੂਰੀ ਹਨ। ਅਗਲੀ ਗੱਲ ਜਿਸ ਬਾਰੇ ਉਸਨੂੰ ਜਾਣਕਾਰੀ ਦੇਣੀ ਬਣਦੀ ਸੀ ਉਹ ਲੀਹਾਂ ਵਿੱਚ ਪਏ ਕੱਟਾਂ ਬਾਰੇ ਸੀ। ਹਰ ਤੀਹ ਚਾਲੀ ਫੁੱਟ ਬਾਅਦ ਥੋੜ੍ਹੀ ਜਿਹੀ ਥਿੱਥ ਲੀਹਾਂ, ਵਿੱਚ ਪਾਈ ਹੋਈ ਸੀ। ਮੈਂ ਉਸਤੋਂ ਇਸਦਾ ਕਾਰਨ ਪੁੱਛਿਆ ਤਾਂ ਉਹ ਦੱਸ ਨਾ ਸਕਿਆ। ਭਾਵੇਂ ਇਹ ਉਸਨੇ ਆਪਣੇ ਸਕੂਲ ਦੇ ਸਿਲੇਬਸ ਵਾਲੀ ਕਿਤਾਬ ਵਿੱਚ ਵੀ ਪੜ੍ਹਿਆ ਸੀ। ਅਸਲ ਵਿੱਚ ਸਾਡੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਕਿਤਾਬਾਂ ਪੜ੍ਹਾ ਕੇ ਇਮਤਿਹਾਨ ਪਾਸ ਕਰਵਾਏ ਜਾਂਦੇ ਹਨ ਪਰ ਇਹ ਗੱਲਾਂ ਉਨ੍ਹਾਂ ਨੂੰ ਉਨ੍ਹਾਂ ਦੀ ਜ਼ਿੰਦਗੀ ਵਿੱਚ ਵਰਤਣਾ ਨਹੀਂ ਸਿਖਾਇਆ ਜਾਂਦਾ। ਇਸ ਲਈ ਉਹ ਸਾਇੰਸ ਪੜ੍ਹ ਤਾਂ ਜਾਂਦੇ ਹਨ ਪਰ ਸਾਇੰਸ ਪੜ੍ਹਨ ਦੀ ਬਜਾਏ ਸਿੱਖਣੀ ਚਾਹੀਦੀ ਹੈ। ਮੈਂ ਉਸਨੂੰ ਕਿਹਾ ਕਿ ਲੋਹਾ ਗਰਮੀਆਂ ਦੇ ਮੌਸਮ ਵਿੱਚ ਫੈਲਦਾ ਹੈ ਤੇ ਸਰਦੀਆਂ ਦੇ ਮੌਸਮ ਵਿੱਚ ਸੁੰਗੜਦਾ ਹੈ। ਇਸ ਲਈ ਜੇ ਲੀਹਾਂ ਵਿੱਚ ਕੱਟ ਨਾ ਪਾਏ ਤਾਂ ਇਹ ਗਰਮ ਹੋਕੇ ਵਿੰਗੀਆਂ ਹੋ ਜਾਣਗੀਆਂ। ਸਿੱਟੇ ਵਜੋਂ ਇਸ ਉਪਰ ਲੰਘਣ ਵਾਲੀਆਂ ਰੇਲ ਗੱਡੀਆਂ ਨੇ ਉਲਟ ਜਾਣਾ ਹੈ।

ਕਿਸੇ ਹੋਰ ਗੱਡੀ ਦੇ ਆਉਣ ਲਈ ਸਿਗਨਲ ਹੋ ਗਿਆ ਸੀ। ਮੈਂ ਬੱਚਿਆਂ ਨੂੰ ਗੱਡੀ ਦੀ ਕੂਕ ਦੀ ਆਵਾਜ਼ ਸੁਣਨ ਲਈ ਕਿਹਾ। ਜਦੋਂ ਗੱਡੀ ਸਾਡੇ ਵੱਲ ਆ ਰਹੀ ਸੀ ਤਾਂ ਆਵਾਜ਼ ਤਿਖੀ ਤੇ ਵੱਧਦੀ ਹੋਈ ਜਾਪ ਰਹੀ ਸੀ ਤੇ ਸਾਥੋਂ ਦੂਰ ਜਾਣ ਸਮੇਂ ਇਹ ਕੂਕ ਮੱਧਮ ਤੇ ਨੀਵੀਂ ਹੁੰਦੀ ਜਾਪ ਰਹੀ ਸੀ। ਉਨ੍ਹਾਂ ਨੇ ਇਹ ਗੱਲ ਮਹਿਸੂਸ ਕੀਤੀ ਤੇ ਇਸ ਦਾ ਕਾਰਨ ਵੀ ਜਾਨਣਾ ਚਾਹਿਆ। ਇਸਦਾ ਕਾਰਨ ਬਰਨੌਲੀ ਦਾ ਸਿਧਾਂਤ ਸੀ ਜਿਸ ਅਨੁਸਾਰ ਜਦੋਂ ਕੋਈ ਧੁਨੀ ਊਰਜਾ ਦਾ ਸਰੋਤ ਸਾਡੇ ਵੱਲ ਆਉਂਦਾ ਹੈ ਤਾਂ ਉਸਦੀ ਧੁਨੀ ਤਿਖੀ ਤੇ ਤੇਜ਼ ਹੁੰਦੀ ਜਾਪਦੀ ਹੈ ਤੇ ਜਦੋਂ ਇਹ ਧੁਨੀ ਸਰੋਤ ਸਾਥੋਂ ਦੂਰ ਜਾਂਦਾ ਹੈ ਤਾਂ ਇਸਦੇ ਉਲਟ ਹੁੰਦਾ ਹੈ। ਵਿਦਿਆਰਥੀਆਂ ਨੂੰ ਮੈਂ ਦੱਸਿਆ ਕਿ ਸਾਡੇ ਬ੍ਰਹਿਮੰਡ ਵਿੱਚ ਸਾਰੀਆਂ ਗਲੈਕਸੀਆਂ ਇੱਕ ਦੂਜੇ ਤੋਂ ਦੂਰ ਜਾ ਰਹੀਆਂ ਹਨ ਇਸਦਾ ਪਤਾ ਵੀ ਉਨ੍ਹਾਂ ਦੀਆਂ ਪ੍ਰਕਾਸ਼ ਤਰੰਗਾਂ ਤੋਂ ਹੀ ਲੱਗਦਾ ਹੈ।

ਅਸੀਂ ਜਦੋਂ ਰੇਲ ਦੀਆਂ ਲੀਹਾਂ ਕੋਲ ਖੜ੍ਹੇ ਸਾਂ ਤਾਂ ਸਾਨੂੰ ਰੇਲ ਲੰਘਣ ਸਮੇਂ ਇੱਕ ਖਿੱਚ ਵੀ ਮਹਿਸੂਸ ਹੋਈ ਹੈ। ਇਸਦਾ ਕਾਰਨ ਵੀ ਉਪਰੋਕਤ ਸਿਧਾਂਤ ਸੀ। ਗੱਡੀ ਲੰਘਣ ਸਮੇਂ ਗੱਡੀ ਲੰਘਣ ਵਾਲੀ ਥਾਂ ਤੇ ਦਬਾਉ ਘੱਟ ਜਾਂਦਾ ਹੈ ਇਸ ਲਈ ਖਿਚਾਉ ਮਹਿਸੂਸ ਹੋਣ ਦਾ ਕਾਰਨ ਵੀ ਇਹ ਹੀ ਹੁੰਦਾ ਹੈ।

ਗੱਡੀ ਲੰਘਣ ਤੋਂ ਕੁਝ ਸਮਾਂ ਪਹਿਲਾ ਦੋ ਸ਼ਰਾਰਤੀ ਬੱਚਿਆਂ ਨੇ ਇੱਕ ਦਸ ਪੈਸੇ ਦਾ ਸਿੱਕਾ ਲੀਹ ਦੇ ਉਪਰ ਰੱਖ ਦਿੱਤਾ। ਗੱਡੀ ਲੰਘਣ ਤੋਂ ਬਾਅਦ ਅਸੀਂ ਵੇਖਿਆ ਕਿ ਇਹ ਸਿੱਕਾ ਵੱਡਾ ਸਾਰਾ ਬਣ ਗਿਆ ਸੀ। ਮੈਂ ਦੱਸਿਆ ਕਿ ਲੋਹੇ ਦੇ ਸਰੀਆਂ ਦੀਆਂ ਚਾਦਰਾਂ ਇਸ ਤਰ੍ਹਾਂ ਹੀ ਲੋਹੇ ਦੀਆਂ ਰੋਲ ਮਿੱਲਾਂ ਵਿੱਚ ਲੋਹੇ ਨੂੰ ਬੇਲਨਾਂ ਵਿੱਚ ਲੰਘਾ ਕੇ ਬਣਾਈਆਂ ਜਾਂਦੀਆਂ ਹਨ ? ਗੱਡੀਆਂ ਦੀਆਂ ਕਿਸਮਾਂ ਤੇ ਸਪੀਡਾਂ ਬਾਰੇ ਚਲਦੀਆਂ ਗੱਲਾਂ ਰੁਕਣ ਦਾ ਨਾ ਨਹੀਂ ਸੀ ਲੈ ਰਹੀਆਂ ਤੇ ਆਖਰ ਪਾਵੇਲ ਨੇ ਕਿਹਾ ਕਿ ਹੁਣ ਤਾਂ ਚੀਨ ਵਾਲਿਆਂ ਨੇ ਅਜਿਹੀ ਬੁਲਟ ਟ੍ਰੇਨ ਬਣਾ ਲਈ ਹੈ ਜਿਸਦੀ ਸਪੀਡ 574.8 ਕਿਲੋਮੀਟਰ/ਘੰਟਾ ਹੈ।

ਗੱਲਾਂ ਬਾਤਾਂ ਕਰਦੇ ਹੋਏ ਅਸੀਂ ਪਲੇਟ ਫਾਰਮ 'ਤੇ ਪੁੱਜ ਗਏ ਤਾਂ ਸਾਡੀ ਨਿਗਾਹ ਪਲੇਟਫਾਰਮ ਤੇ ਲਿਖੇ ਬਰਨਾਲੇ ਦੇ ਸਾਈਨ ਬੋਰਡ ਤੇ ਪਈ ਉਸ ਉਤੇ ਲਿਖਿਆ ਸੀ ਕਿ ਇਹ ਸਟੇਸ਼ਨ ਸਮੁੰਦਰ ਤਲ ਤੋਂ 303.5 ਮੀਟਰ ਉੱਚਾ ਹੈ। ਅਸਲ ਵਿੱਚ ਅੰਗਰੇਜ਼ਾਂ ਨੇ ਜਦੋਂ ਰੇਲ ਗੱਡੀਆਂ ਦਾ ਜਾਲ ਵਿਛਾਇਆ ਤਾਂ ਸਭ ਤੋਂ ਪਹਿਲਾ ਉਨ੍ਹਾਂ ਦੀ ਜ਼ਰੂਰਤ ਵੱਖ-ਵੱਖ ਸਥਾਨਾਂ ਦੀ ਸਮੁੰਦਰੀ ਤਲ ਤੋਂ ਉਚਾਈ ਮਾਪਣ ਦੀ ਸੀ। ਇਸ ਕੰਮ ਲਈ ਉਨ੍ਹਾਂ ਨੇ ਬੈਰੋਮੀਟਰਾਂ ਦੀ ਵਰਤੋਂ ਕੀਤੀ ਜੋ ਅਜਿਹਾ ਯੰਤਰ ਹੁੰਦਾ ਹੈ ਜੋ ਕਿਸੇ ਸਥਾਨ 'ਤੇ ਹਵਾ ਦੇ ਦਬਾਓ ਨੂੰ ਮਾਪ ਕੇ ਉਸ ਸਥਾਨ ਦੀ ਸਮੁੰਦਰੀ ਤਲ ਤੋਂ ਉਚਾਈ ਦੱਸਦਾ ਹੈ। ਸਾਡੇ ਪਲੇਟਫਾਰਮ ਤੇ ਪੁੱਜਣ ਦੇ ਦਸ ਮਿੰਟ ਬਾਅਦ ਹੀ ਦਿੱਲੀ ਜਾਣ ਵਾਲੀ ਇੰਟਰਸਿਟੀ ਐਕਸਪ੍ਰੈਸ ਆ ਗਈ। ਬਰਨਾਲੇ ਇਸਦੀ ਠਹਿਰ ਦੋ ਮਿੰਟਾਂ ਦੀ ਹੈ ਇਸ ਲਈ ਅਸੀਂ ਤੁਰੰਤ ਗੱਡੀ ਵਿੱਚ ਚੜ੍ਹ ਗਏ ਤੇ ਆਪਣੀਆਂ ਸੀਟਾਂ ਮੱਲ ਲਈਆਂ। ਕੁਝ ਸਮੇਂ ਬਾਅਦ ਗੱਡੀ ਨੇ ਸਪੀਡ ਫੜ ਲਈ ਤੇ ਖੜ ਖੜ ਦੀ ਆਵਾਜ਼ ਆਉਣ ਲੱਗ ਪਈ। ਪਾਵੇਲ ਪੁੱਛਣ ਲੱਗਿਆ ਡੈਡੀ ਜੀ ਇਹ ਕਿਸ ਚੀਜ਼ ਦੀ ਆਵਾਜ਼ ਹੈ? ਇਹ ਆਵਾਜ਼ ਤਾਂ ਗੱਡੀ ਦੀਆਂ ਲੀਹਾਂ ਵਿੱਚ ਪਏ ਕੱਟਾਂ ਨਾਲ ਪਹੀਏ ਦੇ ਟਕਰਾਉਣ ਦੀ ਆਵਾਜ਼ ਹੈ। ਪਰ ਜਦੋਂ ਤੂੰ ਧਿਆਨ ਨਾਲ ਗੱਡੀ ਦੀਆਂ ਆਵਾਜ਼ਾਂ ਨੂੰ ਸੁਣੇਗਾ ਤਾਂ ਕਈ ਪ੍ਰਕਾਰ ਦੀਆਂ ਹੋਰ ਆਵਾਜ਼ਾਂ ਵੀ ਤੈਨੂੰ ਸੁਣਾਈ ਦੇਣਗੀਆਂ ? ਜਦੋਂ ਗੱਡੀ ਅੰਡਰ ਬਰਿਜਾਂ ਦੇ ਉਪਰ ਜਾਂ ਓਵਰ ਬਰਿਜ ਦੇ ਥੱਲੇ ਦੀ ਨਿਕਲੇਗੀ ਤਾਂ ਆਵਾਜ਼ਾਂ ਵੱਖ-ਵੱਖ ਹੋਣਗੀਆਂ ਕਿਉਂਕਿ ਪਾਣੀ ਕੋਲੇ ਲੰਘਣ ਤੇ ਧੁਨੀ ਦੀ ਰਫ਼ਤਾਰ ਤੇਜ਼ ਹੋ ਜਾਂਦੀ ਹੈ। ਕਈ ਥਾਂਵਾਂ ਤੇ ਧਰਤੀ ਅੰਦਰ ਭਰੇ ਤਰਲ ਪਦਾਰਥ, ਪਾਣੀ, ਤੇਲ, ਪਿਘਲਿਆਂ ਲੋਹਾ, ਗੰਧਕ ਆਦਿ ਹੁੰਦੇ ਹਨ ਇਨ੍ਹਾਂ ਸਭ ਵਿੱਚ ਧੁਨੀ ਤਰੰਗਾਂ ਦੀ ਰਫ਼ਤਾਰ ਵੱਖ-ਵੱਖ ਹੁੰਦੀ ਹੈ। ਇਹ ਹੀ ਕਾਰਨ ਹੈ ਪੇਂਡੂ ਲੋਕ ਕਿਹਾ ਕਰਦੇ ਹਨ ਕਿ ਸਾਡੇ ਪਿੰਡ ਕੋਲ ਇੱਕ ਥਾਂ ਤੇ ਧਰਤੀ ਬੋਲੀ ਹੈ। ਹਰ ਥਾਂ ਤੇ ਜਿਸ ਤੇ ਗੱਡੀ ਲੰਘਦੀ


# ਵਿਗਿਆਨ ਜੋਤ

**ਨੂੰ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।**

*'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।*

**ਪੰਜ ਪਾਠਕ** ਬਣਾਉਣ ਵਾਲੇ ਨੂੰ

*70 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ

*160 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ

*340 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ

*1000 ਰੁਪਏ ਮੁੱਲ ਦੀਆਂ ਕਿਤਾਬਾਂ ਅਤੇ ਇੱਕ ਪ੍ਰਸ਼ੰਸਾ ਪੱਤਰ*
ਇਨਾਮ ਵਜੋਂ ਭੇਜੇ ਜਾਣਗੇ।

**ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :**

*ਅਮਿੱਤ ਮਿੱਤਰ*
*ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,*
*ਬਰਨਾਲਾ - 148101 (ਪੰਜਾਬ)*

**ਨੋਟ** ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਜੋ ਉਪਲੱਬਧ ਹੋਣਗੀਆਂ ਹੀ ਮਿਲਣਗੀਆਂ।
✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।
✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

ਹੈ ਉਸਦੀ ਆਵਾਜ਼ ਧਰਤੀ ਦੀ ਅੰਦਰੂਨੀ ਬਣਤਰ ਬਾਰੇ ਕੁਝ ਨਾ ਕੁਝ ਕਹਿੰਦੀ ਹੈ। ਧਰਤੀ ਤੇ ਬਹੁਤ ਸਾਰੇ ਵਿਗਿਆਨਕ ਧਰਤੀ ਦੀ ਅੰਦਰੂਨੀ ਬਣਤਰ ਦਾ ਆਵਾਜ਼ਾਂ ਰਾਹੀਂ ਅਧਿਐਨ ਕਰਦੇ ਹਨ।

ਅਮਨ ਸ਼ਰਾਰਤੀ ਲੜਕਾ ਹੈ। ਖਿੜਕੀ ਵਾਲੀ ਸੀਟ ਉਸਨੇ ਰੋਕੀ ਹੋਈ ਸੀ। ਇੱਕ ਸਥਾਨ ਤੇ ਉਸਨੇ ਇਸ਼ਾਰਾ ਕਰਨ ਲਈ ਆਪਣਾ ਹੱਥ ਬਾਹਰ ਕੱਢਿਆ ਤਾਂ ਮੈਂ ਉਸਨੂੰ ਇਸ ਗੱਲੋਂ ਰੋਕਿਆ ਤੇ ਦੱਸਿਆ ਕਿ ਜਦੋਂ ਅਸੀਂ ਗੱਡੀ ਵਿੱਚ ਸਫ਼ਰ ਕਰ ਰਹੇ ਹੁੰਦੇ ਹਾਂ ਤਾਂ ਸਾਡੇ ਅੰਗਾਂ ਦੀ ਤੇ ਪੂਰੇ ਸਰੀਰ ਦੀ ਰਫਤਾਰ ਗੱਡੀ ਜਿੰਨੀ ਹੁੰਦੀ ਹੈ। ਜੇ ਗੱਡੀ 108 ਕਿਲੋਮੀਟਰ/ਘੰਟੇ ਦੀ ਸਪੀਡ ਨਾਲ ਚੱਲ ਰਹੀ ਹੈ ਜੋ ਕਿ ਐਕਸਪ੍ਰੈਸ ਗੱਡੀਆਂ ਲਈ ਆਮ ਸਪੀਡ ਹੈ ਤਾਂ ਵੀ ਸਾਡਾ ਸਰੀਰ ਇੱਕ ਸੈਕਿੰਡ ਵਿੱਚ 30 ਮੀਟਰ ਦੂਰ ਚਲਿਆ ਜਾਂਦਾ ਹੈ। ਸਿਰਫ਼ 'ਇੱਕ' ਸ਼ਬਦ ਮੂੰਹੋਂ ਉਚਾਰਣ ਤੇ ਅਸੀਂ ਦਸ ਮੀਟਰ ਦੂਰ ਪੁੱਜ ਜਾਵਾਂਗੇ। ਜੇ ਖਿੜਕੀ ਦੇ ਨੇੜੇ ਕੋਈ ਬਿਜਲੀ ਦਾ ਪੋਲ ਜਾਂ ਸਿਗਨਲ ਹੋਇਆ ਤਾਂ ਸਾਨੂੰ ਹੱਥ ਅੰਦਰ ਲੈ ਜਾਣ ਦਾ ਸਮਾਂ ਨਹੀਂ ਮਿਲੇਗਾ ਤੇ ਸਾਡਾ ਹੱਥ ਸਾਡੇ ਸਰੀਰ ਤੋਂ ਵੱਖ ਹੋਵੇਗਾ। ਕਈ ਵਾਰ ਖਿੜਕੀਆਂ ਵਿੱਚ ਖੜ੍ਹੇ ਲੋਕ, ਅਤੇ ਗੱਡੀਆਂ ਦੇ ਉਪਰ ਸਫਰ ਕਰ ਰਹੇ ਲੋਕ, ਇਸ ਤਰ੍ਹਾਂ ਹੀ ਮੌਤ ਦੇ ਮੂੰਹ ਜਾ ਪੈਂਦੇ ਹਨ। ਇਸ ਲਈ ਜੇ ਤੁਸੀਂ ਕੋਈ ਚੀਜ਼ ਡੱਬੇ ਵਿੱਚੋਂ ਬਾਹਰ ਸੁੱਟਦੇ ਹੋ ਤਾਂ ਉਹ ਵੀ ਇਸ ਸਪੀਡ ਨਾਲ ਬਾਹਰ ਖੜ੍ਹੀ ਚੀਜ਼ ਨਾਲ ਟਕਰਾਵੇਗੀ। ਅਤੇ ਇਸ ਤਰ੍ਹਾਂ ਬਾਹਰ ਖੜ੍ਹਾ ਕੋਈ ਵਿਅਕਤੀ ਅੰਦਰੋਂ ਸੁੱਟੀ ਚੀਜ਼ ਨਾਲ ਜ਼ਖ਼ਮੀ ਹੋ ਸਕਦਾ ਹੈ ਜਾਂ ਮਰ ਵੀ ਸਕਦਾ ਹੈ।

ਗੱਡੀ ਦੇ ਡੱਬੇ ਵਿੱਚ ਲਿਖਿਆ ਸੀ ਕਿ ਕੋਈ ਵੀ ਬਲਣਸ਼ੀਲ ਗੈਸ, ਪੈਟਰੋਲ ਜਾਂ ਤੇਲ ਆਦਿ ਲੈ ਕੇ ਗੱਡੀ ਵਿੱਚ ਸਫ਼ਰ ਕਰਨਾ ਮਨਾ ਹੈ। ਇਸਦਾ ਵੀ ਕਾਰਨ ਹੈ ਕਿ ਇਨ੍ਹਾਂ ਵਿੱਚੋਂ ਜੇ ਕੋਈ ਚੀਜ਼ ਦੁਰਘਟਨਾ ਸਮੇਂ ਅੱਗ ਫੜ੍ਹ ਲਵੇਗੀ ਤਾਂ ਗੱਡੀ ਜਿੰਨੀ ਸਪੀਡ ਨਾਲ ਚੱਲਦੀ ਹੈ ਉਸੇ ਸਪੀਡ ਨਾਲ ਹਵਾ ਵੀ ਉਸ ਨਾਲ ਟਕਰਾਉਂਦੀ ਹੈ। ਇਸ ਲਈ ਇਹ ਉਸੇ ਤਰ੍ਹਾਂ ਹੁੰਦਾ ਹੈ ਜਿਵੇਂ ਅਸੀਂ ਚੁੱਲੇ ਵਿੱਚ ਫੂਕਾਂ ਮਾਰਦੇ ਹਾਂ ਕਿਉਂਕਿ ਇਸ ਨਾਲ ਬਲਣਸੀਲ ਚੀਜ਼ਾਂ ਨੂੰ ਆਕਸੀਜਨ ਦੀ ਸਪਲਾਈ ਵੱਧ ਜਾਂਦੀ ਹੈ। ਇਸ ਤਰ੍ਹਾਂ ਚੀਜ਼ ਤੇਜ਼ੀ ਨਾਲ ਬਲਣੀ ਸ਼ੁਰੂ ਹੋ ਜਾਂਦੀ ਹੈ। ਹਵਾ ਦੀ ਸਪੀਡ ਬਲਣਸ਼ੀਲ ਪਦਾਰਥ ਨੂੰ ਖਿੰਡਾ ਵੀ ਦਿੰਦੀ ਹੈ ਜਿਵੇਂ ਜਲ ਰਹੀ ਅੱਗ ਤੇ ਫੂਕਾਂ ਮਾਰਨ ਸਮੇਂ ਹੁੰਦਾ ਹੈ ਉਸ ਵਿੱਚੋਂ ਚੰਗਿਆੜੀਆਂ ਦੂਰ ਦੂਰ ਤੱਕ ਫੈਲ ਜਾਂਦੀਆਂ ਹਨ ਤੇ ਛੇਤੀ ਹੀ ਅੱਗ ਪੂਰੇ ਡੱਬੇ ਜਾਂ ਕਈ ਡੱਬਿਆ ਤੱਕ ਫੈਲ ਸਕਦੀ ਹੈ। ਤੁਹਾਡੇ ਦੁਆਰਾ ਲਿਜਾਇਆ ਜਾ ਰਿਹਾ ਅਜਿਹਾ ਪਦਾਰਥ ਸੈਂਕੜੇ ਵਿਅਕਤੀਆਂ ਲਈ ਮੌਤ ਦਾ ਕਾਰਨ ਬਣ ਸਕਦਾ ਹੈ।

ਬਰੇਕਾਂ ਲੱਗਣ ਸਮੇਂ ਅੱਗੇ ਵੱਲ ਨੂੰ ਡਿੱਗਣ ਦਾ ਕਾਰਨ ਵੀ ਹੁੰਦਾ ਹੈ ਕਿਉਂਕਿ ਸਾਡਾ ਸਰੀਰ ਗੱਡੀ ਦੀ ਸਪੀਡ ਨਾਲ ਜਾ ਰਿਹਾ ਹੁੰਦਾ ਹੈ ਪਰ ਗੱਡੀ ਦੇ ਫਰਸ ਦੀ ਸਪੀਡ ਘੱਟ ਹੋ ਜਾਂਦੀ ਹੈ ਇਸ ਲਈ ਖੜ੍ਹਾ ਵਿਅਕਤੀ ਅੱਗੇ ਨੂੰ ਡਿਗਦਾ ਹੈ। ਬੱਸਾਂ ਵਿੱਚ ਤਾਂ ਮੈਂ ਇੱਕ ਅਜਿਹਾ ਵਿਅਕਤੀ ਮੌਤ ਦੇ ਮੂੰਹ ਵਿੱਚ ਜਾਂਦਾ ਵੀ ਵੇਖਿਆ ਹੈ। ਉਹ ਅਗਲੀ ਡਰਾਈਵਰ ਦੇ ਬਰਾਬਰ ਵਾਲੀ ਸੀਟ ਕੋਲ ਖੜ੍ਹਾ ਸੀ। ਡਰਾਈਵਰ ਨੂੰ ਅਚਾਨਕ ਹੀ ਬਰੇਕ ਲਾਉਣੇ ਪਏ ਜਿਸ ਨਾਲ ਉਹ ਬੱਸ ਦਾ ਸ਼ੀਸ਼ਾ ਤੋੜ ਕੇ ਬਾਹਰ ਜਾ ਡਿੱਗਿਆ ਤੇ ਉਸਦੀ ਮੌਤ ਹੋ ਗਈ।

ਪਾਵੇਲ ਦਾ ਅਗਲਾ ਸੁਆਲ ਗੱਡੀ ਵਿੱਚ ਬਿਜਲੀ ਦੀ ਸਪਲਾਈ ਬਾਰੇ ਸੀ। ਗੱਡੀਆਂ ਦੇ ਇੰਜਣਾਂ ਨੂੰ ਚਲਾਉਣ ਲਈ ਬਿਜਲੀ ਤਾਂ ਏ.ਸੀ. ਹੁੰਦੀ ਹੈ। ਇਸ ਲਈ ਗੱਡੀ ਦੀਆਂ ਲੀਹਾਂ ਤੋਂ ਕੁਝ ਦੂਰੀ ਤੇ ਖੰਭੇ ਖੜ੍ਹੇ ਹੁੰਦੇ ਹਨ। ਗੱਡੀ ਦੇ ਉਪਰ ਬਿਜਲੀ ਰੀਸੀਵ ਕਰਨ ਲਈ ਸਪਰਿੰਗਾਂ ਵਾਲੀਆਂ ਖੜ੍ਹੀਆਂ ਤਾਰਾਂ ਹੁੰਦੀਆਂ ਹਨ ਜਿਹੜੀਆਂ ਲਗਾਤਾਰ ਬਿਜਲੀ ਸਪਲਾਈ ਬਾਹਰਲੀਆਂ ਲਾਈਨਾਂ ਤੋਂ ਲੈ ਕੇ ਇੰਜਣ ਨੂੰ ਦਿੰਦੀਆਂ ਰਹਿੰਦੀਆਂ ਹਨ ਕਿਉਂਕਿ ਇਸ ਕੰਮ ਲਈ ਜ਼ਿਆਦਾ ਬਿਜਲੀ ਦੀ ਲੋੜ ਹੁੰਦੀ ਹੈ ਜੋ ਬਾਹਰੋਂ ਹੀ ਸਪਲਾਈ ਹੋ ਸਕਦੀ ਹੈ। ਅੰਦਰੂਨੀ ਬਿਜਲੀ ਜੋ ਘੱਟ ਮਾਤਰਾ ਵਿੱਚ ਲੋੜੀਂਦੀ ਹੁੰਦੀ ਹੈ ਉਹ ਡਾਇਨਮੋ ਰਾਹੀਂ ਪ੍ਰਾਪਤ ਕੀਤੀ ਜਾਂਦੀ ਹੈ। ਡੱਬੇ ਦੇ ਪਹੀਏ ਦੇ ਨਜ਼ਦੀਕ ਲੱਗੇ ਡਾਇਨਮੋ ਬਿਜਲੀ ਪੈਦਾ ਕਰਦੇ ਰਹਿੰਦੇ ਹਨ ਤੇ ਇਸ ਨਾਲ ਗੱਡੀ ਦੇ ਇਨਵਰਟਰ ਚਾਰਜ ਹੁੰਦੇ ਰਹਿੰਦੇ ਹਨ। ਇਸ ਤਰ੍ਹਾਂ ਗੱਡੀ ਵਿੱਚ ਲਾਈਟਾਂ, ਪੱਖੇ ਤੇ ਏ.ਸੀ. ਚਲਦੇ ਰਹਿੰਦੇ ਹਨ।

"ਡੈਡੀ ਤੁਸੀਂ ਕਹਿੰਦੇ ਹੋ ਕਿ ਬਿਜਲੀ ਇੱਕ ਊਰਜਾ ਹੈ। ਊਰਜਾ ਹਮੇਸ਼ਾ ਪਦਾਰਥ ਦਾ ਹੀ ਰੂਪ ਹੁੰਦੀ ਹੈ। ਹੁਣ ਡਾਇਨਮੋ ਦੇ ਬਿਜਲੀ ਪੈਦਾ ਕਰਨ ਲਈ ਉਸਨੂੰ ਪਦਾਰਥ ਕਿੱਥੋਂ ਮਿਲਿਆ?" ਉਸਦਾ ਇਹ ਸੁਆਲ ਬਹੁਤ ਵਧੀਆ ਸੀ। ਮੈਂ ਦੱਸਿਆ ਕਿ ਇੰਜਣ ਨੂੰ ਅੱਗੇ ਖਿੱਚਣ ਲਈ ਵਰਤੇ ਗਏ ਡੀਜ਼ਲ ਨੇ ਇੰਜਣ ਨੂੰ ਗਤੀ ਦਿੱਤੀ। ਇਸ ਗਤੀ ਨੇ ਡਾਇਨਮੋ ਨੂੰ ਘੁੰਮਣ ਸ਼ਕਤੀ ਦਿੱਤੀ ਤੇ ਘੁੰਮਣ ਸ਼ਕਤੀ ਨੇ ਬਿਜਲੀ ਪੈਦਾ ਕੀਤੀ। ਇਸ ਤਰ੍ਹਾਂ ਇਥੇ ਵੀ ਡੀਜ਼ਲ ਰੂਪੀ ਪਦਾਰਥ ਹੈ ਜੋ ਊਰਜਾ ਵਿੱਚ ਬਦਲਿਆ। ਇਸ ਤਰ੍ਹਾਂ ਸੁਆਲ ਪੁੱਛਦੇ, ਦੱਸਦੇ ਤੇ ਪੈਦਾ ਕਰਦੇ ਅਸੀਂ ਨਵੀਂ ਦਿੱਲੀ ਦੇ ਪਲੇਟ ਫਾਰਮ ਤੇ ਪੁੱਜ ਗਏ। ਪਲੇਟ ਫਾਰਮ 'ਤੇ ਪੁੱਜਣ ਤੇ ਥੱਲੇ ਉਤਰਨ ਵਾਲੇ ਐਲੀਵੇਟਰ ਹੀ ਉਨ੍ਹਾਂ ਦੇ ਧਿਆਨ ਦਾ ਕੇਂਦਰ ਸਨ।

# ਮੈਂ ਨਾਸਤਿਕ ਕਿਉਂ ਹਾਂ ?



ਪਰਮਿੰਦਰ ਕੌਰ

"ਮੈਂ ਨਾਸਤਿਕ ਕਿਉਂ ਹਾਂ ?" ਪੁਸਤਕ ਜੋ ਕਿ 'ਸ਼ਹੀਦ ਭਗਤ ਸਿੰਘ' ਜੀ ਦੁਆਰਾ ਲਿਖੀ ਗਈ ਹੈ, ਇੱਕ ਅਜਿਹੀ ਪੁਸਤਕ ਹੈ, ਜੋ ਸਾਨੂੰ ਰਹੱਸਵਾਦ ਅਤੇ ਫਿਰਕਪੁਣੇ ਤੋਂ ਉੱਪਰ ਉੱਠਣ ਦੀ ਪ੍ਰੇਰਨਾ ਦਿੰਦੀ ਹੈ। ਜਦੋਂ ਭਗਤ ਸਿੰਘ ਨੂੰ ਉਸਦੇ ਦੋਸਤ ਅਹੰਕਾਰੀ ਤੇ ਖੁਦ ਨੂੰ ਪ੍ਰਮਾਤਮਾ ਸਮਝਣ ਵਾਲਾ ਕਹਿੰਦੇ ਹਨ, ਤਾਂ ਉਹ ਉਹਨਾਂ ਨੂੰ ਦਲੀਲ ਦਿੰਦਾ ਹੈ ਕਿ "ਨਾ ਤਾਂ ਉਹ ਪ੍ਰਮਾਤਮਾ ਹੈ ਤੇ ਨਾ ਹੀ ਪ੍ਰਮਾਤਮਾ ਨੂੰ ਮੰਨਦਾ ਹੈ। ਸਵੈ-ਮਾਣ ਕਰਨਾ ਜੇਕਰ ਤੁਹਾਡੀ ਨਜ਼ਰ ਵਿੱਚ ਅਹੰਕਾਰੀ ਹੋਣਾ ਹੈ ਤਾਂ ਮੈਂ ਅਹੰਕਾਰੀ ਹਾਂ, ਮੈਂ ਆਪਣੀ ਨਾਸਤਿਕਤਾ ਨੂੰ ਅਹੰਕਾਰ ਨਹੀਂ, ਸਗੋਂ ਆਪਣਾ ਮਾਣ ਸਮਝਦਾ ਹਾਂ। ਜੇਕਰ ਤੁਸੀਂ ਫਿਰ ਵੀ ਇਸਨੂੰ ਅਹੰਕਾਰ ਸਮਝਦੇ ਹੋ ਤਾਂ ਮੈਂ ਅਹੰਕਾਰੀ ਹਾਂ।" ਉਹ ਆਪਣੀ ਜਾਤੀ ਕਾਰਨ ਮਾਣ ਨਹੀਂ ਕਰਦਾ, ਸਗੋਂ ਇਸ ਬਾਰੇ ਡੂੰਘੇ ਅਧਿਐਨ ਕਰਨ ਤੋਂ ਬਾਅਦ ਦੇ ਗੰਭੀਰ ਸੋਚ ਵਿਚਾਰ ਮਗਰੋਂ ਨਾਸਤਿਕ ਬਣਿਆ ਹੈ। ਉਹ ਸਭ ਤੋਂ ਵੱਡਾ ਧਰਮ ਇਨਸਾਨੀਅਤ ਨੂੰ ਮੰਨਦਾ ਹੈ। ਇਸ ਲਈ ਜਦੋਂ ਉਸਨੇ ਅਸੈਂਬਲੀ ਵਿੱਚ ਬੰਬ ਸੁੱਟਿਆ ਤਾਂ ਉਸਦਾ ਉਦੇਸ਼ ਕਿਸੇ ਨੂੰ ਮਾਰਨਾ ਨਹੀਂ ਸੀ। ਉਸ ਅਨੁਸਾਰ ਜੇਕਰ ਰੱਬ ਹੁੰਦਾ ਤਾਂ ਦੁਨੀਆਂ ਤੇ ਇੰਨੇ ਅੱਤਿਆਚਾਰ ਤੇ ਭ੍ਰਿਸ਼ਟ ਲੋਕ ਨਾ ਹੁੰਦੇ। ਭਗਤ ਸਿੰਘ ਮੰਨਦਾ ਹੈ ਕਿ ਅਸੀਂ ਗੁਲਾਮ ਹਾਂ ਤਾਂ ਸਿਰਫ਼ ਧਰਮ ਕਾਰਨ। ਕਿਉਂਕਿ ਲੋਟੂ ਧਿਰ ਸਾਨੂੰ ਧਰਮ ਦੇ ਨਾਂ ਤੇ ਲੁੱਟਦੀ ਤੇ ਲੜਾ ਰਹੀ ਹੈ ਅਤੇ ਫੁੱਟ ਪਾ ਕੇ ਰਾਜ ਕਰ ਰਹੀ ਹੈ। ਜਦੋਂ ਤੱਕ ਅਸੀਂ ਆਪਣੇ ਆਪ ਨੂੰ ਧਰਮ ਦੀਆਂ ਜ਼ੰਜੀਰਾਂ ਵਿੱਚੋਂ ਨਹੀਂ ਕੱਢ ਲੈਂਦੇ, ਅਸੀਂ ਆਜ਼ਾਦ ਨਹੀਂ ਹੋ ਸਕਦੇ। ਜਦੋਂ ਤੱਕ ਅਸੀਂ ਆਪਣੇ ਆਪ ਨੂੰ ਸਿੱਖ, ਹਿੰਦੂ, ਮੁਸਲਮਾਨ ਕਹਿਣ ਦੀ ਥਾਂ 'ਹਿੰਦੋਸਤਾਨੀ' ਨਹੀਂ ਕਹਿੰਦੇ ਤੇ ਇੱਕ ਜੁੱਟ ਹੋ ਕੇ ਆਜ਼ਾਦੀ ਦੀ ਲੜਾਈ ਨਹੀਂ ਲੜਦੇ, ਤਦ ਤੱਕ ਆਜ਼ਾਦੀ ਨਹੀਂ ਆ ਸਕਦੀ। ਉਹ ਕਹਿੰਦੇ ਹਨ ਕਿ ਇਨਕਲਾਬ ਦਾ ਮਤਲਬ ਸਿਰਫ਼ ਵਿਰੋਧ ਕਰਨਾ ਨਹੀਂ ਬਲਕਿ ਸੁਧਾਰਨਾ ਤੇ ਸਿਰਜਣਾ ਕਰਨਾ ਵੀ ਹੈ। ਅੰਤ ਵਿੱਚ ਉਹ ਨੌਜਵਾਨਾਂ ਨੂੰ ਕਹਿੰਦੇ ਹਨ ਕਿ ਜਦ ਤੱਕ ਧਰਮ ਦੀ ਦਲਦਲ ਵਿੱਚੋਂ ਨਹੀਂ ਨਿਕਲਦੇ ਤਦ ਤੱਕ ਆਜ਼ਾਦੀ ਨਹੀਂ ਮਿਲ ਸਕਦੀ। ਇਨਸਾਨੀਅਤ, ਇਨਕਲਾਬ ਤੇ ਤਰਕਸ਼ੀਲਤਾ ਹੀ ਆਜ਼ਾਦੀ ਤੱਕ ਲੈ ਜਾਵੇਗੀ। ਸੋ ਅੰਤ ਵਿੱਚ ਮੈਂ ਇਹੀ ਕਹਿਣਾ ਚਾਹੁੰਦੀ ਹਾਂ ਕਿ ਭਗਤ ਸਿੰਘ ਨੇ ਜਿਹੜੀ ਆਜ਼ਾਦੀ ਦਾ ਸੁਪਨਾ ਵੇਖਿਆ ਸੀ, ਉਹ ਅਜੇ ਵੀ ਨਹੀਂ ਮਿਲੀ ਤੇ, ਉਹ ਆਜ਼ਾਦੀ ਪ੍ਰਾਪਤ ਕਰਨ ਲਈ ਨਾਸਤਿਕਤਾ ਅਪਣਾਉਣੀ ਵੀ ਜ਼ਰੂਰੀ ਹੈ।

ਸੰਤ ਬਾਬਾ ਅਤਰ ਸਿੰਘ ਸੀਨੀ. ਸੈਕੰ. ਸਕੂਲ,
ਹਰਿਆਊ (ਲਹਿਰਾਗਾਗਾ)

# ਚਿੰਤਾ ਦੇ ਰੋਗੀ



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਚਿੰਤਾਗ੍ਰਸਤ ਹੋਈ ਸੋਨੀਆ ਦਾ ਕਹਿਣਾ ਹੈ ਕਿ, “ਅਕਸਰ ਮੇਰੇ ਦਿਲ ਦੀ ਧੜਕਣ ਬਹੁਤ ਵੱਧ ਜਾਂਦੀ ਹੈ ਅਤੇ ਮੈਨੂੰ ਕੱਚੀਆ ਤ੍ਰੇਲੀਆਂ ਆਉਂਦੀਆਂ ਹਨ। ਮੈਨੂੰ ਔਖਾ ਔਖਾ ਸਾਹ ਆਉਣ ਲਗਦਾ ਹੈ। ਮੇਰੇ ਤੇ ਡਰ ਅਤੇ ਚਿੰਤਾ ਹਾਵੀ ਹੋ ਜਾਂਦੇ ਹਨ ਅਤੇ ਮੈਨੂੰ ਕੁੱਝ ਨਹੀਂ ਸੁੱਝਦਾ। ਚਿੰਤਾ ਕਰਨ ਵਾਲਾ ਇਨਸਾਨ, ਘਬਰਾ ਜਾਂਦਾ ਹੈ ਜਾਂ ਫਿਕਰਾਂ ’ਚ ਡੁੱਬ ਜਾਂਦਾ ਹੈ। ਮਿਸਾਲ ਲਈ ਕੀ ਕਦੇ ਤੁਹਾਨੂੰ ਘਬਰਾਹਟ ਹੋਈ ਹੈ। ਜਦੋਂ ਤੁਹਾਡਾ ਅਜਿਹੇ ਕੁੱਤੇ ਨਾਲ ਸਾਹਮਣਾ ਹੁੰਦਾ ਹੈ ਜੋ ਵੱਢਣ ਨੂੰ ਪੈਂਦਾ ਹੈ? ਅਤੇ ਉਦੋਂ ਕੀ ਹੁੰਦਾ ਹੈ ਜਦੋਂ ਕੁੱਤਾ ਚਲਾ ਜਾਂਦਾ ਹੈ? ਤੁਹਾਡੀ ਚਿੰਤਾ ਅਤੇ ਘਬਰਾਹਟ ਗਾਇਬ ਹੋ ਜਾਂਦੀ ਹੈ, ਹੈ ਨਾ? ਪਰ ਸਮਝਣ ਵਾਲੀ ਗੱਲ ਇਹ ਹੈ ਕਿ ਇਹ ਚਿੰਤਾ ਕਿਸ ਵੇਲੇ ਰੋਗ ਵਿਚ ਬਦਲ ਜਾਂਦੀ ਹੈ?

ਜਦੋਂ ਤੁਸੀਂ ਲਗਾਤਾਰ ਚਿੰਤਾ ਵਿਚ ਡੁੱਬੇ ਰਹਿੰਦੇ ਹੋ ਅਤੇ ਉਦੋਂ ਵੀ ਜਦੋਂ ਚਿੰਤਾ ਕਰਨ ਦਾ ਕੋਈ ਕਾਰਨ ਨਹੀਂ ਹੁੰਦਾ ਤਾਂ ਇਹ ਚਿੰਤਾ ਰੋਗ ਬਣ ਜਾਂਦੀ ਹੈ। ਅਮਰੀਕਾ ਦੀ ਨੈਸ਼ਨਲ ਇਸਟੀਚਿਊਟ ਆਫ ਮੈਂਟਲ ਹੈਲਥ ਅਨੁਸਾਰ : “ਚਿੰਤਾ ਦੇ ਰੋਗ ਨਾਲ ਹਰ ਸਾਲ ਲਗਭਗ ਚਾਰ ਕਰੋੜ ਅਮਰੀਕੀ ਲੋਕ ਪੀੜਤ ਹੁੰਦੇ ਹਨ ਅਤੇ ਇਹਨਾਂ ਦੀ ਉਮਰ 18 ਸਾਲ ਅਤੇ ਇਸ ਤੋਂ ਉਪਰ ਦੀ ਹੁੰਦੀ ਹੈ।” ਸੋਨੀਆ ਦੀ ਉਦਾਹਰਣ ਤੇ ਗੌਰ ਕਰੋ ਜੋ ਹਮੇਸ਼ਾ ਚਿੰਤਾ ਵਿਚ ਡੁੱਬੀ ਰਹਿੰਦੀ ਹੈ। ਇਸ ਤਰ੍ਹਾਂ ਦੀ ਚਿੰਤਾ ਦਾ ਰੋਗੀਆਂ ਉਪਰ ਗੰਭੀਰ ਅਸਰ ਪੈ ਸਕਦਾ ਹੈ। ਸਿਰਫ ਇਹੀ ਨਹੀਂ, ਸਗੋਂ ਉਸ ਦੇ ਪਰਿਵਾਰ ਦੇ ਮੈਂਬਰਾਂ ਉਤੇ ਵੀ ਬੁਰਾ ਅਸਰ ਪੈ ਸਕਦਾ ਹੈ।

ਨੈਸ਼ਨਲ ਇਸਟੀਚਿਊਟ ਆਫ ਮੈਂਟਲ ਹੈਲਥ ਮੁਤਾਬਕ : ਚਿੰਤਾ ਦੇ ਰੋਗ ਦਾ ਇਲਾਜ ਕਰਨ ਦੀਆਂ ਅਸਰਦਾਰ ਥੈਰੇਪੀਆਂ ਮੌਜੂਦ ਹਨ। ਨਾਲੇ ਨਵੀਆਂ ਖੋਜਾਂ, ਇਲਾਜ ਕਰਨ ਦੇ ਨਵੇਂ ਨਵੇਂ ਤਰੀਕੇ ਪਤਾ ਲਗਾ ਰਹੀਆਂ ਹਨ ਜਿਹਨਾਂ ਦੀ ਮੱਦਦ ਨਾਲ ਚਿੰਤਾ ਦੇ ਜ਼ਿਆਦਾਤਰ ਰੋਗੀ ਆਮ ਲੋਕਾਂ ਵਾਂਗ ਕੰਮ ਕਾਜ ਕਰ ਸਕਦੇ ਹਨ। ਪਰਿਵਾਰ ਅਤੇ ਦੋਸਤ ਵੀ ਚਿੰਤਾ ਦੇ ਰੋਗੀਆਂ ਦੀ ਮੱਦਦ ਕਰ ਸਕਦੇ ਹਨ। ਕਿਵੇਂ?



**ਉਹਨਾਂ ਦਾ ਸਾਥ ਦਿਉ** : ਮੋਨਿਕਾ ਦੀ ਲੜਕੀ ਇਸ ਚਿੰਤਾ ਦੇ ਰੋਗ ਨਾਲ ਪੀੜਤ ਹੈ। ਉਹ ਆਪਣੀ ਇਕ ਮੁਸ਼ਕਲ ਬਾਰੇ ਦੱਸਦੀ ਹੈ: ਜਿਆਦਾਤਰ ਲੋਕ ਮੇਰੇ ਜਜ਼ਬਾਤਾਂ ਨੂੰ ਸਮਝ ਨਹੀਂ ਪਾਉਂਦੇ। ਨਤੀਜੇ ਵਜੋਂ, ਚਿੰਤਾ ਦੇ ਰੋਗ ਦੇ ਮਰੀਜ਼ਾਂ ਨੂੰ ਅਕਸਰ ਇਸ ਗੱਲ ਦਾ ਡਰ ਰਹਿੰਦਾ ਹੈ ਕਿ ਦੂਜੇ ਉਸ ਨੂੰ ਗਲਤ ਸਮਝਣਗੇ, ਇਸ ਕਰਕੇ ਉਹ ਦੂਜਿਆਂ ਨੂੰ ਆਪਣੀਆਂ ਸਮੱਸਿਆਵਾਂ ਬਾਰੇ ਦੱਸਦੇ ਨਹੀਂ। ਇਸ ਕਾਰਨ ਉਹ ਦੋਸ਼-ਭਾਵਨਾ ਦੇ ਸ਼ਿਕਾਰ ਹੋ ਸਕਦੇ ਹਨ ਅਤੇ ਉਹਨਾਂ ਦੀ ਹਾਲਤ ਹੋਰ ਵੀ ਵਿਗੜ ਜਾਂਦੀ ਹੈ। ਇਸੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਪਰਿਵਾਰ ਅਤੇ ਦੋਸਤ ਉਸ ਦਾ ਸਾਥ ਦੇਣ।

ਇਸ ਰੋਗ ਬਾਰੇ ਹੋਰ ਜਾਣਿਆ ਜਾਵੇ: ਇਹ ਸੁਝਾਅ ਸ਼ਾਇਦ ਖਾਸ ਕਰਕੇ ਉਹਨਾਂ ਲਈ ਜ਼ਿਆਦਾ ਢੁੱਕਵਾਂ ਹੋਵੇ ਜੋ ਰੋਗੀ ਦੇ ਨਜ਼ਦੀਕ ਹਨ। ਇਹ ਉਸ ਦੇ ਪਰਿਵਾਰ ਦਾ ਕੋਈ ਮੈਂਬਰ ਜਾਂ ਕਰੀਬੀ ਦੋਸਤ ਹੋ ਸਕਦਾ ਹੈ।

ਇਕ ਦੂਜੇ ਨੂੰ ਦਿਲਾਸਾ ਦਿੰਦੇ ਰਹੋ : ਇਕ ਦੂਜੇ ਨੂੰ ਦਿਲਾਸਾ ਦੇ ਕੇ ਮਜਬੂਤ ਕਰਦੇ ਰਹੋ। ਇਹ ਅਸੀਂ ਆਪਣੀਆਂ ਗੱਲਾਂ ਅਤੇ ਬੋਲਣ ਦੇ ਲਹਿਜੇ ਨਾਲ ਕਰ ਸਕਦੇ ਹਾਂ। ਸਾਨੂੰ ਦਿਖਾਉਣ ਦੀ ਲੋੜ ਹੈ ਕਿ ਅਸੀਂ ਆਪਣੇ ਦੋਸਤ ਦੀ ਕਿੰਨੀ ਪਰਵਾਹ ਕਰਦੇ ਹਾਂ ਅਤੇ ਸਾਨੂੰ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਕਹਿਣੀ ਚਾਹੀਦੀ ਜਿਸ ਕਾਰਨ ਉਸ ਨੂੰ ਠੇਸ ਪਹੁੰਚੇ। ਚਿੰਤਾ ਦੇ ਰੋਗੀਆਂ ਦੀਆਂ ਭਾਵਨਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਉਹਨਾਂ ਦੀ ਗੱਲ ਧਿਆਨ ਨਾਲ ਸੁਣੋ। ਉਹਨਾਂ ਦੀ ਹਾਲਤ ਨੂੰ ਉਹਨਾਂ ਦੇ ਨਜ਼ਰੀਏ ਤੋਂ ਸਮਝਣ ਦੀ ਕੋਸ਼ਿਸ਼ ਕਰੋ ਨਾ ਕਿ ਆਪਣੇ ਤੋਂ। ਉਹਨਾਂ ਦੀ ਗੱਲ ਸੁਣਦੇ ਸਮੇਂ ਝੱਟ ਉਹਨਾਂ ਦੀ ਪਰੇਸ਼ਾਨੀਆਂ ਦੀ ਵਜ੍ਹਾ ਦੱਸਣ ਦੀ ਬੱਜਰ ਗਲਤੀ ਨਾ ਕਰੋ। ਇਸ ਤਰ੍ਹਾਂ ਕਰਨ ਨਾਲ ਤੁਸੀਂ ਰੋਗੀ ਦਾ ਹੋਰ ਵੀ ਦੁੱਖ ਵਧਾ ਦਿਉਗੇ।

ਚਲੰਤ ਕਿਸਮ ਦੀਆਂ ਗੱਲਾਂ ਅਤੇ ਟੋਟਕੇ, ਉਸ ਪੀੜਤ ਇਨਸਾਨ ਦਾ ਕੁਝ ਨਹੀਂ ਸੰਵਾਰਨਗੇ। ਇਹ ਬਹੁਤ ਜ਼ਰੂਰੀ ਹੈ ਕਿ ਸਾਨੂੰ ਚਿੰਤਾ ਦੇ ਰੋਗੀ ਨੂੰ ਦਿਲ ਖੋਲ੍ਹ ਕੇ ਗੱਲ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ। ਇਸ ਕੰਮ ਦੀ ਸਿਖਲਾਈ ਸੋਸ਼ਲ ਵਰਕਰ ਦੇ ਕਿੱਤੇ ਵਿਚ ਦਿੱਤੀ ਜਾਂਦੀ ਹੈ ਕਿ ਕਿਸੇ ਦੀ ਗੱਲ ਨੂੰ ਬਿਨਾ ਕਿਸੇ ਨੋਕ ਝੋਕ ਦੇ ਕਿਵੇਂ ਤਸੱਲੀ ਨਾਲ ਸੁਣਿਆ ਜਾਵੇ। ਆਪਣੀ ਅਕਲਮੰਦੀ ਜ਼ਾਹਿਰ ਕਰਨ ਲਈ, ਗੱਲ ਵਿਚੋਂ ਹੀ ਕੱਟਕੇ, ਅਗੰਮੀ ਨੁਸਖੇ ਦੱਸਣਾ ਸ਼ੁਰੂ ਕਰ ਦੇਣਾ, ਮਹਾਂ ਮੂਰਖਤਾ ਹੈ। ਚੰਗਾ ਇਹ ਹੋਵੇਗਾ ਕਿ ਜੇਕਰ ਤੁਹਾਡੇ ਕੋਲ ਸੁਣਨ ਦੀ ਸਕਿੱਲ ਨਹੀਂ ਹੈ ਤਾਂ ਮੂੰਹ ਨੂੰ ਬੰਦ ਰੱਖਿਆ ਜਾਵੇ। ਇਹ ਸੱਚਾਈ ਹੈ ਕਿ ਬਹੁਤੇ ਲੋਕਾਂ ਕੋਲ “ਲਿਸਨਿੰਗ ਸਕਿੱਲ” ਯਾਨਿ ਕਿਸੇ ਦੀ ਗੱਲ ਧਹੱਮਲ ਨਾਲ ਬਿਨਾ ਨੋਕ ਝੋਕ ਦੇ ਸੁਣਨ ਦਾ ਹੁਨਰ ਨਹੀਂ ਹੁੰਦਾ। ਜਦ ਤੁਸੀਂ ਚਿੰਤਾ ਦੇ ਰੋਗੀ ਦੀ ਗੱਲ ਪਿਆਰ, ਹਮਦਰਦੀ ਅਤੇ ਉਹਦੇ ਵਿਚ ਦਿਲਚਸਪੀ ਦਿਖਾਕੇ, ਉਹਨੂੰ ਜਿੰਨਾ ਵਕਤ ਚਾਹੀਦਾ ਹੋਵੇ ਦੇ ਕੇ, ਸੁਣੋਗੇ ਤਾਂ ਤੁਸੀਂ ਬਿਹਤਰ ਤਰੀਕੇ ਨਾਲ ਸਮਝ ਸਕੋਗੇ ਕਿ ਉਹ ਕਿੰਨਾ ਹਾਲਤਾਂ ਵਿਚੋਂ ਦੀ ਗੁਜ਼ਰ ਰਿਹਾ ਹੈ। ਨਾਲੇ ਇਸ ਦੇ ਫਾਇਦੇ ਬਾਰੇ ਸੋਚੋ। ਤੁਸੀਂ ਚਿੰਤਾ ਦੇ ਰੋਗੀਆਂ ਦੀ ਆਮ ਲੋਕਾਂ ਵਾਂਗ ਜਿੰਦਗੀ ਜਿਉਣ ਵਿਚ ਮਦਦ ਕਰ ਸਕਦੇ ਹੋ।

ਹੁਣ ਸਮਝਣ ਵਾਲੀ ਗੱਲ ਇਹ ਵੀ ਹੈ ਕਿ ਚਿੰਤਾ ਦੇ ਵੱਖੋ ਵੱਖਰੇ ਰੋਗਾਂ ਦੀ ਪਛਾਣ ਕਿਵੇਂ ਕੀਤਾ ਜਾਵੇ। ਹਾਂ, ਚਿੰਤਾ ਦੇ ਰੋਗਾਂ ਨੂੰ ਸਮਝਣਾ, ਬਹੁਤ ਜ਼ਰੂਰੀ ਹੈ, ਖਾਸਕਰ ਜੇ ਚਿੰਤਾ ਦੇ ਰੋਗੀ ਤੁਹਾਡੇ ਆਪਣੇ ਪਰਿਵਾਰ ਦੇ ਜੀਅ ਜਾਂ ਕਰੀਬੀ ਦੋਸਤ ਹੋਣ। ਚਿੰਤਾ ਦੇ ਰੋਗਾਂ ਦੀਆਂ ਪੰਜ ਕਿਸਮਾਂ ਇਹ ਹਨ :

**ਪੈਨਿਕ ਡਿਸਆਰਡਰ** : ਸੋਨੀਆ ਲਈ ਸਿਰਫ ਚਿੰਤਾ ਦੇ ਦੌਰੇ ਹੀ ਰੁਕਾਵਟ ਨਹੀਂ ਬਣਦੇ, ਸਗੋਂ ਉਹ ਦੱਸਦੀ ਹੈ, “ਦੌਰਾ ਪੈਣ ਤੋਂ ਬਾਦ ਮੈਨੂੰ ਇਹ ਡਰ ਲੱਗਾ ਰਹਿੰਦਾ ਹੈ ਕਿ ਮੈਨੂੰ ਫਿਰ ਦੌਰਾ ਪੈ ਜਾਵੇਗਾ।” ਨਤੀਜੇ ਵਜੋਂ, ਰੋਗੀਆਂ ਦਾ ਅਕਸਰ ਇਹ ਝੁਕਾਅ ਹੁੰਦਾ ਹੈ ਕਿ ਉਹ ਉਹਨਾਂ ਥਾਵਾਂ ਤੋਂ ਦੂਰ ਰਹਿਣ ਜਿਥੇ ਉਹਨਾਂ ਨੂੰ ਦੌਰਾ ਪਿਆ ਸੀ। ਕਈ ਤਾਂ ਇੰਨਾ ਡਰਨ ਲੱਗ ਪੈਂਦੇ ਹਨ ਕਿ ਉਹ ਘਰੋਂ ਬਾਹਰ ਪੈਰ ਵੀ ਨਹੀਂ ਰੱਖਦੇ ਜਾਂ ਸਿਰਫ ਉਦੋਂ ਹੀ ਕੁੱਝ ਕਰਦੇ ਹਨ ਜਦੋਂ ਉਹਨਾਂ ਦੇ ਨਾਲ ਕੋਈ ਹੋਰ ਹੁੰਦਾ ਹੈ ਅਤੇ ਜਿਸ ਤੇ ਉਹ ਭਰੋਸਾ ਕਰਦੇ ਹਨ। ਸੋਨੀਆ ਦੱਸਦੀ ਹੈ, “ਇਕੱਲੀ ਹੋਣ ਨਾਲ ਹੀ ਮੈਨੂੰ ਦੌਰਾ ਪੈ ਜਾਂਦਾ ਹੈ। ਜਦੋਂ ਮੇਰੀ ਮਾਂ ਮੇਰੇ ਨਾਲ ਹੁੰਦੀ ਹੈ ਤਾਂ ਮੈਨੂੰ ਡਰ ਨਹੀਂ ਲਗਦਾ, ਪਰ ਜੇ

ਉਹ ਮੇਰੇ ਨਾਲ ਨਾ ਹੋਵੇ ਤਾਂ ਮੈਂ ਇਕਦਮ ਘਬਰਾ ਜਾਂਦੀ ਹਾਂ।"

**ਉਬਸੈਸਿਵ ਕੰਮਪਲਸਿਵ ਡਿਸਆਰਡਰ** : ਜਿਸ ਇਨਸਾਨ ਨੂੰ ਜੀਵਾਣੂਆਂ ਜਾਂ ਗੰਦਗੀ ਤੋਂ ਨਫਰਤ ਹੁੰਦੀ ਹੈ, ਉਹ ਵਾਰ ਵਾਰ ਆਪਣੇ ਹੱਥ ਧੋਂਦਾ ਰਹਿੰਦਾ ਹੈ। ਇਸੇ ਤਰ੍ਹਾਂ ਦੀ ਬੀਮਾਰੀ ਤੋਂ ਪੀੜਤ ਕਿਰਨ ਕਹਿੰਦੀ ਹੈ : ਮੇਰੇ ਮਨ ਵਿਚ ਹਲਚਲ ਮੱਚੀ ਰਹਿੰਦੀ ਹੈ ਕਿਉਂਕਿ ਮੈਂ ਆਪਣੀਆਂ ਪਿਛਲੀਆਂ ਗਲਤੀਆਂ ਬਾਰੇ ਸੋਚਦੀ ਰਹਿੰਦੀ ਹਾਂ। ਮੈਂ ਵਾਰ ਵਾਰ ਇਹ ਵਿਚਾਰ ਕਰਦੀ ਰਹਿੰਦੀ ਹਾਂ ਕਿ ਇਹ ਗਲਤੀ ਮੈਥੋਂ ਕਿਵੇਂ ਅਤੇ ਕਿਉਂ ਹੋਈ ? ਮੈਂ ਉਸ ਵੇਲੇ ਕੀ ਕਰ ਸਕਦੀ ਸੀ ਜਾਂ ਕੀ ਨਹੀਂ ਕਰ ਸਕਦੀ ਸੀ। ਇਸ ਤਰ੍ਹਾਂ ਦੇ ਰੋਗੀ ਦੂਜਿਆਂ ਅੱਗੇ ਵਾਰ ਵਾਰ ਆਪਣੀਆਂ ਗਲਤੀਆਂ ਮੰਨਣ ਦਾ ਝੁਕਾਅ ਰੱਖਦੇ ਹਨ। ਕਿਰਨ ਨੂੰ ਵਾਰ ਵਾਰ ਭਰੋਸਾ ਦਿਵਾਉਣ ਦੀ ਲੋੜ ਪੈਂਦੀ ਹੈ। ਪਰ ਦਵਾਈਆਂ ਦੀ ਮੱਦਦ ਨਾਲ ਉਹ ਕੁਝ ਹੱਦ ਤੱਕ ਆਪਣੇ ਇਸ ਝੁਕਾਅ ਤੇ ਕੰਟ੍ਰੋਲ ਕਰ ਸਕੀ ਹੈ।

**ਪੋਸਟ ਟ੍ਰਾਮੇਟਿਕ ਸਟ੍ਰੈਸ ਡਿਸਆਰਡਰ** : ਹਾਲ ਹੀ ਦੇ ਸਮਿਆਂ ਵਿਚ ਮਾਨਸਿਕ ਬੀਮਾਰੀਆਂ ਦੇ ਵੱਖੋ ਵੱਖਰੇ ਲੱਛਣਾਂ ਬਾਰੇ ਸਮਝਾਉਣ ਲਈ ਇਹ ਸ਼ਬਦ ਵਰਤੇ ਗਏ ਹਨ। ਇਸ ਰੋਗ ਦੇ ਮਰੀਜਾਂ ਨੂੰ ਕੋਈ ਘਟਨਾ ਵਾਪਰਨ ਤੋਂ ਬਾਦ ਬਹੁਤ ਵੱਡਾ ਸਦਮਾ ਲੱਗਦਾ ਹੈ। ਇਸ ਘਟਨਾ ਦੌਰਾਨ ਉਹਨਾਂ ਨੂੰ ਜਾਂ ਕੋਈ ਸੱਟ ਲੱਗ ਜਾਂਦੀ ਹੈ ਜਾਂ ਲੱਗਣ ਦਾ ਖਤਰਾ ਹੋ ਸਕਦਾ ਹੈ। ਇਸ ਕਿਸਮ ਦੇ ਰੋਗੀ ਸ਼ਾਇਦ ਜਲਦੀ ਘਬਰਾ ਜਾਣ, ਚਿੜਚੜੇ ਹੋ ਜਾਣ, ਸੁੰਨ ਹੋ ਜਾਣ, ਉਹਨਾਂ ਕੰਮਾਂ ਵਿਚ ਕੋਈ ਰੁਚੀ ਨਾ ਰੱਖਣ ਜੋ ਉਹ ਪਹਿਲਾਂ ਕਰਨੇ ਪਸੰਦ ਕਰਦੇ ਸਨ ਅਤੇ ਉਹਨਾਂ ਨੂੰ ਸ਼ਾਇਦ ਦੂਜਿਆਂ ਲਈ ਪਿਆਰ ਜਾਹਿਰ ਕਰਨਾ ਮੁਸ਼ਕਲ ਲੱਗੇ, ਖਾਸ ਕਰਕੇ ਉਹਨਾਂ ਲਈ ਜਿਹਨਾਂ ਦੇ ਉਹ ਕਰੀਬ ਹੁੰਦੇ ਸਨ। ਕੁਝ ਰੋਗੀ ਝਗੜਾਲੂ ਜਾਂ ਹਿੰਸਕ ਬਣ ਜਾਂਦੇ ਹਨ ਅਤੇ ਉਹਨਾਂ ਸਥਿਤੀਆਂ ਤੋਂ ਦੂਰ ਰਹਿੰਦੇ ਹਨ ਜਿਹਨਾਂ ਕਾਰਨ ਉਹਨਾਂ ਨੂੰ ਉਹ ਘਟਨ ਯਾਦ ਆਉਂਦੀ ਹੈ ਜਿਸ ਕਰਕੇ ਉਹਨਾਂ ਨੂੰ ਸਦਮਾ ਪਹੁੰਚਿਆ ਸੀ।

**ਸੋਸ਼ਲ ਫੋਬੀਆ ਜਾਂ ਸੋਸ਼ਲ ਐਂਗਜ਼ਾਇਟੀ ਡਿਸਆਰਡਰ** : ਜਿਨ੍ਹਾਂ ਲੋਕਾਂ ਨੂੰ ਇਹ ਰੋਗ ਹੈ। ਉਹ ਬੇਹੱਦ ਚਿੰਤਾ ਕਰਦੇ ਹਨ ਤੇ ਹਰ ਰੋਜ਼ ਉਹਨਾਂ ਨੂੰ ਇਹੀ ਫਿਕਰ ਰਹਿੰਦਾ ਹੈ ਕਿ ਜੇ ਉਹ ਲੋਕਾਂ ਨਾਲ ਮਿਲਣ-ਗਿਲਣਗੇ, ਤਾਂ ਉਹ ਉਹਨਾਂ ਬਾਰੇ ਕੀ ਸੋਚਣਗੇ। ਕੁਝ ਰੋਗੀਆਂ ਨੂੰ ਇਹੀ ਡਰ ਰਹਿੰਦਾ ਹੈ ਕਿ ਲੋਕ ਉਹਨਾਂ ਵੱਲ ਵੇਖ ਰਹੇ ਹਨ ਅਤੇ ਉਹਨਾਂ ਵਿਚ ਨੁਕਸ ਕੱਢ ਰਹੇ ਹਨ। ਕਿਸੇ ਮੌਕੇ ਤੇ ਜਾਣ ਤੋਂ ਪਹਿਲਾਂ ਉਹ ਸ਼ਾਇਦ ਉਸ ਬਾਰੇ ਕਈ ਦਿਨਾਂ ਜਾਂ ਹਫ਼ਤਿਆਂ ਤੱਕ ਫਿਰਕ ਕਰਦੇ ਰਹਿੰਦੇ ਹਨ। ਉਹਨਾਂ ਦਾ ਡਰ ਸ਼ਾਇਦ ਇੰਨਾਂ ਵਧ ਜਾਵੇ ਕਿ ਇਹ ਉਹਨਾਂ ਦੇ ਕੰਮ ਤੇ ਜਾਂ ਸਕੂਲ, ਕਾਲਜ, ਯੂਨੀਵਰਸਿਟੀ ਜਾਣ ਵਿਚ ਜਾਂ ਹੋਰ ਕੋਈ ਆਮ ਕੰਮ ਕਾਜ ਕਰਨ ਵਿਚ ਰੁਕਾਵਟ ਬਣ ਸਕਦਾ ਹੈ। ਇਸ ਡਰ ਕਰਕੇ ਉਹਨਾਂ ਨੂੰ ਦੋਸਤ ਬਣਾਉਣ ਅਤੇ ਬਣਾਈ ਰੱਖਣ ਵਿਚ ਵੀ ਮੁਸ਼ਕਿਲ ਆ ਸਕਦੀ ਹੈ।

**ਜਨਰਲ ਐਂਗਜ਼ਾਇਟੀ ਡਿਸਆਰਡਰ** : ਮੋਨਿਕਾ ਇਸੇ ਰੋਗ ਤੋਂ ਪੀੜਤ ਹੈ। ਉਹ ਸਾਰਾ ਦਿਨ ਚਿੰਤਾਵਾਂ ਵਿਚ ਡੁੱਬੀ ਰਹਿੰਦੀ ਹੈ ਭਾਵੇਂ ਚਿੰਤਾ ਕਰਨ ਦਾ ਕੋਈ ਕਾਰਨ ਨਾ ਵੀ ਹੋਵੇ। ਇਸ ਚਿੰਤਾ ਦੇ ਰੋਗੀ ਅਕਸਰ ਕੁੱਝ ਬੁਰਾ ਵਾਪਰਨ ਦਾ ਅੰਦਾਜ਼ਾ ਲਾਉਂਦੇ ਹਨ ਅਤੇ ਉਹਨਾਂ ਨੂੰ ਸਿਹਤ, ਪੈਸੇ, ਪਰਿਵਾਰ ਦੀ ਸਮੱਸਿਆਵਾਂ ਜਾਂ ਕੰਮ ਤੇ ਆਉਂਦੀਆਂ ਮੁਸ਼ਕਲਾਂ ਬਾਰੇ ਬਹੁਤ ਜ਼ਿਆਦਾ ਫਿਕਰ ਰਹਿੰਦਾ ਹੈ। ਸਿਰਫ ਇਹੀ ਖਿਆਲ ਉਹਨਾਂ ਨੂੰ ਚਿੰਤਾ ਵਿਚ ਪਾ ਦਿੰਦਾ ਹੈ ਕਿ ਉਹਨਾਂ ਦਾ ਦਿਨ ਕਿਸ ਤਰ੍ਹਾਂ ਲੰਘੇਗਾ।

ਇਹਨਾਂ ਸਭ ਮਾਨਸਿਕ ਬੀਮਾਰੀਆਂ ਦਾ ਇਲਾਜ ਮਾਨਸਿਕ ਡਾਕਟਰਾਂ ਕੋਲ ਹੈ ਨਾ ਕਿ ਜੋਤਸ਼ੀਆਂ, ਬਾਬਿਆਂ, ਪੀਰਾਂ, ਟੂਣਿਆਂ ਟਾਮਣਿਆਂ ਅਤੇ ਧਾਗਿਆਂ ਤਵੀਤਾਂ ਵਿਚ।

# ਇਨਕਲਾਬ

ਮੈਂ ਸਾਡੇ ਸਕੂਲ ਦੀ ਲਾਇਬ੍ਰੇਰੀ ਵਿੱਚੋਂ ਇੱਕ ਕਿਤਾਬ ਜਿਸਦਾ ਨਾਂ 'ਇਨਕਲਾਬ' ਸੀ, ਲੈ ਕੇ ਪੜ੍ਹੀ। ਜੋ ਕਿ ਡਾ: ਤੇਜਿੰਦਰ ਵਿਰਲੀ ਦੀ ਲਿਖੀ ਹੋਈ ਸੀ। ਇਸ ਨੂੰ ਪੜ੍ਹ ਕੇ ਮੈਨੂੰ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਹੋਈ। ਇਸ ਵਿੱਚੋਂ ਮੈਨੂੰ ਕੁਝ ਗੱਲਾਂ ਬਹੁਤ ਚੰਗੀਆਂ ਲੱਗੀਆਂ, ਜਿਨ੍ਹਾਂ ਤੋਂ ਸਾਡੇ ਵਿੱਚ ਪ੍ਰੇਰਣਾ ਪੈਦਾ ਹੁੰਦੀ ਹੈ। ਇੰਨ੍ਹਾਂ ਨੂੰ ਮੈਂ ਆਪਣੀ ਸੋਚ ਦੇ ਅਧਾਰ 'ਤੇ ਲਿਖਣ ਦਾ ਯਤਨ ਕੀਤਾ ਹੈ।




ਸੰਸਾਰ ਵਿੱਚ ਕੁਝ ਅਜਿਹੀਆਂ ਸਖਸ਼ੀਅਤਾਂ ਹੁੰਦੀਆਂ ਹਨ ਜੋ ਇਤਿਹਾਸ ਨੂੰ ਇਨਕਲਾਬੀ ਮੋੜ ਦਿੰਦੀਆਂ ਹਨ। ਇੰਨ੍ਹਾਂ ਵਿੱਚੋਂ ਹੀ ਇੱਕ ਸਨ ਭਗਤ ਸਿੰਘ, ਜਿੰਨ੍ਹਾਂ ਨੇ ਦੇਸ਼ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਭਗਤ ਸਿੰਘ ਕੇਵਲ ਆਪਣੇ ਕ੍ਰਾਂਤੀਕਾਰੀ ਕੰਮਾਂ ਕਾਰਨ 23 ਸਾਲ 5 ਮਹੀਨੇ ਤੇ 25 ਦਿਨ ਹੀ ਜੀਵਿਆ। 23 ਮਾਰਚ 1931 ਨੂੰ ਬਰਤਾਨਵੀ ਸਰਕਾਰ ਨੇ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫਾਂਸੀ ਤੇ ਲਟਕਾ ਦਿੱਤਾ। ਭਗਤ ਸਿੰਘ ਦੇ ਪੁਰਖਿਆਂ ਦਾ ਪਿੰਡ ਖਟਕੜ ਕਲਾਂ ਤਹਿਸੀਲ ਬੰਗਾ ਜਿਲ੍ਹਾ ਨਵਾਂ ਸ਼ਹਿਰ ਸੀ। ਅਰਜਨ ਸਿੰਘ ਜੋ ਕਿ ਭਗਤ ਸਿੰਘ ਦੇ ਦਾਦਾ ਸਨ ਉਹ ਵੀ ਇੱਕ ਕ੍ਰਾਂਤੀਕਾਰੀ ਸਨ। ਉਸਨੇ ਆਪਣੇ ਪੁੱਤਰਾਂ ਨੂੰ ਚੰਗੀ ਤੋਂ ਚੰਗੀ ਇਲਮ ਦੇਣ ਦੀ ਕੋਸ਼ਿਸ਼ ਕੀਤੀ। 1932 ਵਿੱਚ ਅਧਰੰਗ ਦੀ ਬਿਮਾਰੀ ਕਾਰਨ ਉਨ੍ਹਾਂ ਦੀ ਮੌਤ ਹੋ ਗਈ।

ਫਿਰ 28 ਸਤੰਬਰ 1907 ਵਿੱਚ ਕਿਸ਼ਨ ਸਿੰਘ ਦੇ ਘਰ ਭਗਤ ਸਿੰਘ ਦਾ ਜਨਮ ਹੋਇਆ। ਉਸਦੇ ਜਨਮ ਸਮੇਂ ਉਸ ਦੇ ਚਾਚਾ ਅਜੀਤ ਸਿੰਘ 'ਪਗੜੀ ਸੰਭਾਲ ਜੱਟਾ' ਐਜੀਟੇਸ਼ਨ ਦੀ ਅਗਵਾਈ ਕਰ ਰਹੇ ਸਨ। ਭਗਤ ਸਿੰਘ ਪੜ੍ਹਾਈ ਦੇ ਨਾਲ ਨਾਲ ਹੋਰ ਵੀ ਬਹੁਤ ਕਿਤਾਬਾਂ ਪੜ੍ਹਦੇ ਰਹਿੰਦੇ ਸਨ।



**ਗਗਨਦੀਪ ਕੌਰ**
**(ਜਮਾਤ 10ਵੀਂ)**

13 ਅਪ੍ਰੈਲ 1919 ਦੇ ਜਲਿਆਂਵਾਲੇ ਬਾਗ ਦੇ ਕਾਂਡ ਦਾ ਉਸ ਦੇ ਮਨ ਉੱਪਰ ਗਹਿਰਾ ਅਸਰ ਹੋਇਆ। ਉਸਨੇ ਘਰ ਛੱਡ ਦਿੱਤਾ ਤੇ ਕਾਨ੍ਹਪੁਰ ਚਲਾ ਗਿਆ। 1926 ਵਿੱਚ ਭਗਤ ਸਿੰਘ ਨੇ 'ਨੌਜਵਾਨ ਭਾਰਤ ਸਭਾ' ਦੀ ਸਥਾਪਨਾ ਕੀਤੀ। 1928 ਵਿੱਚ ਸਾਈਮਨ ਦੇ ਭਾਰਤ ਆਉਣ ਤੇ ਉਸਦਾ ਵਿਰੋਧ ਕੀਤਾ ਤੇ ਫਿਰ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਸਾਂਡਰਸ ਨੂੰ ਮਾਰ ਕੇ ਲਿਆ। ਫਿਰ 1929 ਵਿੱਚ ਅਸੈਂਬਲੀ ਵਿੱਚ ਬੰਬ ਸੁੱਟਣ ਦਾ ਫੈਸਲਾ ਕੀਤਾ। ਬੰਬ ਸੁੱਟਣ ਮਗਰੋਂ ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਗ੍ਰਿਫਤਾਰੀ ਦੇ ਦਿੱਤੀ ਤੇ ਜੇਲ੍ਹ ਵਿੱਚ ਦਰੋਗਿਆਂ ਦੇ ਬੁਰੇ ਸਲੂਕ ਵਿਰੁੱਧ ਭੁੱਖ ਹੜਤਾਲ ਕੀਤੀ। ਹੁਣ ਉਨ੍ਹਾਂ ਦੀ ਫਾਂਸੀ ਦਾ ਸਮਾਂ ਨੇੜੇ ਆਇਆ ਤੇ 23 ਮਾਰਚ 1931 ਨੂੰ ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਫਾਂਸੀ ਦੇ ਦਿੱਤੀ ਗਈ। ਸਾਨੂੰ ਇੰਨ੍ਹਾਂ ਮਹਾਨ ਸ਼ਹੀਦਾਂ ਦੀ ਦੇਸ਼ ਤੇ ਦੇਸ਼ ਦੇ ਲੋਕਾਂ ਪ੍ਰਤੀ ਜਜਬੇ ਤੇ ਕੁਰਬਾਨੀ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਸਾਨੂੰ ਵਤਨ ਦੇ ਰਖਵਾਲੇ ਬਣਨਾ ਚਾਹੀਦਾ ਹੈ। "ਜੇ ਕਦੇ ਵਤਨ ਲਈ ਕੁਰਬਾਨ ਹੋਣਾ ਪਵੇ ਤਾਂ ਅਸੀਂ ਹੱਸ ਕੇ ਜਾਨ ਵਾਰ ਦਿਆਂਗੇ" ਇਹੋ ਜਿਹੇ ਵਿਚਾਰਾਂ ਨੂੰ ਆਪਣੇ ਮਨ ਵਿੱਚ ਵਸਾਉਣਾ ਚਾਹੀਦਾ ਹੈ। "ਦੇਸ਼ ਲਈ ਅਸੀਂ ਕੁੱਝ ਵੀ ਕਰ ਸਕਦੇ ਹਾਂ" ਇਹ ਸੋਚ ਸਭ ਨੂੰ ਅਖਤਿਆਰ ਕਰਨੀ ਚਾਹੀਦੀ ਹੈ।

**ਸੰਤ ਬਾਬਾ ਅਤਰ ਸਿੰਘ ਪਬਲਿਕ ਸੀਨੀ: ਸੈਕੰ: ਸਕੂਲ ਹਰਿਆਊ।**

ਵਾਰਤਾਲਾਪ

# ਵਿਦਿਆ ਦੇ ਫ਼ੈਲਾਅ ਨਾਲ ਵਿਗਿਆਨਕ ਸੂਝ ਤਰਕਸ਼ੀਲਤਾ ਵਧੇਗੀ ਤੇ ਵਹਿਮ ਭਰਮ ਘਟਣਗੇ-ਹਰਬਖਸ਼ ਮਕਸੂਦਪੁਰੀ

ਦਲਵੀਰ ਕੌਰ



ਆਮ ਮਨੁੱਖ ਦਾ ਪਰਬਲ ਸੁਭਾਅ ਹੁੰਦਾ ਹੈ ਕਿ ਉਹ ਨਿੱਜੀ ਨਫਾ ਨੁਕਸਾਨ ਸੋਚਣ 'ਚ ਬਹੁਤਾ ਸਮਾਂ ਬਤੀਤ ਕਰਦਾ ਹੈ ਤੇ ਪਰ ਸਮਾਜ ਦੀ ਪ੍ਰਵਾਹ ਬਹੁਤ ਘੱਟ ਤੇ ਬਾਅਦ 'ਚ ਹੀ ਕਰਦਾ ਹੈ। ਮੇਰਾ ਵਾਹ ਬਹੁਤ ਹੀ ਅਲਪ ਸੰਖਿਆ ਅਜਿਹੇ ਬੰਦਿਆਂ ਨਾਲ ਪਿਆ ਹੈ ਜੋ ਸਰਲ ਤੇ ਸਪੱਸ਼ਟ ਵੀ ਹੋਣ, ਨਿੱਜ ਤੋਂ ਉਪਰ ਉੱਠ ਕੇ ਸਰਬੱਤ ਦੇ ਭਲੇ ਦੀ ਬਿਰਤੀ ਦੇ ਮਾਲਕ ਵੀ ਹੋਣ, ਦਾਰਸ਼ਨਿਕ ਸੋਚ ਦੇ ਧਾਰਨੀ ਵੀ ਹੋਣ ਤੇ ਵਿਗਿਆਨਿਕ ਦ੍ਰਿਸਟੀ ਤੋਂ ਵੀ ਪਰਪੱਕ ਹੋਣ। ਇਹ ਸਾਰੇ ਗੁਣ ਕਿਸੇ ਮਨੁੱਖ 'ਚ ਹੋਣੇਂ ਉਸ ਨੂੰ ਆਮ ਮਨੁੱਖਾਂ ਤੋਂ ਉੱਚਾ ਕਰਦੇ ਹੋਏ ਵੀ ਉਹਨੂੰ ਆਮ ਇਨਸਾਨਾਂ ਦੇ ਦੁੱਖ ਦਰਦ ਦਾ ਭਾਈਵਾਲ ਬਣਾਈ ਰੱਖਦੇ ਨੇ। ਹਰਬਖਸ਼ ਮਕਸੂਦਪੁਰੀ ਜੀ ਨਾਲ ਲੰਬੀ ਗੱਲਬਾਤ ਦੌਰਾਨ ਮੈਨੂੰ ਅਜਿਹੇ ਇਨਸਾਨ ਦੀ ਬਾਰ ਬਾਰ ਦੱਸ ਪੈਂਦੀ ਰਹੀ ਹੈ। ਇਸ ਵਡੇਰੀ ਕਲਮ ਦੇ ਵਡਮੁੱਲੇ ਸ਼ਬਦ ਸੁਹਿਰਦ ਪਾਠਕਾਂ ਲਈ ਸਵਾਲ ਜਵਾਬ ਦੇ ਰੂਪ ਵਿੱਚ ਹਾਜ਼ਰ ਨੇ।

**? ਤੁਹਾਡੇ ਲੰਬੇ ਤਜਰਬੇ ਮੁਤਾਬਿਕ ਸੰਸਾਰ ਕੀ ਹੈ।**

– ਜਿੰਨਾ ਕੁ ਗਿਆਨ ਮੈਨੂੰ ਆਪਣੇ ਜੀਵਨ ਦੇ ਲੰਮੇ ਤਜਰਬੇ ਵਿੱਚੋਂ ਮਿਲ ਸਕਿਆ ਹੈ ਉਸ ਅਨੁਸਾਰ ਮੈਂ ਇੰਨਾ ਕੁ ਹੀ ਕਹਿ ਸਕਦਾ ਹਾਂ ਕਿ ਜੋ ਕੁਝ ਵੀ ਹੈ ਇਹ ਸੰਸਾਰ ਹੀ ਹੈ, ਇਸ ਤੋਂ ਬਾਹਰ ਹੋਰ ਕੁਝ ਵੀ ਨਹੀਂ ਹੈ। ਚੰਗਾ ਮੰਦਾ ਸਭ ਕੁਝ ਇਹਦੇ ਅੰਦਰ ਹੀ ਵਾਪਰਦਾ ਹੈ। ਨਰਕ ਸੁਰਗ ਤੇ ਅਗਲਾ ਪਿਛਲਾ ਜਨਮ ਬੰਦੇ ਦੀ ਕਲਪਨਾ ਤੋਂ ਵੱਧ ਹੋਰ ਕੁਝ ਵੀ ਨਹੀਂ ਹੈ। ਇਸ ਸੰਸਾਰ ਵਿੱਚ ਜੋ ਕੁਝ ਵੀ ਹੈ ਕੁਦਰਤ ਦੀ ਸਮੁੱਚਤਾ ਦਾ ਅਨਿਖੱੜ ਅੰਗ ਹੈ। ਸੰਸਾਰ ਦੀ ਹਰ ਵਸਤ ਕਿਸੇ ਹੋਰ ਵਸਤ ਨਾਲ ਜੁੜੀ ਹੋਈ ਹੈ। ਹਰ ਵਸਤ, ਹਰ ਜੀਵ ਅਪੂਰਨ ਹੈ। ਉਸਤੋਂ ਬਾਹਰ ਦੀਆਂ ਵਸਤ ਜਾਂ ਜੀਵ ਹੀ ਉਹਨੂੰ ਸੰਪੂਰਨ ਕਰਦੇ ਹਨ। ਸੂਰਜ ਚੰਦ ਤਾਰੇ ਸਭ ਇੱਕ ਦੂਜੇ ਦੇ ਸਹਾਰੇ ਹੀ ਹੋਂਦ ਵਿੱਚ ਹਨ। ਕੁਦਰਤ ਦੇ ਆਕਰਸ਼ਣ ਗੁਣ ਕਾਰਣ ਇਹ ਸਾਰੇ ਇੱਕ ਦੂਜੇ ਨਾਲ ਜੁੜੇ ਹੋਏ ਹਨ ਤੇ ਉਦਕਰਖ ਗੁਣ ਦੇ ਕਾਰਨ ਇੱਕ ਦੂਜੇ ਵਿੱਚ ਸਮਾ ਜਾਣ ਤੋਂ ਬਚੇ ਹੋਏ ਹਨ।

**? ਬੰਦੇ ਦੀ ਜ਼ਿੰਦਗੀ 'ਚ ਈਮਾਨ ਦਾ ਧੁਰਾ ਕੀ ਹੁੰਦਾ ਹੈ।**

– ਇਸ ਬਾਰੇ ਕੁਝ ਕਹਿਣ ਤੋਂ ਪਹਿਲਾਂ ਇਹ ਦੇਖਣਾ ਪਏਗਾ ਕਿ ਈਮਾਨ ਹੈ ਕੀ? ਕਿਸੇ ਪਰਾਸਰੀਰਕ ਵਸਤੂ ਤੇ ਈਮਾਨ? ਕਿਸੇ ਅਜਿਹੀ ਸ਼ਕਤੀ ਤੇ ਈਮਾਨ ਜਿਹੜੀ ਸਾਡੀ ਸਮਝ ਤੇ ਸਾਡੀ ਪਹੁੰਚ ਤੋਂ ਪਰੇ ਹੈ? ਮੇਰੇ ਖਿਆਲ ਅਨੁਸਾਰ ਅਜੇਹੀ ਕੋਈ ਚੀਜ਼ ਨਹੀਂ, ਨਾ ਅਜੇਹੀ ਸ਼ਕਤੀ ਦੀ ਹੋਂਦ ਦਾ ਕਿਸੇ ਨੂੰ ਕੁੱਝ ਪਤਾ ਹੈ। ਇਹ ਸਭ ਕੁੱਝ ਬੰਦੇ ਦੀ ਕਲਪਨਾ ਹੈ। ਕੋਈ ਬੰਦਾ ਕਲਪਤ ਸ਼ਕਤੀ ਦੀ ਗੱਲ ਤਾਂ ਕਰ ਸਕਦਾ ਹੈ ਤੇ ਉਹਦੇ ਭੈਅ ਵਿੱਚ ਵੀ ਵਿਚਰ ਸਕਦਾ ਹੈ, ਪਰ ਉਹ ਕਰਦਾ ਉਹ ਕੁੱਝ ਹੀ ਹੈ ਜਿਹੜਾ ਉਹਨੂੰ ਇਸ ਜੀਵਨ ਵਿੱਚ ਸਮਾਜਕ ਤੇ ਆਰਥਕ ਪੱਖ ਤੋਂ ਠੀਕ ਬੈਠਦਾ ਹੈ। ਹਰ ਜੀਵ ਨੂੰ ਦੁੱਖ ਲਗਦਾ ਹੈ ਤੇ ਹਰ ਜੀਵ ਸੁੱਖ ਵਿੱਚ ਰਹਿਣਾ ਚਾਹੁੰਦਾ ਹੈ, ਮੇਰਾ ਯਕੀਨ ਹੈ ਕਿ ਸੁੱਖ ਕਦੀਂ ਵੀ ਕਿਸੇ ਨੂੰ ਸਮੁੱਚੇ ਜੀਵਨ ਨਾਲੋਂ ਕੱਟ ਕੇ ਨਹੀਂ ਮਿਲ ਸਕਦਾ, ਜੇ ਸਾਡੇ ਆਲੇ ਦੁਆਲੇ ਚੀਕਾਂ, ਪੁਕਾਰਾਂ ਹਨ ਤਾਂ ਅਸੀਂ ਇਸ ਸਭ ਕੁੱਝ ਤੋਂ ਅੱਖਾਂ ਮੀਟ ਕੇ ਖੁਸ਼ ਨਹੀਂ ਰਹਿ ਸਕਦੇ। ਜੇ ਸਾਡੇ ਆਲੇ ਦੁਆਲੇ ਗੰਦ ਹੈ ਤਾਂ ਉਸ ਗੰਦ ਦਾ ਹਿਸਾ ਸਾਨੂੰ ਵੀ ਅਵੱਸ਼ ਮਿਲਦਾ ਹੈ। ਜੇ ਪ੍ਰਸੰਨ ਰਹਿਣਾ ਹੈ ਤਾਂ ਆਪਣੇ ਆਲੇ ਦੁਆਲੇ ਪ੍ਰਸੰਨਤਾ ਦੇ ਬੀਜ ਬੀਜੋ ਅਜੇਹਾ ਸਮਾਜ ਸਿਰਜਣ ਦੇ ਯਤਨਾਂ ਵਿੱਚ ਹਿਸਾ ਪਾਓ ਜਿਸ ਵਿੱਚ ਹਰ ਤਰ੍ਹਾਂ ਦੀ ਸਮਾਜਕ ਤੇ ਆਰਥਕ ਬਰਾਬਰੀ ਹੋਵੇ ਤੇ ਮਜ਼ਬਾਂ, ਜਾਤਾਂ ਤੇ ਜਮਾਤਾਂ ਦੀਆਂ ਵੰਡੀਆਂ ਨਾ ਹੋਣ।

**? ਤੁਹਾਡੇ ਵਾਸਤੇ ਰੱਬ ਜਾਂ ਪ੍ਰਮਾਤਮਾ ਦੇ ਕੀ ਅਰਥ ਨੇ? ਕੀ ਇਹਨਾਂ ਅਰਥਾਂ ਨੂੰ ਕਿਸੇ ਪ੍ਰਸਥਿਤੀ ਨੇ ਹਲਾਇਆ ਡੁਲਾਇਆ ਵੀ।**

– ਰੱਬ ਤਾਂ ਬੰਦੇ ਦੀ ਸੋਚ ਦੀ ਹੱਦ ਤੋਂ ਅੱਗੇ ਦੀ ਕਲਪਨਾ ਹੈ। ਜਿਨ੍ਹਾਂ ਪ੍ਰਸਥਿਤੀਆਂ ਜਾਂ ਘਟਨਾਵਾਂ ਦੇ ਕਾਰਣ ਬੰਦੇ ਨੂੰ ਲੱਭਦੇ ਨਹੀਂ ਉਨ੍ਹਾਂ ਨੂੰ ਉਹ ਕਿਸੇ ਪ੍ਰਾਸਰੀਰਕ ਹਸਤੀ ਦੀ ਦੇਣ ਮੰਨ ਲੈਂਦਾ ਹੈ। ਪ੍ਰਾਰੰਭਕ ਸਮਿਆਂ ਵਿੱਚ ਜਦੋਂ ਮਨੁੱਖ ਨੂੰ ਮੀਂਹ, ਹਨ੍ਹੇਰੀ, ਅੱਗ ਜਾਂ ਦਰਿਆਵਾਂ ਦੇ ਵਹਿਣ ਦੇ ਕਾਰਨਾਂ ਦਾ ਪਤਾ ਨਹੀਂ ਸੀ ਤਾਂ ਉਹ ਇਨ੍ਹਾਂ ਨੂੰ ਕਿਸੇ ਅਗੰਮੀ ਸ਼ਕਤੀ ਦੀ ਕਰੋਪੀ ਜਾਂ ਦੇਣ ਮੰਨ ਲੈਂਦਾ ਸੀ। ਅੱਜ ਦੇ ਸਮੇਂ ਵਿਗਿਆਨ ਨੇ ਜਦ ਬਹੁਤੀਆਂ ਅਜਿਹੀਆਂ ਗੱਲਾਂ ਦੇ ਕਾਰਣ ਲੱਭ ਲਏ ਹਨ ਤਾਂ ਮਨੁੱਖ ਦੀ ਸੋਚ ਇਹਨਾਂ ਤੋਂ ਉਪਰ ਉਠ ਗਈ ਹੈ। ਉਹ ਹੁਣ ਨਾ ਚੰਦ, ਸੂਰਜ ਤੇ ਤਾਰਿਆਂ ਨੂੰ ਦੇਵਤੇ ਮੰਨਦਾ ਹੈ ਤੇ ਨਾ ਉਹਦਾ ਕਿਸੇ ਪਰਾਸ਼ਰੀਰਕ ਸ਼ਕਤੀ ਤੇ ਵਿਸ਼ਵਾਸ ਰਹਿ ਗਿਆ ਹੈ। ਉਂਝ ਹਨ੍ਹੇਰ ਢੋਣ ਵਾਲੇ ਹਾਲੀਂ ਵੀ ਵਥੇਰੇ ਮਿਲ ਜਾਂਦੇ ਹਨ ਮੈਂ ਬਚਪਨ ਵਿੱਚ ਤਾਂ ਕਿਸੇ ਅਜੇਹੇ ਰੱਬ ਦੀ ਕਲਪਨਾ ਕਰਦਾ ਸਾਂ ਜਿਹੜਾ ਸਰੀਰਕ ਹੋਂਦ ਵਾਲਾ ਸੀ ਤੇ ਸਭ ਸ਼ਕਤੀਆਂ ਦਾ ਮਾਲਕ ਸੀ। ਪਰ ਜਦ ਮੈਂ ਗੁਰਬਾਣੀ ਦੇ ਗੂੜ੍ਹ ਨੂੰ ਸਮਝਣ-ਯੋਗ ਹੋ ਗਿਆ ਤਾਂ ਮੈਂ ਰੱਬ ਜਾਂ ਪ੍ਰਮਾਤਮਾ ਨੂੰ ਸਰੀਰ ਰਹਿਤ, ਸ਼ਕਲ ਰਹਿਤ, ਲਿੰਗ ਰਹਿਤ ਮੰਨਣ ਲੱਗ ਪਿਆ ਸੋਚਦਾ ਸਾਂ, ਆਖਰ ਕੋਈ ਤਾਂ ਸ਼ਕਤੀ ਹੋਵੇਗੀ। ਜਿਸਨੇ ਦ੍ਰਿਸ਼ਟ ਅਦ੍ਰਿਸ਼ਟ ਸਭ ਕੁੱਝ ਨੂੰ ਬਣਾਇਆ ਹੋਵੇਗਾ। ਹੌਲੀ ਹੌਲੀ ਇਹ ਸੋਚ ਵੀ ਬੇਅਰਥ ਲੱਗਣ ਲੱਗ ਪਈ। ਇਹ ਜਾਣ ਗਿਆ ਸਾਂ ਕਿ ਅਸੀਂ ਜਿਹੜੇ ਗੁਣ ਪ੍ਰਮਾਤਮਾ ਵਿੱਚ ਦੇਖਦੇ ਹਾਂ ਉਹ ਤਾਂ ਮਾਦੇ ਭਾਵ ਪਦਾਰਥ ਦੇ ਆਪਣੇ ਗੁਣ ਹਨ। ਪਦਾਰਥ ਅਵਿਨਾਸ਼ੀ ਹੈ, ਅਨਾਦੀ ਹੈ, ਨਾ ਘਟਦਾ ਹੈ ਨਾ ਵਧਦਾ ਹੈ, ਕੇਵਲ ਸ਼ਕਲਾਂ ਬਦਲਦਾ ਹੈ। ਚੇਤਨਾ ਵੀ ਮਾਦੇ ਦੀ ਹਰਕਤ ਵਿਚੋਂ ਪੈਦਾ ਹੁੰਦੀ ਹੈ, ਮਾਦਾ ਚੇਤਨਾ ਵਿੱਚੋਂ ਪੈਦਾ ਨਹੀਂ ਹੁੰਦਾ। ਕੁੱਲ ਕਾਇਨਾਤ ਦੀ ਏਕਤਾ ਵਿੱਚ ਮੇਰਾ ਅਟੱਲ ਯਕੀਨ ਹੈ ਸੂਰਜ, ਧਰਤੀ, ਚੰਦ, ਤਾਰੇ ਸਾਰੇ ਇੱਕ ਦੂਜੇ ਦੀ ਹੋਂਦ ਦੇ ਸਹਾਰੇ ਕਾਇਮ ਹਨ, ਇੱਕ ਦੂਜੇ ਦੀ ਆਕਰਸ਼ਣ ਵਿੱਚ ਬੱਝੇ ਹੋਏ ਹਨ। ਕਿਸੇ ਇੱਕ ਦੀ ਵੀ ਸੁਤੰਤਰ ਹੋਂਦ ਨਹੀਂ ਹੈ। ਮੈਂ ਜੋ ਕੁੱਝ ਵੀ ਹਾਂ ਇਸ ਕੁੱਲ ਦਾ ਹਿਸਾ ਹਾਂ, ਇਹਦੇ ਵਿਚੋਂ ਹੀ ਪੈਦਾ ਹੋਇਆ ਹਾਂ ਤੇ ਇਹਦੇ ਵਿੱਚ ਅੰਤ ਸਮਾ ਜਾਵਾਂਗਾ। ਮੇਰੀ ਹੋਣੀ ਧਰਤੀ ਦੇ ਹਰ ਜੀਵ, ਅਜੀਵ ਬਣ ਤ੍ਰਿਣ ਨਾਲ ਜੁੜੀ ਹੋਈ ਹੈ। ਇਹੀ ਸਭ ਕੁੱਝ ਮੇਰਾ ਰੱਬ ਹੈ ਇਹਦੇ ਵਿੱਚ ਮੇਰਾ ਅਟੱਲ ਵਿਸ਼ਵਾਸ ਹੈ।

**? ਰੱਬ 'ਤੇ ਜਾਂ ਰੱਬ ਦੇ ਨਾਂ 'ਤੇ ਹੱਕ ਜਿੰਨਾਂ ਸਾਧ ਰੱਖਦੇ ਨੇ ਓਨਾ ਹੀ ਚੋਰ ਵੀ ਰੱਖਦੇ ਨੇ, ਤੁਹਾਡਾ ਕੀ ਪ੍ਰਤੀਕਰਮ ਹੈ ਇਸ ਪ੍ਰਤੀ।**

– ਸਾਧ ਤੇ ਚੋਰ ਦੋਵੇਂ ਹੀ ਰੱਬ ਦੇ ਨਾਉਂ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤਦੇ ਹਨ। ਜਿਹੋ ਜਿਹਾ ਕੋਈ ਆਪ ਹੁੰਦਾ ਹੈ ਉਹੋ ਜਿਹਾ ਉਹ ਰੱਬ ਨੂੰ ਚਿਤਵ ਲੈਂਦਾ ਹੈ। ਫਿਰਕੂ ਦੰਗੇ, ਫਸਾਦ, ਕਤਲੋਗਾਰਤ ਤੇ ਗੁੰਡਾਗਰਦੀ ਸਭ ਰੱਬ ਦੇ ਨਾਉਂ ਹੇਠ ਚਲਦੇ ਹਨ। ਗੁਰਦੁਆਰਿਆਂ,

ਮੰਦਰਾਂ ਤੇ ਮਸੀਤਾਂ ਵਿੱਚ ਕੀ ਕੀ ਉਪੱਦ੍ਰਭ ਨਹੀਂ ਹੁੰਦੇ ? ਆਪ ਤਾਂ ਰੱਬ ਤੋਂ ਕੋਈ ਨਹੀਂ ਡਰਦਾ, ਸਿਰਫ ਦੂਜਿਆਂ ਨੂੰ ਡਰਾਉਣ ਲਈ ਰੱਬ ਦਾ ਹਊਆ ਖੜਾ ਕਰ ਦਿੰਦੇ ਹਨ।

**? ਕੀ ਤੁਸੀਂ ਪੁਨਰ ਜਨਮ ਵਿੱਚ ਯਕੀਨ ਰੱਖਦੇ ਹੋ।**

– ਪੁਨਰ ਜਨਮ ਦਾ ਵਿਚਾਰ ਸਵਾਇ ਮਿੱਥ ਤੋਂ ਹੋਰ ਕੁੱਝ ਵੀ ਨਹੀਂ। ਪਹਿਲੀ ਵੇਰ ਇਸ ਵਿਚਾਰ ਦੀ ਖੁੱਲ੍ਹ ਕੇ ਵਿਆਖਿਆ ਸ੍ਰੀ ਕ੍ਰਿਸ਼ਨ ਨੇ ਅਰਜਨ ਨਾਲ ਸੰਵਾਦ ਵਿੱਚ ਕੀਤੀ ਸੀ। ਪੁਨਰ ਜਨਮ ਦੇ ਸਿਧਾਂਤ ਵਿੱਚ ਮੇਰਾ ਬਿਲਕੁਲ ਯਕੀਨ ਨਹੀਂ। ਆਮ ਲੋਕਾਂ ਦੇ ਪੁਨਰ ਜਨਮ ਦੇ ਵਿਚਾਰ ਨੂੰ ਅਪਨਾ ਲੈਣ ਦਾ ਮੁੱਖ ਤੇ ਵੱਡਾ ਕਾਰਨ ਮੌਤ ਦੇ ਡਰ ਨੂੰ ਭੁਲਾਉਣ ਦੀ ਮਾਨਸਕਤਾ ਹੈ। ਵਕਤੀ ਤੇ ਬਾਹਰਮੁਖੀ ਤੌਰ ’ਤੇ ਭਾਵੇਂ ਇਸਦਾ ਕੁੱਝ ਲਾਭ ਹੁੰਦਾ ਹੋਵੇ ਪਰ ਹਰ ਬੰਦੇ ਦੇ ਧੁਰ ਅੰਦਰ ਤੱਕ ਮੌਤ ਦਾ ਡਰ ਅੰਤਮ ਘੜੀਆਂ ਤੱਕ ਰਹਿੰਦਾ ਹੈ। ਇਸ ਵਿਚਾਰ ਦਾ ਕੋਈ ਵੀ ਵਿਗਿਆਨਕ ਆਧਾਰ ਨਹੀਂ ਹੈ। ਫੇਰ ਵੀ ਕੋਈ ਨਾ ਕੋਈ ਇਸ ਵਿਚਾਰ ਤੋਂ ਨਿੱਜੀ ਲਾਭ ਪ੍ਰਾਪਤ ਕਰਨ ਲਈ ਆਪਣੇ ਪਿੱਛਲੇ ਜਨਮ ਦੀਆਂ ਯਾਦਾਂ ਦਾ ਐਲਾਨ ਕਰਦਾ ਹੀ ਰਹਿੰਦਾ ਹੈ। ਅਜਿਹੇ ਦਾਅਵੇ ਅੰਤ ਵਿੱਚ ਸਦਾ ਗਲਤ ਨਿਕਲਦੇ ਹਨ।

**? ਤੁਹਾਡੇ ਤਜਰਬੇ ਅਤੇ ਕਿਆਸ ਮੁਤਾਬਿਕ ਦੱਸੋ ਕਿ ਅੱਜ ਤੋਂ 40 ਸਾਲ ਬਾਅਦ ਦੁਨੀਆ ਕਿਹੋ-ਜਿਹੀ ਹੋਏਗੀ।**

– ਮੈਂ ਹੁਣ ਬਾਰੇ ਸੋਚਣ ਵਿੱਚ ਯਕੀਨ ਰੱਖਦਾ ਹਾਂ। ਕਿਉਂਕਿ ਜੋ ਬੀਤ ਗਿਆ ਹੈ ਉਹ ਤਾਂ ਬੀਤ ਗਿਆ, ਉਹਦੇ ਬਾਰੇ ਅਸੀਂ ਹੁਣ ਕੁੱਝ ਨਹੀਂ ਕਰ ਸਕਦੇ। ਜੋ ਹਾਲੀਂ ਆਉਣਾ ਹੈ, ਉਹਦਾ ਕੀ ਪਤਾ ਆਵੇ ਜਾਂ ਨਾ ਆਵੇ। ਇਸ ਲਈ ਹੁਣ ਦਾ ਪੱਲ ਹੀ ਅਨਮੋਲ ਹੈ। ਫੇਰ ਵੀ ਤੇਰੇ ਪ੍ਰਸ਼ਨ ਦਾ ਉੱਤਰ ਦੇਣ ਦਾ ਯਤਨ ਕਰਦਾ ਹਾਂ:-ਭਵਿਖ ਦਾ ਅਨੁਮਾਨ ਕੇਵਲ ਭੂਤ ਕਾਲ ਵਿੱਚ ਪ੍ਰੀਵਰਤਨ ਦੀ ਰਫਤਾਰ ਤੋਂ ਹੀ ਲਾਇਆ ਜਾ ਸਕਦਾ ਹੈ। ਅੱਜ ਤੋਂ ਚਾਲੀ ਸਾਲ ਪਹਿਲਾਂ ਦੁਨੀਆਂ ਕਿਹੋ ਜਿਹੀ ਸੀ ? 80 ਸਾਲ ਪਹਿਲਾਂ ਕਿਹੋ ਜਿਹੀ ਸੀ ? 1000 ਸਾਲ ਪਹਿਲਾਂ ਕਿਹੋ ਜਿਹੀ ਸੀ ? ਸੈਂਕੜੇ ਤੁਫਾਨ ਆਏ। ਕਈ ਵੇਰ ਅਜਿਹਾ ਵੀ ਲੱਗਿਆ ਕਿ ਦੁਨੀਆਂ ਦਾ ਅੰਤ ਆ ਗਿਆ ਹੈ। ਪਰ ਦੁਨੀਆਂ ਅੱਗੇ ਤੋਂ ਅੱਗੇ ਹੀ ਵੱਧਦੀ ਗਈ। ਇਹ ਤੋਂ ਤਾਂ ਇਹੀ ਸਿੱਟਾ ਨਿਕਲਦਾ ਹੈ ਕਿ ਇਸ ਦੁਨੀਆਂ ਨੂੰ ਕੁੱਝ ਨਹੀਂ ਹੋਣ ਲੱਗਾ, ਇਹਨੇ ਅੱਗੇ ਹੀ ਅੱਗੇ ਜਾਣਾ ਹੈ। ਪ੍ਰਗਤੀ ਕੁਦਰਤ ਦਾ ਅੱਟਲ ਨਿਯਮ ਹੈ।

ਜੇ ਚਾਲੀ ਸਾਲ ਪਹਿਲਾਂ ਦੀ ਦੁਨੀਆ ਦਾ ਹੁਣ ਨਾਲ ਮੁਕਾਬਲਾ ਕਰ ਕੇ ਦੇਖੀਏ ਤਾਂ ਅੰਦਾਜ਼ਾ ਇਹੀ ਬਣਦਾ ਹੈ ਸਾਡੀ ਦੁਨੀਆਂ ਅਗਲੇ ਚਾਲੀ ਸਾਲਾਂ ਵਿੱਚ ਪਿੱਛਲੇ ਚਾਲੀ ਸਾਲਾਂ ਨਾਲੋਂ ਕਈ ਗੁਣਾਂ ਅੱਗੇ ਲੰਘ ਜਾਵੇਗੀ।

**? 40 ਸਾਲ ਪਿਛੋਂ ਇਨਸਾਨੀ ਰਿਸ਼ਤੇ ਕਿਹੋ ਜਿਹੇ ਹੋਣਗੇ ? ਵਿਆਹੁਤਾ ਜੀਵਨ ਦਾ ਕੀ ਥਾਂ ਹੋਵੇਗਾ ? ਜਿਉਣ ਦੇ ਮਕਸਦ ਕਿਹੋ ਜਿਹੇ ਹੋਣਗੇ।**

– ਪਿਛਲੇ ਕੁੱਝ ਸਾਲਾਂ ਵਿੱਚ ਜਿਸ ਤਰ੍ਹਾਂ ਵਿਗਿਆਨਕ ਉਨਤੀ ਨਾਲ ਸੰਚਾਰ, ਸੰਪਰਕ ਤੇ ਯਾਤਾਯਾਤ ਸਾਧਨਾਂ ਵਿੱਚ ਹੈਰਾਨਕੁਨ ਉਨਤੀ ਹੋਈ ਹੈ ਅਤੇ ਕੰਪਿਉਟਰ ਯੁਗ ਨੇ ਦੁਨੀਆਂ ਨੂੰ ਗਲੋਬਲ ਪਿੰਡ ਵਿੱਚ ਬਦਲ ਦਿੱਤਾ ਹੈ ਤੇ ਇਸ ਦੇ ਨਾਲ ਹੀ ਔਟੋਮੇਸ਼ਨ ਨਾਲ ਦਿਮਾਗੀ ਤੇ ਜਿਸਮਾਨੀ ਮਿਹਨਤ ਵਿੱਚ ਫਰਕ ਮਿਟਦਾ ਜਾ ਰਿਹਾ ਹੈ, ਉਸਦੇ ਸਿੱਟੇ ਵਜੋਂ ਪੂੰਜੀਵਾਦ ਵੀ ਹੌਲੀ ਹੌਲੀ ਆਪਣੀ ਪਹਿਲੀ ਸ਼ਕਲ ਗੰਵਾ ਰਿਹਾ ਹੈ। ਜ਼ਰਾ ਕਿਆਸ ਕਰੋ ਚਾਲੀ ਕੁ ਸਾਲ ਤੱਕ ਜਦ ਪੈਦਾਵਾਰ ਦੇ ਬਹੁਤੇ ਕੰਮ ਰੋਬੋਟਾਂ ਨਾਲ ਹੋਣ ਲੱਗ ਪੈਣਗੇ ਤਾਂ ਮਨੁੱਖ ਹੱਥੋਂ ਮਨੁੱਖ ਦੀ ਮਿਹਨਤ ਦੀ ਲੁੱਟ ਦੀ ਲੋੜ ਕਿੰਨੀ ਕੁ ਰਹਿ ਜਾਵੇਗੀ ? ਜੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਹੋ ਗਈ ਤਾਂ ਕਿਹੋ ਜਿਹਾ ਸਮਾਜ ਹੋਂਦ ਵਿੱਚ ਆ ਜਾਵੇਗਾ ? ਇਹ ਜਾਣ ਲੈਣਾ ਵੀ ਉੱਚਤ ਹੈ ਕਿ ਸਮਾਜਕ ਰਿਸ਼ਤੇ ਵੀ ਆਰਥਕ ਰਿਸ਼ਤਿਆਂ ਦਾ ਪਰਤੌਅ ਹੀ ਹੁੰਦੇ ਹਨ। ਜਦ ਆਰਥਕ ਰਿਸ਼ਤਿਆਂ ਵਿੱਚ ਨਿੱਜੀ ਮਾਲਕੀ ਨਾ ਰਹੀ ਤਾਂ ਸਮਾਜਕ ਰਿਸ਼ਤਿਆਂ ਵਿੱਚ ਵੀ ਨਹੀਂ ਰਹੇਗੀ। ਵਿਵਾਹਤ ਜੀਵਨ ਵਿੱਚ ਵੀ ਲੱਗਭਗ ਉਸੇ ਤਰ੍ਹਾਂ ਦਾ ਮਾਲਕ ਤੇ ਕਾਮੇ ਵਾਲਾ ਰਿਸ਼ਤਾ ਹੁੰਦਾ ਹੈ ਜਿਸ ਤਰ੍ਹਾਂ ਦਾ ਪ੍ਰਚਲੱਤ ਆਰਥਕ ਪ੍ਰਬੰਧ ਵਿੱਚ ਮਾਲਕ ਤੇ ਕਾਮੇ ਦਾ ਹੁੰਦਾ ਹੈ। ਜਦ ਆਰਥਕ ਪ੍ਰਬੰਧ ਵਿੱਚ ਇਹ ਰਿਸ਼ਤੇ ਨਾ ਰਹੇ ਤਾਂ ਸਮਾਜ ਵਿੱਚ ਵੀ ਨਹੀਂ ਰਹਿਣਗੇ। ਵਿਆਹ ਵਿੱਚ ਵੀ ਪਤੀ ਪਤਨੀ ਵਾਲਾ ਰਿਸ਼ਤਾ ਖਤਮ ਹੋ ਜਾਵੇਗਾ, ਇਹਦੀ ਥਾਂ ਹੌਲੀ ਹੌਲੀ ਸੈ ਇੱਛਾ ਤੇ ਅਧਾਰਤ ਲੰਮੀ ਮਿੱਤਰਤਾ ਦਾ ਰਿਸ਼ਤਾ ਪ੍ਰਵਾਨ ਹੋ ਜਾਵੇਗਾ।

**? ਯੂਨਾਨੀ ਫਿਲਾਸਫਰ ਸੁਕਰਾਤ ਕਹਿੰਦਾ ਹੈ ਕਿ ਨਾਸ਼ਮਾਨ ਬੰਦੇ ਕੋਲ ਸਿਆਣਪ ਸਿਰਫ ਨਾਸ਼ਮਾਨ ਬੰਦੇ ਜਿੰਨੀ ਹੀ ਹੋ ਸਕਦੀ ਹੈ। ਤੁਸੀਂ ਇੱਕ ਸਦੀ ਦਾ ਪੌਣੇ ਤੋਂ ਵੀ ਵੱਧ ਸਮਾਂ ਜੀ ਲਿਆ ਹੈ, ਆਪਣੇ ਖੇਤਰ ’ਤੇ ਖਲੋ ਕਿ ਦੱਸੋ ਕਿ ਹਿਊਮਨ ਵਿਜ਼ਡਮ ਦਾ ਘੇਰਾ ਕੀ ਹੈ।**

– ਸੁਕਰਾਤ ਨੇ ਜੋ ਕੁੱਝ ਵੀ ਕਿਹਾ ਸੀ ਉਹ ਉਹਦੇ ਸਮੇਂ ਦਾ ਸੱਚ ਸੀ। ਉਸ ਸਮੇਂ ਦੇ ਸਮਾਜਕ ਤੇ ਆਰਥਕ ਪ੍ਰਬੰਧ ਦੇ ਅੰਦਰ ਹੀ ਸੁਕਰਾਤ ਦੇ ਗਿਆਨ ਦੀ ਹੱਦ ਹੋ ਸਕਦੀ ਸੀ ਪਰ ਜੇ ਕੋਈ ਪਰਾਭੌਤਕ ਗੱਲਾਂ ਕਰੇ ਤਾਂ ਉਹ ਗਿਆਨ ਤੋਂ ਬਾਹਰ ਦੀਆਂ ਕਲਪਨਾਵਾਂ ਹੀ ਹੁੰਦੀਆਂ ਹਨ।

**? ਤੁਸੀਂ ਛੇਵੀਂ ਗਿਆਨ ਇੰਦਰੀ ਵਿੱਚ ਕਿੰਨਾ ਕੁ ਵਿਸ਼ਵਾਸ ਰੱਖਦੇ ਹੋ। ਤੁਹਾਡੇ ਲਈ ਇਸ ਸ਼ਬਦ ਦੇ ਕੀ ਅਰਥ ਹਨ ?**

-ਪੰਜ ਗਿਆਨ ਇੰਦਰੀਆਂ ਬਾਰੇ ਤਾਂ ਵੇਦਾਂ ਤੋਂ ਲੈ ਕੇ ਮਨੂ ਸਮ੍ਰਿਤੀ ਆਦਿ ਵਿੱਚ ਵੀ ਬਹੁਤ ਕੁੱਝ ਮਿਲ ਜਾਂਦਾ ਹੈ ਪਰ ਇਸ ਛੇਵੀਂ ਬਾਰੇ ਕਿਤੇ ਵੀ ਜ਼ਿਕਰ ਨਹੀਂ ਮਿਲਦਾ। ਦੇਖਣ, ਸੁਣਨ, ਸੁੰਘਣ, ਚੱਖਣ ਤੇ ਸਪਰਸ਼ ਨਾਲ ਹੀ ਬਾਹਰ ਦੀ ਦੁਨੀਆ ਦਾ ਸਾਨੂੰ ਗਿਆਨ ਹੁੰਦਾ ਹੈ। ਸਾਡੀ ਸੋਚ ਸਾਡੀ ਕਲਪਨਾ ਦਾ ਆਰੰਭ ਇਨ੍ਹਾਂ ਗਿਆਨ ਇੰਦਰੀਆਂ ਨਾਲ ਹੀ ਹੁੰਦਾ ਹੈ। ਬਹੁਤ ਕੁੱਝ ਅਜਿਹਾ ਸਾਡੇ ਅਚੇਤ ਮਨ ਵਿੱਚ ਇਨ੍ਹਾਂ ਗਿਆਨ ਇੰਦਰੀਆਂ ਰਾਹੀਂ ਜਮ੍ਹਾ ਹੁੰਦਾ ਰਹਿੰਦਾ ਹੈ ਜਿਹਦਾ ਸੁਚੇਤ ਤੌਰ ਤੇ ਸਾਨੂੰ ਪਤਾ ਨਹੀਂ ਹੁੰਦਾ। ਕਈ ਅਜਿਹੇ ਬੰਦੇ ਵੀ ਮਿਲ ਜਾਂਦੇ ਹਨ, ਜਿਹੜੇ ਦੇਖਣ, ਸੁਣਨ, ਸੁੰਘਣ, ਚੱਖਣ ਤੇ ਸਪਰਸ਼ ਸ਼ਕਤੀ ਦੀਆਂ ਕੁੱਝ ਘਾਟਾਂ ਕਰਕੇ ਅਸਾਧਾਰਣ ਹੁੰਦੇ ਹਨ। ਅਜਿਹੇ ਬੰਦਿਆਂ ਵਿੱਚ ਕਦੀਂ ਕਦੀਂ ਅਸਚਰਜ ਕਿਸਮ ਦੀ ਅਨੁਭਵ ਸ਼ਕਤੀ ਹੁੰਦੀ ਹੈ। ਕੋਈ ਕੋਈ ਬੰਦਾ ਅਜਿਹਾ ਵੀ ਮਿਲ ਪੈਂਦਾ ਹੈ ਜਿਹੜਾ ਆਪਣੇ ਪਿਛਲੇ ਜਨਮ ਦੀਆਂ ਗੱਲਾਂ ਦਸਦਾ ਹੈ। ਪਰ ਵਿਗਿਆਨ ਪੜਤਾਲ ਨਾਲ ਅਗਲੇ ਪਿਛਲੇ ਜਨਮਾਂ ਬਾਰੇ ਕੁੱਝ ਵੀ ਸਾਬਤ ਨਹੀਂ ਹੁੰਦਾ। ਮੇਰੀ ਸਮਝ ਅਨੁਸਾਰ ਅਜਿਹਾ ਕੁੱਝ ਸਾਡੇ ਅਚੇਤ ਮਨ ਵਿੱਚੋਂ ਆਉਂਦਾ ਹੈ। ਅਸਾਧਾਰਨ ਕਿਸਮ ਦੇ ਬੰਦਿਆਂ ਦਾ ਅਚੇਤ ਮਨ ਆਮ ਬੰਦਿਆਂ ਦੇ ਅਚੇਤ ਮਨ ਨਾਲੋਂ ਵਧੇਰੇ ਕਿਰਿਆਸ਼ੀਲ ਹੋ ਜਾਂਦਾ ਹੈ ਤਾਂ ਉਨ੍ਹਾਂ ਨੂੰ ਅਜਿਹੇ ਪ੍ਰਛਾਵੇਂ ਦਿਸਣ ਲੱਗ ਪੈਂਦੇ ਹਨ ਜਿਸ ਬਾਰੇ ਉਨ੍ਹਾਂ ਦੇ ਸੁਚੇਤ ਮਨ ਵਿੱਚ ਕੋਈ ਗਿਆਨ ਨਹੀਂ ਹੁੰਦਾ। ਉਹ ਇਨ੍ਹਾਂ ਪ੍ਰਛਾਵਿਆਂ ਨੂੰ ਕੋਈ ਅਗੰਮੀ ਗੱਲ ਸਮਝ ਲੈਂਦੇ ਹਨ।

**? ਜੈਨੀ, ਸਨਾਤਨ ਅਤੇ ਬੋਧੀ ਧਰਮ ਆਪਸ ਵਿੱਚ ਕੀ ਸਮਾਨਤਾ ਤੇ ਕੀ ਅੰਤਰ ਰੱਖਦੇ ਨੇ ਅਤੇ ਸਿੱਖ ਧਰਮ ਇਨ੍ਹਾਂ ਨਾਲੋਂ ਕਿਵੇਂ ਵੱਖਰਾ ਹੈ। ਤੁਹਾਡੇ ਸੋਧ ਮੁਤਾਬਿਕ, ਜੋ ਲੋਕ ਰੋਜ਼ ਪਾਠ ਜਾਂ ਪ੍ਰਾਰਥਨਾ ਕਰਦੇ ਨੇ ਤੁਸੀਂ। ਉਨ੍ਹਾਂ ਬਾਰੇ ਕੀ ਸੋਚਦੇ ਹੋ।**

– ਸਨਾਤਨ ਧਰਮ ਈਸ਼ਵਰਵਾਦੀ ਵੀ ਹੈ ਤੇ ਆਸਤਿਕ ਵੀ, ਬੋਧ ਤੇ ਜੈਨ ਧਰਮ ਦੋਵੇਂ ਅਨਈਸ਼ਵਰਵਾਦੀ ਤੇ ਨਾਸਤਿਕ ਹਨ। ਸਨਾਤਨ ਧਰਮ ਆਸ਼ਰਮ ਵਿੱਚ ਯਕੀਨ ਰੱਖਦਾ ਹੈ ਅਵਤਾਰਵਾਦ ਦਾ ਪੈਰੋਕਾਰ ਹੈ ਤੇ ਵੇਦਾਂ ਨੂੰ ਅਨਾਦੀ ਮੰਨਦਾ ਹੈ। ਬੋਧ ਅਤੇ ਜੈਨ ਧਰਮ ਨਾ ਅਵਤਾਰਵਾਦ ਵਿੱਚ ਯਕੀਨ ਰੱਖਦੇ ਹਨ, ਨਾ ਵਰਧ ਆਸ਼ਰਮ ਵਿੱਚ ਤੇ ਨਾ ਵੇਦਾਂ ਨੂੰ ਅਨਾਦੀ ਮੰਨਦੇ ਹਨ। ਸਾਂਝ ਇਹ ਹੈ ਕਿ ਇਹ ਤਿੰਨੇ ਪੁਨਰ ਜਨਮ ਵਿੱਚ ਯਕੀਨ ਰੱਖਦੇ ਹਨ ਤੇ ਕਰਮਾਂ ਦੇ ਸਿਧਾਂਤ ਨੂੰ ਮੰਨਦੇ ਹਨ। ਪਾਠ ਜਾਂ ਪ੍ਰਾਰਥਨਾਂ ਦੀ ਕੋਈ ਸਾਰਥਕਤਾ ਹੈ ਤਾਂ ਇੰਨੀ ਕੁ ਹੈ ਕਿ ਇਸ ਨਾਲ ਮਨੁੱਖ ਦੇ ‘ਜੇਹਾ ਸੇਵੈ ਤੇਹਾ ਹੋਵੈ’ ਦੀ ਸੰਭਾਵਨਾ ਬਣੀ ਰਹਿੰਦੀ ਹੈ ਪਰ ਪ੍ਰਸ਼ਨ ਇਹ ਹੈ ਕਿ ਪ੍ਰਾਰਥਨਾ ਕਰਨ ਵਾਲਾ ਆਪਣੇ ਇਸ਼ਟ ਨੂੰ ਕਿਸ ਰੂਪ ਵਿੱਚ ਦੇਖਦਾ ਹੈ। ਜੇ ਉਹਦੀ ਕਪਲਨਾ ਆਪਣੇ ਇਸ਼ਟ ਨੂੰ ਮਿਹਰਬਾਨ ਤੇ ਹਰ ਜੀਵ ਵਿੱਚ ਚਿਤਵਦੀ ਹੈ ਤਾਂ ਉਹ ਆਪ ਵੀ ਮਿਹਰਬਾਨ ਤੇ ਹਰ ਜੀਵ ਦੀ ਸੇਵਾ ਕਰਨ ਵਾਲਾ ਬਣ ਜਾਵੇਗਾ ਪਰ ਜੇ ਉਹ ਆਪਣੇ ਇਸ਼ਟ ਨੂੰ ਕਰਾਹ (ਕਹਿਰ ਵਰਤਾਉਣ ਵਾਲਾ),

ਜੱਬਾਰ (ਜਬਰ ਕਰਨ ਵਾਲਾ) ਤੇ ਬਦਲਾਖੋਰ ਚਿਤਵਦਾ ਹੈ ਤਾਂ ਉਹ ਆਪ ਵੀ ਅਜਿਹਾ ਹੀ ਬਣ ਜਾਵੇਗਾ। ਸਿੱਖ ਧਰਮ, ਸਨਾਤਨ ਧਰਮ ਨਾਲੋਂ ਬੁਨਿਆਦੀ ਤੌਰ 'ਤੇ ਵੱਖਰਾ ਨਹੀਂ। ਦੋਵੇਂ ਹੀ ਈਸ਼ਵਰਵਾਦੀ ਹਨ, ਮਾਇਆ ਦੇ ਸਿਧਾਂਤ ਨੂੰ ਮੰਨਦੇ ਹਨ, ਪੁਨਰਜਨਮ ਵਿੱਚ ਯਕੀਨ ਰੱਖਦੇ ਹਨ ਪਰ ਸਿੱਖ ਦਰਸ਼ਨ ਦਾ ਧੁਰਾ ਬਹੁਤ ਉਨਿਸ਼ਦਾਂ ਦੀ ਸਿੱਖਿਆ ਦੇ ਮੁਤਾਬਿਕ ਹੈ। ਇਹ ਸਨਾਤਨ ਧਰਮ ਵਾਲੇ ਕਰਮ ਕਾਂਡਾਂ ਨੂੰ ਤਾਂ ਨਿੰਦਦਾ ਹੈ ਪਰ ਆਪ ਵੀ ਉਹੋ ਜਿਹੇ ਕਰਮ ਕਾਂਡਾਂ ਵਿੱਚ ਫਸਿਆ ਹੋਇਆ ਹੈ।

**? ਕਿਸੇ ਤਰ੍ਹਾਂ ਦੀ ਵੀ ਕੋਸ਼ਿਸ਼ ਨੂੰ ਕਾਰਜਸ਼ੀਲ ਰੂਪ ਦੇਣ ਲਈ ਘੱਟ ਤੋਂ ਘੱਟ ਮਿੱਟੀ ਪਾਣੀ ਤੇ ਰਗਾਂ 'ਚ ਚਲਦੇ ਖ਼ੂਨ ਦਾ ਹੋਣਾ ਤਾਂ ਜ਼ਰੂਰੀ ਹੈ। ਕਾਰਜ ਤੇ ਕਾਰਣ ਦੀ ਏਕਤਾ ਨੂੰ ਸਮਝਦੇ ਹੋਏ ਤੁਸੀਂ ਜ਼ਿੰਦਗੀ 'ਚ ਕਿਹੜੇ ਕਠਿਨ ਇਰਾਦਿਆਂ ਨੂੰ ਸਰ-ਅੰਜ਼ਾਮ ਦਿੱਤਾ? ਅਜਿਹੇ ਲਹਿਜ਼ੇ 'ਚ ਦੱਸੋ ਜਿਸਤੋਂ ਝੁੱਗੀ ਝੌਂਪੜੀ ਜਾਂ ਬੇਘਰ ਮਰਦ ਔਰਤਾਂ ਵੀ ਸੇਧ ਲੈ ਸਕਣ?**

– ਇਹ ਸੋਚ ਹੈ ਕਿ ਹਰ ਤਰ੍ਹਾਂ ਦੇ ਖਿਆਲਾਂ ਨੂੰ ਅਮਲ ਦਾ ਜਾਮਾ ਪਹਿਨਾਉਣ ਲਈ ਨਿੱਤ ਦੀਆਂ ਬੁਨਿਆਦੀ ਉਤਸ਼ਾਹ ਤੇ ਰੁਚੀ ਦਾ ਹੋਣਾ ਵੀ ਉਨਾ ਹੀ ਜ਼ਰੂਰੀ ਹੁੰਦਾ ਹੈ। ਕਈ ਬੰਦੇ ਖਿਆਲਾਂ ਵਿੱਚ ਤਾਂ ਮਹਾਨ ਹੁੰਦੇ ਹਨ ਪਰ ਅਮਲ ਵਿੱਚ ਸਧਾਰਨ ਤੇ ਸੁਸਤ ਹੁੰਦੇ ਹਨ। ਇਸਤੋਂ ਉਲਟ ਕਈ ਬੰਦੇ ਅਮਲ ਵਿੱਚ ਤਾਂ ਬਹੁਤ ਮਹਾਨ ਤੇ ਚੁਸਤ ਹੁੰਦੇ ਹਨ ਪਰ ਸੂਝ ਵਿੱਚ ਬਹੁਤ ਹੀ ਸਧਾਰਨ ਤੇ ਸੁਸਤ ਹੁੰਦੇ ਹਨ। ਮੈਂ ਵੀ ਤਾਂ ਹੱਡ ਮਾਸ ਦਾ ਬਣਿਆ ਹੋਇਆ ਸਧਾਰਨ ਬੰਦਾ ਹਾਂ। ਸੋਚ ਤੇ ਅਮਲ ਨੂੰ ਹਾਣੀ ਬਣਾ ਸਕਿਆ ਹੋਵਾਂ, ਇਹਦੇ ਬਾਰੇ ਕੁੱਝ ਵੀ ਕਹਿਣਾ ਛੋਟਾ ਮੂੰਹ ਬੜੀ ਬਾਤ ਵਾਲੀ ਗੱਲ ਹੋਵੇਗੀ। ਸ੍ਰਿਸ਼ਟੀ ਦੀ ਰਚਨਾ ਤੇ ਇਸ ਅੰਦਰ ਹੋ ਰਹੇ ਕਾਰਜਾਂ ਦੇ ਕਾਰਣਾਂ ਬਾਰੇ ਤੇ ਕਾਰਣਾਂ ਵਿੱਚੋਂ ਪੈਦਾ ਹੁੰਦੇ ਕਾਰਜਾਂ ਵਿੱਚ ਸੂਰਜ ਲਿਆਉਣਾ ਤਾਂ ਮੇਰੇ ਬਸ ਦੀ ਗੱਲ ਨਹੀਂ ਸੀ ਪਰ ਨਿੱਕੇ ਨਿੱਕੇ ਦੀਪ ਇਸ ਆਸ ਨਾਲ ਜਗਾਉਣ ਦੇ ਯਤਨ ਕਰਦਾ ਰਿਹਾ ਹਾਂ ਕਿ ਦੀਪਾਂ ਤੋਂ ਦੀਪ ਜਗਦੇ ਜਾਣਗੇ ਤੇ ਇੰਝ ਇੱਕ ਦਿਨ ਕਾਲੀ ਬੋਲੀ ਰਾਤ ਦਾ ਸੀਨਾ ਪਾੜ ਕੇ ਪ੍ਰਬੁੱਧਤਾ ਦਾ ਸੁਨਹਿਰੀ ਸੂਰਜ ਚੜ੍ਹ ਆਵੇਗਾ।

ਝੁੱਗੀ ਝੌਂਪੜੀ ਵਾਲੇ ਜਾਂ ਬੇਘਰ ਅਤੇ ਅਤਿ ਦੀ ਗ਼ਰੀਬੀ ਵਿੱਚ ਦਿਨ ਕਟੀ ਕਰਨ ਲਈ ਮਜ਼ਬੂਰ ਬੰਦਿਆਂ ਲਈ ਤਾਂ ਰੋਟੀ ਦੀ ਪ੍ਰਾਪਤੀ ਹੀ ਅਤਿ ਕਠਨ ਸਮੱਸਿਆ ਹੁੰਦੀ ਹੈ। ਉਨ੍ਹਾਂ ਕੋਲ ਆਪਣੀ ਅਤਿ ਭੈੜੀ ਦਸ਼ਾ ਦੇ ਕਾਰਨਾਂ ਨੂੰ ਸਮਝਣ ਲਈ ਸਮਾਂ ਨਹੀਂ ਹੁੰਦਾ ਹੈ। ਸੂਝ ਉਹ ਤਾਂ ਵਹਿਮਾਂ ਭਰਮਾਂ, ਜਾਦੂ ਟੂਣਿਆਂ ਤੇ ਚੇਲੇ ਚਾਟੜਿਆਂ ਦੇ ਤੰਦੂਏ ਦੀਆਂ ਤਾਰਾਂ ਵਿੱਚ ਉਲਝੇ ਹੀ ਜੰਮਦੇ, ਜਿਉਂਦੇ ਤੇ ਖਤਮ ਹੋ ਜਾਂਦੇ ਹਨ। ਉਨ੍ਹਾਂ ਨੂੰ ਇਸ ਮਹਾਂ ਨਰਕ ਤੋਂ ਛੁਟਕਾਰਾ ਦੁਆਉਣ ਲਈ ਪਹਿਲਾਂ ਵਹਿਮਾਂ ਭਰਮਾਂ, ਨਰਕਾਂ ਸੁਰਗਾਂ ਦੇ ਮਹਾਜਾਲ ਨੂੰ ਲੀਰੋ ਲੀਰ ਕਰਨਾ ਤੇ ਪ੍ਰਬਧਤਾ ਦੇ ਚਾਨਣ ਨਾਲ ਉਨ੍ਹਾਂ ਦੀ ਸੋਚ ਨੂੰ ਪ੍ਰਜਵਲਤ ਕਰਨਾ ਅਵੱਸ਼ਕ ਹੈ। ਇਹ ਸਭ ਕੁਝ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਅਜਿਹੇ ਮਹਾਜਾਲ ਨੂੰ ਕਾਇਮ ਰੱਖਣ ਵਾਲੇ ਪ੍ਰਬੰਧ ਨੂੰ ਜੜ੍ਹਾਂ ਤੋਂ ਪੁੱਟ ਕੇ ਉਸਦੀ ਥਾਂ ਉਨ੍ਹਾਂ ਲੋਕਾਂ ਦਾ ਹਿਤੂ ਪ੍ਰਬੰਧ ਉਸਾਰਿਆ ਜਾਵੇ।

**? ਕੀ ਤੁਹਾਨੂੰ ਲੱਗਦਾ ਹੈ ਕਿ ਆਉਣ ਵਾਲੇ ਸਮੇਂ 'ਚ ਆਮ ਲੋਕ ਵਹਿਮ ਤੇ ਤਰਕ ਦਾ ਫਾਸਲਾ ਸਮਝਣ ਲੱਗ ਜਾਣਗੇ? ਕੀ ਕਦੇ ਵਹਿਮਾਂ ਭਰਮਾਂ ਤੋਂ ਰਹਿਤ ਸਮਾਜ ਜਾਂ ਸਭਿਅਤਾ ਇਸ ਧਰਤੀ ਤੇ ਜੀਵੀ ਹੋਵੇਗੀ? ਤੁਹਾਡੇ ਮੁਤਾਬਿਕ ਕਿੰਨੇ ਕੁ ਲੇਖਕ ਜਾਂ ਸਾਹਿਤਕ ਮੱਸ ਰੱਖਣ ਵਾਲੇ ਲੋਕ ਵਹਿਮਾਂ ਭਰਮਾਂ ਤੋਂ ਮੁਕਤ ਹਨ? ਤੁਹਾਡੇ ਆਪਣੇ ਪਰਿਵਾਰ ਦਾ ਕੀ ਨਜ਼ਰੀਆ ਹੈ ਇਸ ਵਿਸ਼ੇ 'ਚ?**

– ਮੈਨੂੰ ਲਗਦਾ ਹੀ ਨਹੀਂ ਬਲਕਿ ਇਹ ਅਟੱਲ ਸੱਚ ਹੈ ਕਿ ਭਵਿੱਖ ਵਿੱਚ ਜਦ ਹਰ ਪਾਸੇ ਤੇ ਹਰ ਇੱਕ ਲਈ ਵਿੱਦਿਆ ਦੇ ਨਾਲ ਨਾਲ ਵਿਗਿਆਨਕ ਸੂਝ ਦੀ ਦੀ ਪ੍ਰਾਪਤੀ ਲਾਜ਼ਮੀ ਹੋ ਜਾਵੇਗੀ ਤਾਂ ਪ੍ਰਬੁੱਧਤਾ ਦੇ ਫੈਲਣ ਨਾਲ ਤਰਕਸ਼ੀਲਤਾ ਵੀ ਵਧੇਗੀ ਤੇ ਵਹਿਮ ਭਰਮ ਵੀ ਮਿਲਣਗੇ। ਵਹਿਮਾਂ ਭਰਮਾਂ ਤੋਂ ਰਹਿਤ ਸਮਾਜ ਜਾਂ ਸਭਿਅਤਾ ਇਸ ਧਰਤੀ ਤੇ ਕਦੀ ਪਹਿਲਾਂ ਹੋਈ ਹੋਵੇਗੀ ਜਾਂ ਨਹੀਂ? ਇਸ ਦਾ ਉੱਤਰ ਲੱਭਣ ਲਈ ਇਹ ਦੇਖਣਾ ਪਵੇਗਾ ਕਿ ਕੀ ਕਦੀ ਇਸ ਧਰਤੀ 'ਤੇ ਵਿਗਿਆਨ ਦਾ ਚਾਨਣ ਫੈਲਣ ਨਾਲ ਪ੍ਰਬੁੱਧਤਾ ਫੈਲੀ ਸੀ ਜਾਂ ਨਹੀਂ? ਇਸਦਾ ਉੱਤਰ ਹਾਲੀ ਤੱਕ ਪ੍ਰਾਪਤ ਵਿਵਸਥਾ ਵਿੱਚ ਹੀ ਵਿਚਰਦੇ ਹਨ। ਉਨ੍ਹਾਂ ਵਿੱਚ ਵਹਿਮ ਭਰਮ ਘੱਟ ਤਾਂ ਹੋ ਸਕਦੇ ਹਨ ਪਰ ਉਹ ਵੀ ਪੂਰੀ ਤਰ੍ਹਾਂ ਇਨ੍ਹਾਂ ਤੋਂ ਮੁਕਤ ਨਹੀਂ ਹੋ ਸਕਦੇ। ਮੇਰੇ ਆਪਣੇ ਪਰਿਵਾਰ ਵਿੱਚ ਵਹਿਮਾਂ ਭਰਮਾਂ ਲਈ ਕੋਈ ਥਾਂ ਨਹੀਂ। ਇਸਦਾ ਮੁੱਖ ਕਾਰਣ ਮੇਰਾ ਤੇ ਮੇਰੀ ਪਤਨੀ ਦਾ ਸਿੰਘ ਸਭੀਆਂ ਵਾਲਾ ਪਿਛੋਕੜ ਹੈ। ਇਸ ਪਿਛੋਕੜ ਵਿੱਚ ਇਹ ਤਾਂ ਸਿਖਾਇਆ ਜਾਂਦਾ ਹੈ ਕਿ ਜਾਦੂ ਟੂਣੇ, ਭੂਤ ਪ੍ਰੇਤ ਕੁੱਝ ਨਹੀਂ ਹੁੰਦੇ ਪਰ ਇੱਕ ਹੋਰ ਵੱਖਰੀ ਤਰ੍ਹਾਂ ਦੀ ਅੰਨ੍ਹੀ ਆਸਥਾ ਲਈ ਵੀ ਮੈਦਾਨ ਤਿਆਰ ਕੀਤਾ ਜਾਂਦਾ ਹੈ। ਹੁਣ ਇਹ ਤਾਂ ਹਰ ਬੰਦੇ ਦੀ ਆਪਣੀ ਸੋਚ 'ਤੇ ਨਿਰਭਰ ਹੈ ਕਿ ਉਹ ਇਸ ਨਵੀਂ ਤਰ੍ਹਾਂ ਦੇ ਮਾਇਆ ਜਾਲ ਵਿੱਚ ਫਸਦਾ ਹੈ ਜਾਂ ਨਹੀਂ। ਇਸ ਗੱਲ ਸਮੇਂ ਮੈਂ ਸੁਭਾਗਾ ਹਾਂ ਕਿ ਮੇਰੇ ਬੱਚਿਆਂ 'ਤੇ ਹਾਲੀਂ ਤੱਕ ਨਾ ਪੁਰਾਣੇ ਢੰਗ ਦੇ ਵਹਿਮਾਂ ਭਰਮਾਂ ਦਾ ਪ੍ਰਭਾਵ ਹੈ ਨਾ ਨਵੀਂ ਤਰ੍ਹਾਂ ਦੀ ਅੰਨ੍ਹੀ ਆਸਥਾ ਦਾ।

**? ਸੁਹਜ ਸਿਰਜਣਾ, ਸਾਹਿਤ ਸਿਰਜਣਾ, ਜੀਵਨ ਸਿਰਜਣਾ ਤੇ ਹਉਂ ਸਿਰਜਣਾ, ਇੰਨ੍ਹਾਂ ਚੌਹਾਂ ਦੀ ਸਿਰਜਣ ਪ੍ਰਕਿਰਿਆ ਦਾ ਭਾਵਪੂਰਤ ਖੁਲਾਸਾ ਕੀ ਹੈ ਤੇ ਇੱਕ ਦੂਜੇ ਨਾਲੋਂ ਕਿਵੇਂ ਵੱਖ ਨੇ? ਨਿੱਜੀ ਅਨੁਭਵਾਂ ਨੂੰ ਮੁੱਖ ਰੱਖ ਕੇ ਦੱਸੋ।**

– ਸਮੁੱਚੇ ਜੀਵਨ ਨੂੰ ਸੁੰਦਰ ਬਣਾਉਣ ਲਈ ਸੁੰਦਰ ਚੁਗਿਰਦਾ, ਸੁੰਦਰ ਵਰਤਾਰਾ, ਸੁੰਦਰ ਸੁਭਾ ਤੇ ਸੁੰਦਰ ਕਦਰਾਂ ਕੀਮਤਾਂ ਦੀ ਸਿਰਜਣਾ ਹੀ ਸੁਹਜ ਸਿਰਜਣਾ ਹੈ। ਸਾਹਿਤ ਸਿਰਜਣਾ ਦਾ ਮਕਸਦ ਵੀ ਸੁਹਜ ਸਿਰਜਣਾ ਹੀ ਹੁੰਦਾ ਹੈ। ਇਸ ਤੋਂ ਬਿਨਾਂ ਸਾਹਿਤ ਨਹੀਂ ਹੁੰਦਾ। ਜੀਵਨ ਸਿਰਜਣਾ ਵੀ ਸੁਹਜ ਸਿਰਜਣਾ ਤੋਂ ਬਿਨਾਂ ਨਹੀਂ ਹੋ ਸਕਦੀ। ਸੁਹਜ ਤੋਂ ਸੱਖਣਾ ਜੀਵਨ ਬੇਅਰਥ ਸਾਹ ਲੈਣ ਤੋਂ ਬਿਨਾਂ ਹੋਰ ਕੁੱਝ ਨਹੀਂ ਹੁੰਦਾ। ਹਰ ਤਰ੍ਹਾਂ ਦੀ ਸਿਰਜਣਾ ਤਾਂ ਹੀ ਸਿਰਜਣਾ ਹੈ ਜੇ ਉਹਦੇ ਵਿੱਚ ਸੁਹਜ ਹੋਵੇ।

**(ਇੰਗਲੈਂਡ ਵਸਦੇ ਪੰਜਾਬੀ ਲੇਖਕ ਹਰਬਖ਼ਸ਼ ਮਕਸੂਦਪੁਰੀ ਨਾਲ ਸ਼ਬਦ ਵਿੱਚ ਛਪੀ ਲੰਬੀ ਵਾਰਤਾਲਾਪ ਦੇ ਸੰਖੇਪ ਅੰਸ਼)**

## ਕਿਰਪਾ ਕਰਕੇ ਧਿਆਨ ਦੇਵੋ

ਜੇਕਰ ਕਿਸੇ ਸਾਥੀ ਕੋਲ ਮੈਗਜ਼ੀਨ ਤਰਕਬੋਧ ਦੇ ਪੁਰਾਣੇ ਅੰਕ ਪਏ ਹੋਣ ਤਾਂ ਉਹਨਾਂ ਵਿਚੋਂ "ਗੱਲਾਂ ਬਾਬੇ ਨਾਨਕ ਦੀਆਂ" ਦੀ ਫੋਟੋ ਸਟੇਟ ਕਰਵਾਕੇ ਇਸ ਪਤੇ ਤੇ ਭੇਜੀ ਜਾਵੇ। ਧੰਨਵਾਦੀ ਹੋਵਾਂਗੇ।

**ਸਰਜੀਤ ਤਲਵਾਰ**
B-XI-2139, ਚਿੰਟੂ ਰੋਡ, ਬਰਨਾਲਾ - 148101
ਮੋਬਾ : 94639-92620


# ਵਿਗਿਆਨ ਜੋਤ

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
✪ ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

# ਹਾਸ ਵਿਅੰਗ ਡਾ. ਮੰਗੂ ਰਾਮ ਦੀ ਪਹਾੜ-ਯਾਤਰਾ

ਬਥੇਰਾ ਕੋਕੋ ਕਲਪੀ, "ਕੀ ਲੈਣਾ ਐ ਚਾਰੇ ਧਾਮਾਂ 'ਤੇ ਜਾ ਕੇ, ਕੀੜਿਆਂ ਦੇ ਭੌਣ ਵਾਂਗ ਇਕੱਠੇ ਹੋਏ ਲੋਕਾਂ ਵਿੱਚ ਤੇਰੇ ਵਰਗੇ ਦਾ ਕੁੱਝ ਨਹੀਂ ਵੱਟਿਆ ਜਾਣਾ ਵਿੱਚੇ ਰੁਲਜੂ ਰੱਬ ਦੇ ਨਾਲ ਲੱਗਦੇ ਪਹਾੜ, ਸ਼ੂਕਦੀਆਂ ਨਦੀਆਂ, ਦੈਂਤਾਂ ਵਰਗੀਆਂ ਚੱਟਾਨਾਂ, ਵਲ-ਵਲੇਵੇਂ ਖਾਦੀਆਂ ਛੋਟੀਆਂ-ਛੋਟੀਆਂ ਪਗਡੰਡੀਆਂ ਤੂੰ ਤਾਂ ਉਈਂ ਡੌਰ-ਭੌਰ ਹੋ ਜਾਏਗਾ। ਉੱਥੇ ਡਾ. ਮੰਗੂ ਰਾਮ ਬੀਮਾਰੀ ਹੱਸਿਆ, ਵਾਹ ਨੀ ਕੋਕੋ ਕਿਹੜੀਆਂ ਅਠਾਰਵੀਂ ਸਦੀ ਦੀਆਂ ਗੱਲਾਂ ਕਰੀ ਜਾਨੀ ਐਂ। ਕਦੇ ਅਖ਼ਬਾਰ-ਅਖ਼ਬੁਰ ਨੂੰ ਮੂੰਹ ਮਾਰ ਲਿਆ ਕਰ... ਹੁਣ ਤਾਂ ਉੱਥੇ ਸਰਕਾਰਾਂ ਨੇ ਵਿਕਾਸ ਦੀ ਹਨ੍ਹੇਰੀ ਲਿਆਤੀ ਐ... ਆਹ ਨਦੀਆਂ ਜਿੰਨੀਆਂ ਮਰਜੀ ਚੰਘਿਆੜਾਂ ਮਾਰ ਲੈਣ, ਉੱਛਲ-ਉੱਛਲ ਜਾਣ, ਵੱਡੇ-ਵੱਡੇ ਡੈਮਾਂ ਨੇ ਇਉਂ ਮੰਨ ਬੰਨ੍ਹ ਕੇ ਖੜ੍ਹਾਤੀਆਂ ਜਿਵੇਂ ਕਿਤੇ ਤੇਰੀ ਚਲਦੀ ਜੀਭ ਨੂੰ ਥਰਮਾਮੀਟਰ ਖੜ੍ਹਾ ਦਿੰਦੈ।"

"ਰੈਹਣ ਦੇ ਵੇ ਰੈਹਣ ਦੇ, ਮੇਰੀ ਜੀਭ ਤਾਂ ਭਾਵੇਂ ਖੜ੍ਹਜੇ ਘੜੀ ਪਲ, ਪਰ ਤੂੰ ਉਹਨਾਂ ਪਤੰਦਰਣੀਆਂ ਨੂੰ ਨੀ ਜਾਣਦਾ..। ਨਾਲੇ ਤੂੰ ਦੂਰ ਨਾ ਜਾ ਆਪਣੇ ਬਠਿੰਡੇ ਦੇ ਈ ਦੇਖ ਲੈ 64 ਸਾਲਾਂ ਦੇ ਲਿਆਂਦੇ ਵਿਕਾਸ ਨੂੰ। ਮੀਂਹਾ ਤੋਂ ਪਹਿਲਾਂ ਆਏ ਸਾਲ ਢੋਲ ਕੁੱਟਿਆ ਜਾਂਦੈ, ਆਜਾ ਉਏ ਮੀਂਹਾਂ ਜਿੱਧਰੋਂ ਮਰਜੀ, ਜਿਵੇਂ ਆਉਣੈ ਉਵੇਂ ਆ ਜਾ ਗੱਜ ਕੇ ਆ ਜਾ, ਭਾਵੇਂ ਚੁੱਪ-ਚਪੀਤਿਆਂ ਆ ਜਾ..। ਇਸ ਵਾਰ ਖੜ੍ਹਕੇ ਵਿਖਾਵੇ, ਤਿਪ ਵੀ ਪਾਣੀ ਦੀ, ਗਲੀਆਂ 'ਚ; ਤੇ ਹੁੰਦਾ ਕੀ ਐ, ਅੱਧੇ ਘੰਟੇ ਦਾ ਮੀਂਹ ਡੌਂਡੀ ਪਿੱਟਣ ਵਾਲਿਆਂ ਦੀ ਜੀਭ ਤਾਲੂਏ ਨਾਲ ਲਾ ਦਿੰਦੈ ਕਿਸ਼ਤੀਆਂ ਲੈ ਕੇ ਗਲੀਆਂ 'ਚੋਂ ਲੰਘਣਾ ਪੈਂਦੇ। ਸੀਵਰੇਜ ਦਾ ਗੰਦ-ਪਿਲ ਤੁਹਾਡੇ ਪੈਰਾਂ ਦੇ ਜੁੱਤਿਆਂ ਨੂੰ ਲੱਗ ਲੱਗ ਕੇ ਘਰਾਂ ਨੂੰ 'ਪਵਿੱਤਰ' ਕਰਦੈ... ਤੂੰ ਹੀ ਦੱਸ ਇਹਨਾਂ ਦੀਆਂ ਕਹੀਆਂ ਗੱਲਾਂ ਕਦੋਂ ਹੋਈਆਂ ਸੱਚੀਆਂ"

"ਤੂੰ ਤਾਂ ਕੋਕੋ ਰਾਜਨੀਤੀ ਲੈ ਕੇ ਬਹਿ ਗਈ ਬਈ ਆਪਣਾ ਸ਼ਹਿਰ ਰੇਤਲਾ ਇਲਾਕਾ ਨਾ ਇੱਥੇ ਕਿਸੇ ਦੇਵੀ ਦੇਵਤੇ ਨੇ ਜਨਮ ਲਿਆ ਨਾ ਕਿਸੇ ਗੁਰੂ ਨੇ ਚਰਨ ਪਾਏ ਤੇ ਕਮਲੀਏ ਉਹ ਧਰਤੀ ਦੇਵ-ਪੁਰਸ਼ਾਂ ਦੀ ਉਥੋਂ ਦਾ ਭਲਾਂ ਮੀਂਹ, ਤੂਫ਼ਾਨ ਜਾਂ ਸੁਨਾਮੀ ਕੀ ਵਿਗਾੜਦੂ। ਨਾਲੇ ਇਸ ਮੌਸਮ ਵਿੱਚ ਸਾਰੇ ਦੇਵੀ-ਦੇਵਤੇ ਖ਼ੁਸ਼ ਹੋਏ, ਧਰਤੀ ਦੇ ਜੀਵਾਂ ਦਾ ਕਲਿਆਣ ਕਰਨ ਉੱਥੇ ਆਏ ਹੁੰਦੇ ਨੇ।"

"ਉਏ ਰੱਬ ਦੇ ਬੰਦਿਆਂ ਉਹ ਤਾਂ ਆਏ ਹੁੰਦੇ ਨੇ, ਪਰ ਆਦਮੀ ਨੇ ਕਿੱਥੇ ਰਹਿਣ ਦਿੱਤਾ ਹੈ ਧਰਤੀ ਨੂੰ ਉਹਨਾਂ ਦੇ ਕਾਬਲ ਜੰਗਲਾਂ ਦੇ ਜੰਗਲ ਕੱਟਤੇ, ਨਦੀਆਂ ਦੇ ਘਰਾਂ 'ਤੇ ਕਬਜਾ ਕਰ ਫਾਈਵ ਸਟਾਰ ਹੋਟਲ ਉਸਾਰ ਲਏ, ਵਿਚਾਰੀਆਂ ਨਦੀਆਂ ਦੇ ਪੈਰਾਂ 'ਚ ਜੰਜੀਰਾਂ, ਡੈਮ ਬਣਾਕੇ ਪਾ ਦਿੱਤੀਆਂ। ਪਹਿਲਾਂ ਉਹ ਕਿੱਕਲੀਆਂ ਪਾਉਂਦੀਆਂ, ਕਲੋਲਾਂ ਕਰਦੀਆਂ ਦੂਰ ਤੱਕ ਪਸਰ ਜਾਂਦੀਆਂ ਸੀ ਪਰ ਹੁਣ ਵਿਚਾਰੀਆਂ ਦੇ ਪਰਾਂ ਨੂੰ ਕੱਟ ਦਿੱਤਾ।"

ਕੋਕੋ ਦੀ ਫਿਲਾਸਫੀ 'ਤੇ ਡਾ. ਮੰਗੂ ਰਾਮ ਹੱਸਿਆ। ਉਹਦੇ ਨਾ ਨਾ ਕਰਦਿਆਂ ਚਾਰੇ ਧਾਮਾਂ ਦੇ ਦਰਸ਼ਨਾਂ ਲਈ ਚਾਲੇ ਪਾ ਦਿੱਤੇ। ਪਹਿਲੇ ਧਾਮ 'ਤੇ ਦਰਸ਼ਨ ਕਰਕੇ ਸ਼ਰਧਾ ਨਾਲ ਸਿਰ ਝੁਕ ਗਿਆ ਮਨ ਨੂੰ ਸ਼ਾਂਤੀ ਮਿਲੀ। ਸ਼ਿਵਜੀ ਮਹਾਰਾਜ ਦੀ ਮਿਹਰਬਾਨੀ ਦਾ ਕਾਇਲ ਹੋਇਆ, ਅੱਜ ਦੀ ਰਾਤ ਸ਼ਿਵਜੀ ਦੇ ਚਰਨਾ ਵਿੱਚ ਗੁਜਾਰਣ ਦਾ ਮਨ ਬਣਾਕੇ ਉੱਥੇ ਹੀ ਸੌਂ ਗਿਆ। ਅੱਧੀ ਰਾਤ ਨੂੰ ਬੱਦਲਾਂ ਦੀ ਗੜਗੜਾਹਟ ਅਤੇ ਲੋਕਾਂ ਦੇ ਰੌਲੇ ਰੱਪੇ ਨੇ ਜਗਾ ਦਿੱਤਾ।" ਕੀ ਹੋਇਆ? ਕੀ ਹੋਇਆ?" ਚਾਰੇ ਪਾਸੇ ਹਫੜਾ-ਧਫੜੀ ਮੱਚੀ ਹੋਈ ਸੀ ਕਿਸੇ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਹੋ ਗਿਆ ਹਵਾ 'ਚ ਤਰਦੀਆਂ ਅਵਾਜ਼ਾਂ ਸੁਣਾਈ ਦੇ ਰਹੀਆਂ ਸਨ, ਬੱਦਲ ਫਟ ਗਿਆ ਹੈ, ਨਦੀਆਂ 'ਚ ਤੂਫਾਨ ਆ ਗਿਆ ਹੈ, ਪਹਾੜਾਂ ਤੋਂ ਪਾਣੀ ਨਾਲ-ਨਾਲ ਮਿੱਟੀ ਸੁਨਾਮੀ ਬਣੀ ਆ ਰਹੀ ਹੈ, ਭੱਜ ਜਾਉ ਜਿੱਧਰ ਨੂੰ ਭੱਜਿਆ ਜਾਂਦੈ, ਜਾਨ ਬਚਾ ਲਓ ਜਿਵੇਂ ਬਚਦੀ ਐ...। ਚਾਰੇ ਪਾਸੇ ਘੁੱਪ ਹਨੇਰਾ ਸੀ, ਬਿਜਲੀ ਗੁੱਲ ਹੋ ਗਈ ਸੀ। 'ਪਰ ਸਰਕਾਰ ਨੇ ਤਾਂ ਐਂਤਕੀ ਵਧੀਆ ਇੰਤਜ਼ਾਮ ਕੀਤੇ ਨੇ ਇੰਨੇ ਕੁ ਨਾਲ ਭੱਜਣ ਵਾਲੀ ਕਿਹੜੀ ਗੱਲ ਐ?" ਮੰਗੂ ਰਾਮ ਸੋਚ ਹੀ ਰਿਹਾ ਸੀ ਕਿ ਬਿਜਲੀ ਲਿਸ਼ਕੀ ਸਾਹਮਣੀ ਨਦੀ ਦੇ ਮੰਜਰ ਨੇ ਅੱਖਾਂ ਖੜ੍ਹਾ ਦਿੱਤੀਆਂ, ਨਦੀ ਵਿੱਚ ਉਠਦੀਆਂ ਪਹਾੜਾਂ ਜਿੰਨੀਆਂ ਉਚੀਆਂ ਲਹਿਰਾਂ, ਨਦੀ ਦੇ ਘਰ ਵਿੱਚ ਬਣਾਏ ਹੋਟਲਾਂ ਮਕਾਨਾਂ ਨੂੰ ਆਪਣੀ ਬੁੱਕਲ ਵਿੱਚ ਸਮੋਈ ਭੱਜੀਆਂ ਜਾ ਰਹੀਆਂ ਸਨ। ਸਾਹਮਣੇ ਪਹਾੜਾਂ ਦੇ ਪੈਰਾਂ 'ਚ ਬਣੀ ਵਾਹਨ-ਪਾਰਕਿੰਗ ਵਿੱਚ ਖੜ੍ਹੇ ਰੰਗ-ਬਿਰੰਗੇ ਵਾਹਣ ਲਹਿਰਾਂ ਦੀ ਗ੍ਰਾਹੀ ਬਣਦੇ ਜਾ ਰਹੇ ਸਨ। ਚਾਰੇ ਪਾਸੇ ਚੀਕ-ਚਿਹਾੜਾ ਪਿਆ ਹੋਇਆ ਸੀ।

ਹੁਣ ਤਾਂ ਜਾਨ ਬਚਾਉਣ ਲਈ ਭੱਜਣ ਤੋਂ ਸਿਵਾਇ ਕੋਈ ਚਾਰਾ ਨਹੀਂ ਕਿੱਧਰ ਨੂੰ ਭੱਜੀਏ ਕੁਝ ਸੁਝ ਨਹੀਂ ਸੀ ਰਿਹਾ। ਅਚਾਨਕ ਫਿਰ ਬਿਜਲੀ ਲਿਸ਼ਕੀ ਮਾਨੋ ਰੱਬ ਨੇ ਰਸਤਾ ਦਿਖਾ ਦਿੱਤਾ ਜੇ ਮੰਗੂ ਰਾਮ ਹੇਠਾਂ ਨੂੰ ਭੱਜਿਆ ਤਾਂ ਪਾਣੀ ਦੀਆਂ ਲਹਿਰਾਂ ਦਾ ਹਿੱਸਾ ਬਣ ਜਾਵੇਗਾ ਬਿਹਤਰ ਇਹੀ ਹੈ ਕਿ ਪਹਾੜ ਦੇ ਉਪਰ ਨੂੰ ਚੜ੍ਹਿਆ ਜਾਵੇ, ਕਿਤੇ ਨਾ ਕਿਤੇ ਢੋਈ ਮਿਲ ਹੀ ਜਾਵੇਗੀ। ਜਿੰਨੇ ਦੇਵੀ-ਦੇਵਤਿਆਂ, ਪੀਰ-ਪੈਗੰਬਰਾਂ, ਗੁਰੂਆਂ ਦਾ ਨਾਮ ਮੰਗੂ ਰਾਮ ਨੇ ਕਿਤੇ ਸੁਣਿਆ ਸੀ ਜੀਭ ਦੀ ਰੀਲ 'ਤੇ ਚੜ੍ਹ ਗਏ ਹਰ ਹਰ ਮਹਾਦੇਵ, ਜੈ ਰਾਮ, ਜੈ ਵਿਸ਼ਨੂ, ਜੈ ਕ੍ਰਿਸ਼ਨ ਜੈ ਦੁਰਗਾ, ਧੰਨ ਗੁਰੂ ਨਾਨਕ ਯਾ ਮੇਰੇ ਮੁਹੰਮਦ ਸਭ ਦਾ ਜਾਪ ਸ਼ੁਰੂ ਕਰ ਉਪਰ ਨੂੰ ਚੜ੍ਹਨਾ ਸ਼ੁਰੂ ਕੀਤਾ ਤੂਫਾਨ ਨੇ ਥਾਂ ਥਾਂ ਤੋਂ ਦਰਖਤਾਂ ਨੂੰ ਉਖਾੜ ਕੇ ਸਭ ਪਾਸੇ ਖਿਲਾਰ ਦਿੱਤਾ ਕਿਤੇ ਚੱਟਾਨ ਨੂੰ ਹੱਥ ਪਾ, ਕਦੇ ਕਿਸੇ ਤਣੇ ਨੂੰ ਹੱਥ ਪਾ, ਕਿਸੇ ਟਾਹਣੀਆਂ ਨੂੰ ਫੜ ਉਪਰ ਹੀ ਉਪਰ ਪਹੁੰਚਦਾ ਗਿਆ ਡਾ. ਮੰਗੂ ਰਾਮ ਇੱਕ ਥਾਂ 'ਤੇ ਟਾਹਣੇ ਨੂੰ ਹੱਥ ਪਾਇਆ ਟਾਹਣਾ ਹੇਠਾਂ ਨੂੰ ਸਿਰਕ ਆਇਆ ਤੇ ਡਾ. ਮੰਗੂ ਰਾਮ ਦਾ ਪੰਜਾ ਕਿਸੇ ਚੱਟਾਨ ਦੇ ਕੋਨੇ 'ਤੇ ਜਾ ਲੱਗਿਆ। ਸਰੀਰ ਦੀ ਸ਼ਕਤੀ ਵੀ ਲਗਭਗ ਜਵਾਬ ਦੇ ਚੁੱਕੀ ਸੀ। ਮੌਤ ਯਕੀਨੀ ਲੱਗ ਰਹੀ ਸੀ। ਅਗਲੀ ਘੜੀ ਰੱਬ ਤੇ ਛੱਡ ਡਾ. ਸਾਹਿਬ ਨੇ ਅੱਖਾਂ ਮੀਚ ਲਈਆਂ, ਉਪਰੋਂ ਹੱਥ ਛੁੱਟ ਗਿਆ, ਹੇਠੋਂ ਚੱਟਾਨ ਖਿਸਕ ਪਈ। ਰੁੜ੍ਹਦਾ-ਰੁੜ੍ਹਦਾ ਕਿਸੇ ਘਾਟੀ ਵਿੱਚ ਬੇਹੋਸ਼ ਹੋਇਆ ਡਿੱਗ ਪਿਆ, ਸ਼ੁਕਰ ਸੀ ਕਿ ਨਾਲ-ਨਾਲ ਖਿਸਕ ਕੇ ਆ ਰਹੀ ਚੱਟਾਨ ਜਿੱਥੇ ਡਿੱਗੀ ਮੰਗੂ ਰਾਮ ਬਿਲਕੁੱਲ ਉਹਦੇ ਨਾਲ ਆ ਪਿਆ।

ਲੋਕਾਂ ਨੂੰ ਬਚਾਉਣ ਦੀ ਮੁਹਿੰਮ ਤੇ ਹੈਲੀਕਾਪਟਰ ਨਾਲ ਸਰਵੇ ਕਰ ਰਹੇ ਫੌਜੀ ਜਵਾਨ ਦੇ ਨਜ਼ਰ ਪੈ ਗਿਆ ਝੱਟ ਇੱਕ ਜਵਾਨ ਨੂੰ ਉਥੇ ਉਤਾਰਿਆ ਗਿਆ। ਵੇਖਿਆ ਆਦਮੀ ਅਜੇ ਜ਼ਿੰਦਾ ਹੈ। ਉਸਨੂੰ ਬਚਾਉਣ ਦੇ ਆਹਰੇ ਲੱਗ ਗਿਆ। ਕੋਲੇ ਜੋ ਪਾਣੀ ਸੀ ਮੰਗੂ ਰਾਮ ਨੂੰ ਪਿਲਾਉਣਾ ਸ਼ੁਰੂ ਕੀਤਾ, ਉਹਦੇ ਅੰਗਾਂ-ਪੈਰਾਂ ਦੀ ਮਾਲਿਸ ਕੀਤੀ। ਝੱਟ ਵਾਇਰਲੈਸ ਰਾਹੀਂ ਬਚਾਉ ਕੈਂਪ ਜਿੱਥੇ ਕੁਦਰਤੀ ਆਫ਼ਤ ਮਨਿਸਟਰ ਨੇ ਆਪ ਅਤੇ ਉਸ ਦੇ ਅਮਲੇ ਸਮਲੇ ਨੇ ਡੇਰੇ ਲਗਾਏ ਹੋਏ ਸਨ, ਸੰਬੰਧ ਬਣਾਇਆ। "ਹਾਂ ਸਰ ਮੈਂ ਮੰਦਿਰ ਦੇ ਉਪਰ ਬਣੇ ਪਹਾੜ ਦੇ ਨਾਲ ਵਾਲੀ ਘਾਟੀ 'ਚੋਂ ਬੋਲ ਰਿਹਾ ਹਾਂ, ਆਦਮੀ ਬੇਹੋਸ਼ ਪਿਆ ਮਿਲਿਆ ਹੈ ਬਚ ਜਾਵੇਗਾ। ਜਲਦੀ ਤੋਂ ਜਲਦੀ ਰਾਸ਼ਨ-ਪਾਣੀ ਤੇ ਡਾਕਟਰੀ ਸਹਾਇਤਾ ਪਹੁੰਚਾਈ ਜਾਵੇ।

ਫੌਜੀ ਜਵਾਨ ਨੇ ਫਿਰ ਪਾਣੀ ਮੰਗੂ ਰਾਮ ਦੇ ਸੰਘੋ ਟਪਾਇਆ, ਹਾਲਤ ਕੁੱਝ ਬੇਹਤਰ ਲੱਗੀ ਫਿਰ ਕੰਨਟੈਕਟ ਕੀਤਾ "ਸਰ ਜੀ ਜਿੰਨੀ ਜਲਦੀ ਹੋ ਸਕੇ ਮੈਡੀਕਲ ਏਡ ਅਤੇ ਪਾਣੀ ਭੇਜਿਆ ਜਾਵੇ।" ਉਪਰੋਂ ਜਵਾਬ ਆਇਆ ਇਸ ਆਦਮੀ ਦੀ ਤਲਾਸ਼ੀ ਲਈ ਜਾਵੇ, ਦੇਖੋ ਕੋਈ ਵੀ. ਆਈ. ਪੀ. ਤਾਂ ਨਹੀਂ ਹੈ?"

ਤਲਾਸੀ ਲੈ ਕੇ ਜਵਾਨ ਨੇ ਰੀਪੋਟ ਦਿੱਤੀ, "ਜਨਾਬ ਬੰਦੇ ਦੇ ਸਾਰੇ ਕੱਪੜੇ ਫਟੇ ਹੋਏ ਨੇ ਬੈਗ 'ਚੋਂ ਸਮਾਨ ਕੱਢ ਲਿਆ ਹੈ ਜਾਂ ਕਿਤੇ ਡਿੱਗ ਪਿਆ ਹੈ। ਹਾਂ ਬੈਗ ਦੀ ਅੰਦਰਲੀ ਜੇਬ 'ਚੋਂ ਕਾਗਜ਼ਾਂ ਦਾ ਥੱਬਾ

$

# ਧਾਰਮਕ ਅੰਧ ਵਿਸ਼ਵਾਸ਼

*** ਲੇਖਕ : ਜਤਿੰਦਰ ਕੁਮਾਰ ਮਿੱਤਲ * ਅਨੁਵਾਦਕ : ਪਵਨ ਕੁਮਾਰ ਰੱਤੋਂ**

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਧਰਮ ਗੁਰੂਆਂ ਨੇ ਹਮੇਸ਼ਾ ਹੀ ਵਿਗਿਆਨਕ ਖੋਜਾਂ ਦਾ ਵਿਰੋਧ ਕੀਤਾ ਹੈ। ਯੂਰਪ ਵਿਚ ਤਾਂ ਧਾਰਮਕ ਪੁਨਰਜਾਗਰਣ ਦੇ ਸ਼ੁਰੂਆਤੀ ਦਿਨਾਂ ਵਿਚ ਆਪਣੇ ਆਪ ਨੂੰ ਭਗਵਾਨ ਦਾ ਦੂਤ ਕਹਿਣ ਵਾਲੇ ਪਾਦਰੀਆਂ ਦੁਆਰਾ ਕਈ ਵਿਗਿਆਨਕਾਂ ਨੂੰ ਨਰਕ ਦਾ ਹੱਕਦਾਰ ਕਰਾਰ ਦੇ ਦਿੱਤਾ ਗਿਆ, ਇਥੋਂ ਤੱਕ ਕਿ ਉਨ੍ਹਾਂ ਵਿਚੋਂ ਕਈਆਂ ਨੂੰ ਤਾਂ ਜਿਉਂਦਾ ਜਲਾ ਕੇ ਮਾਰ ਦੇਣ ਦਾ ਅਮਾਨਵੀ ਕੰਮ ਵੀ ਕੀਤਾ ਗਿਆ। ਪਾਦਰੀ ਲੋਕ ਵਿਗਿਆਨਕਾਂ ਨੂੰ ਇਹ ਕਹਿ ਕੇ ਸਜਾ ਦੇਂਦੇ ਰਹੇ ਹਨ ਕਿ ਬਾਈਬਲ ਵਰਗੇ ਧਰਮ ਗਰੰਥ ਭਗਵਾਨ ਨੇ ਆਪ ਲਿਖੇ ਹਨ ਅਤੇ ਉਹ ਉਹਨਾਂ ਦੇ ਖਿਲਾਫ਼ ਕੁਝ ਨਹੀਂ ਕਹਿ ਸਕਦੇ। ਇਥੇ ਸਵਾਲ ਉਠਦਾ ਹੈ ਕਿ ਜੇਕਰ ਧਾਰਮਿਕ ਗ੍ਰੰਥ ਭਗਵਾਨ ਨੇ ਲਿਖੀ ਹੈ ਤਾਂ ਫੇਰ ਉਸ ਵਿਚ ਅਜਿਹੀਆਂ ਗੱਲਾਂ ਕਿੱਥੋਂ ਆ ਗਈਆਂ ਜਿਹੜੀਆਂ ਬਾਦ ਵਿਚ ਵਿਗਿਆਨਕ ਖੋਜਾਂ ਨੇ ਗਲਤ ਸਾਬਤ ਕਰ ਦਿੱਤੀਆਂ ਹਨ। ਮਨੁੱਖ ਜਾਤੀ ਦੀ ਉਤਪੱਤੀ ਸਬੰਧੀ ‘ਆਦਮ ਅਤੇ ਹਵਾ’ ਦੀ ਕਹਾਣੀ ਜਦ



ਡਾਰਵਿਨ ਨੇ ਆਪਣੇ ਵਿਕਾਸ ਦੇ ਸਿਧਾਂਤ ਨਾਲ ਗਲਤ ਸਿੱਧ ਕਰ ਦਿੱਤੀ ਤਾਂ ਉਹਨਾਂ ਦੇ ਸਮਕਾਲੀ ਧਰਮ ਗੁਰੂਆਂ ਨੇ ਉਹਨਾਂ ਦੇ ਵਿਰੁੱਧ ਵੀ ਫ਼ਤਵੇ ਜਾਰੀ ਕੀਤੇ ਸਨ। ਅੱਜ ਉਨ੍ਹਾਂ ਧਰਮ ਗੁਰੂਆਂ ਦੇ ਸ਼ਾਇਦ ਕਿਸੇ ਨੂੰ ਨਾਂ ਤੱਕ ਯਾਦ ਨਹੀਂ ਹੋਣਗੇ, ਪਰੰਤੂ ਡਾਰਵਿਨ ਮਾਨਵੀ ਉੱਨਤੀ ਦੇ ਇਤਿਹਾਸ ਵਿਚ ਹਮੇਸ਼ਾ ਦੇ ਲਈ ਅਮਰ ਹੋ ਗਏ। ਸਾਡੇ ਇਥੇ ਕਿਹਾ ਜਾਂਦਾ ਹੈ ਕਿ ਵੇਦਾਂ ਦੀ ਰਚਨਾ ਆਪ ਭਗਵਾਨ ਨੇ ਕੀਤੀ ਹੈ, ਪਰੰਤੂ ਚਾਰਵਾਕ ਨੇ ਹਿੰਦੂ ਧਰਮ ਗੁਰੂਆਂ ਦੀ ਪਰਵਾਹ ਨਾ ਕਰਦੇ ਹੋਏ ਸਪਸ਼ਟ ਕੀਤਾ ਕਿ ਵੇਦਾਂ ਦੀ ਰਚਨਾ ਭਗਵਾਨ ਦੁਆਰਾ ਨਹੀਂ ਸਗੋਂ ਜਿਉਂਦੇ ਜਾਗਦੇ ਹੱਡਮਾਸ ਦੇ ਬੰਦਿਆਂ ਨੇ ਕੀਤੀ ਸੀ। ਚਾਰਵਾਕ ਦੇ ਵਿਰੋਧੀਆਂ ਦੇ ਕੋਲ ਉਹਨਾਂ ਦੇ ਕਥਨ ਨੂੰ ਗਲਤ ਸਿੱਧ ਕਰਨ ਦਾ ਕੋਈ ਠੋਸ ਤਰਕ ਨਹੀਂ ਸੀ ਅਤੇ ਸ਼ਾਇਦ ਇਸੇ ਲਈ ਉਹਨਾਂ ਨੇ ਇਹ ਕਹਿ ਕੇ ਅਪਣੇ ਮਨ ਦੀ ਭੜਾਸ ਕੱਢੀ ਕਿ ਭਗਵਾਨ ਦਾ ਅਨਾਦਰ ਕਰਨ ਦੇ ਦੋਸ਼ ਵਿਚ ਚਾਰਵਾਕ ਅਤੇ ਉਨ੍ਹਾਂ ਦੇ ਚੇਲਿਆਂ ਨੂੰ ਅਗਲੇ ਜਨਮ ਵਿਚ ਗਿੱਦੜ ਦੀ ਜੂਨੀ ਵਿਚ ਜਨਮ ਲੈਣਾ ਪਵੇਗਾ। ਤੇਰ੍ਹਵੀਂ ਸਦੀ ਦੇ ਬ੍ਰਿਟਿਸ਼ ਫਿਲਾਸਫਰ ਅਤੇ ਵਿਗਿਆਨਕ ਰੌਜਰਬੈਕਨ ਨੂੰ ਆਪਣੇ ਵਿਗਿਆਨਕ ਵਿਚਾਰਾਂ ਦੇ ਲਈ ਅਤੇ ਮੱਧ ਯੁਗੀਨ ਚਰਚ ਦੇ ਅੰਧ ਵਿਸ਼ਵਾਸ਼ਾਂ ਦਾ ਵਿਰੋਧ ਕਰਨ ਦੇ ਜੁਰਮ ਵਿਚ ਵਾਰ ਵਾਰ ਜੇਲ੍ਹ ਜਾਣਾ ਪਿਆ। ਬੈਕਨ ਦੇ ਬਾਅਦ 1327 ਵਿਚ ਖਗੋਲਸ਼ਾਸ਼ਤਰੀ ਸੇਕੋ ਦਾ ਏਸਕੋਲੀ ਨੂੰ ਧਰਮ ਦੇ ਪੈਰੋਕਾਰਾਂ ਨੇ ਇਸ ਲਈ ਜਿਉਂਦਾ ਜਲਾ ਦਿੱਤਾ ਸੀ ਕਿ ਉਹਨਾਂ ਦਾ ਮੰਨਣਾ ਸੀ ਕਿ ਦੁਨੀਆਂ ਗੋਲ ਹੈ ਅਤੇ ਇਸ ਲਈ ਉਸ ਦੇ ਦੂਜੇ ਪਾਸੇ ਵੀ ਲੋਕਾਂ ਦੇ ਰਹਿਣ ਦੀ ਸੰਭਾਵਨਾ ਹੈ। 1513 ਦੇ ਨੇੜੇ ਤੇੜੇ ਕੋਪਰਨਿਕਸ ਨੇ ਮਨੁੱਖ ਜਾਤੀ ਦੀ ਬਹੁਤ ਵੱਡੀ ਖੋਜ ਕੀਤੀ ਸੀ ਕਿ ਧਰਤੀ ਸੂਰਜ ਦੇ ਦੁਆਲੇ ਘੁੰਮਦੀ ਹੈ। ਇਸ ਦੇ 300 ਸਾਲ ਬਾਦ ਤਕ ਚਰਚ ਇਸ ਸੱਚਾਈ ਨੂੰ ਝੁਠਲਾਉਂਦਾ ਰਿਹਾ ਅਤੇ ਇਸ ਗੱਲ ਨੂੰ ਮੰਨਣ ਵਾਲੇ ਲੋਕਾਂ ਨੂੰ ਸਜ਼ਾ ਦਿੰਦਾ ਰਿਹਾ। ਧਰਮ ਸਰੇਸ਼ਠਾਂ ਦੀ ਇਸੇ ਪਸ਼ੂਪੁਣੇ ਜਾਂ ਮੂਰਖਤਾ ਦਾ ਸਬੂਤ ਹੈ ਕਿ ਫਿਲਾਸਫਰ ਬਰੂਨੋ, ਜਿਹਨਾਂ ਨੂੰ 1600 ਵਿਚ ਰੋਮ ਵਿਚ ਜਿਉਂਦਾ ਜਲਾ ਕੇ ਮਾਰ ਦਿੱਤਾ ਗਿਆ। ਬਰੂਨੋ ਦੇ ਬਾਦ ਗੈਲੀਲੀਓ ਨੂੰ ਵੀ ਇਸ ਸੱਚਾਈ ਨੂੰ ਤਸਦੀਕ ਕਰਨ ਦੇ ਅਪਰਾਧ ਵਿਚ ਜੇਲ੍ਹ ਵਿਚ ਭੇਜ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਬਹੁਤ ਤਸੀਹੇ ਦਿੱਤੇ ਗਏ। ਗੈਲਿਲੀਓ ਦਾ ਅਪਰਾਧ ਵੀ ਇਹੀ

---

$ ਮਿਲਿਆ ਹੈ ਪਾਣੀ ਨਾਲ ਭਿੱਜ ਗਏ ਨੇ ਇਸ ਲਈ ਪੜ੍ਹੇ ਨਹੀਂ ਜਾ ਰਹੇ। ਹਾਂ ਜੇਬ ’ਚੋਂ ਇੱਕ ਆਹ ਕਾਗਜ਼ ਮਿਲਿਆ ਹੈ ਜੀਹਦੇ ’ਤੇ ਡਾ. ਮੰਗੂ ਰਾਮ ਬੀਮਾਰੀ ਲਿਖਿਆ ਹੋਇਆ ਹੈ।

ਸ਼ਬਦ ‘ਡਾਕਟਰ’ ਸੁਣਦਿਆਂ ਹੀ ਮਨਿਸਟਰ ਸਾਹਿਬ ਅਤੇ ਉਸਦੇ ਪੀ. ਏ. ਦੇ ਕੰਨ ਖੜ੍ਹੇ ਹੋ ਗਏ, “ਹਾਂ, ਦੇਖੋ! ਜਲਦੀ ਕਰੋ ਕੁਝ ਹੋਰ ਲੱਭੋ... ਵੇਖੋ ਕੋਈ ਵੀ. ਵੀ. ਆਈ ਪੀ. ਹੋਣ ਦਾ ਸਬੂਤ ਮਿਲਦਾ ਹੈ ਕਿ ਨਹੀਂ?”

ਮੱਥਾ ਮਾਰਨ ’ਤੇ ਫੌਜੀ ਜਵਾਨ ਦੇ ਹੱਥ ਇੱਕ ਫਟਿਆ ਹੋਇਆ ਪੁਰਾਣਾ ਜਿਹਾ ਪੱਤਰ ਮਿਲਿਆ ਜਿਸ ਰਾਹੀਂ ਡਾ. ਮੰਗੂ ਰਾਮ ਬੀਮਾਰੀ ਨੂੰ ਕਿਸੇ ਕਵੀ ਦਰਬਾਰ ’ਤੇ ਕਵਿਤਾ ਬੋਲਣ ਲਈ ਬੁਲਾਇਆ ਗਿਆ ਸੀ।

“ਸਰ ਜੀ ਮਿਲ ਗਿਆ ਸਬੂਤ ਇਹ ਸੱਜਣ ਤਾਂ ਕੋਈ ਕਵੀ ਲੱਗਦੇ ਨੇ ਹਾਂ ਪਰ ਤੁਸੀਂ ਜਲਦੀ ਜਲਦੀ ਰਾਸ਼ਨ-ਪਾਣੀ ਅਤੇ ਮੈਡੀਕਲ ਏਡ ਭੇਜੋ।”

ਕੈਂਪ ’ਚ ਬੈਠੇ ਲੋਕਾਂ ਦੇ ਸਾਹ ਵਿੱਚ ਸਾਹ ਆਇਆ ਕਿ ਇਹ ਕੋਈ ਵੀ. ਵੀ. ਆਈ. ਪੀ ਨਹੀਂ ਬਲਕਿ ਕੋਈ ਸਧਾਰਣ ਆਦਮੀ ਹੈ।

“ਬੱਸ ਤੁਸੀਂ ਥੋਹੜਾ ਜਿਨਾ ਹੋਰ ਸਬਰ ਕਰੋ। ਰਾਸ਼ਨ ਪਾਣੀ ਦੇ ਕਿੰਨੇ ਹੀ ਟਰੱਕ ਭਰੇ ਖੜ੍ਹੇ ਨੇ ਤੁਰਨ ਨੂੰ ਤਿਆਰ ਬਰਤਿਆਰ ਬੱਸ ਕੁੱਝ ਕਰੋ ਇੰਤਜਾਰ। ਪ੍ਰਧਾਨ ਮੰਤਰੀ ਜੀ ਆਉਣ ਵਾਲੇ ਨੇ ਇਲਾਕੇ ਦਾ ਹਵਾਈ ਸਰਵੇਖਣ ਕਰਕੇ ਮੁੜ ਰਹੇ ਨੇ ਉਹ ਆਏ, ਝੰਡੀ ਵਿਖਾਈ ਤੇ ਠੂਹ ਝੱਟ ਰਾਸ਼ਨ ਪਾਣੀ ਥੋਡੇ ਕੋਲੇ।”

“ਭਾਈ ਸਾਹਿਬ ਇੰਨਾ ਟਾਈਮ ਲੱਗ ਗਿਆ ਤਾਂ ਉਦੋਂ ਨੂੰ ਇਹਦੇ ਪ੍ਰਾਣ ਹੀ ਨਿਕਲ ਜਾਣਗੇ।” “ਜਵਾਨ ਕਿਵੇਂ ਵੀ ਕਰ ਇਹਨੂੰ ਜਿਉਂਦਾ ਰੱਖ ਤਾਂ ਕਿ ਰਾਸ਼ਨ ਪਾਣੀ ਇਹਦੇ ਕੋਲ ਪਹੁੰਚੇ। ਮੰਤਰੀ ਜੀ ਨੇ ਰਾਸ਼ਨ ਵੰਡਦਿਆਂ ਫੋਟੋ ਲੁਹਾ ਸਕਣ... ਹਾਂ ਜੀ ਲਉ ਅਹੁ ਆ ਗਏ ਪ੍ਰਧਾਨ ਮੰਤਰੀ ਜੀ, ਝੰਡੀ ਹੱਥ ’ਚ ਲਈ ਖੜ੍ਹੇ ਨੇ... ਕਿਧਰ ਮਰ ਗਏ ਪ੍ਰੈਸ ਵਾਲੇ, ਬੇਵਕੂਫ ਇੰਨਾ ਵੀ ਨੀ ਸੋਚ ਸਕਦੇ ਕਿ ਪ੍ਰਧਾਨ ਮੰਤਰੀ ਜੀ ਨੇ ਟਰੱਕਾਂ ਨੂੰ ਝੰਡੀ ਵਿਖਾਕੇ ਵਿਦਾ ਕਰਨਾ ਹੈ, ਸਾਰੇ ਦੇ ਸਾਰੇ ਏਰੀਏ ’ਚ ਫੋਟੋ ਖਿੱਚਣ ’ਤੇ ਲੱਗੇ ਨੇ। “ਤੁਸੀਂ ਕੁੱਝ ਵੀ ਕਰੋ ਸਰ, ਕਿਵੇਂ ਵੀ ਕਰੋ, ਦੇਰੀ ਨਾ ਲਾਉ, ਜੋ ਤੁਹਾਡੇ ਕੋਲ ਹੈ ਪਹੁੰਚਾਉ ਨਹੀਂ ਇਸ ਸਖ਼ਸ਼ ਨੇ ਬਚ ਨਹੀਂ ਸਕਣਾ।” “ਲੈ ਜਵਾਨਾ ਸੁਣ ਲਈ ਤੇਰੀ ਪੁਕਾਰ, ਤੋਰ ’ਤੇ ਟਰੱਕ ਸਾਰੇ ਮੰਜਿਲ ਵੱਲ ਨੂੰ, ਬੱਸ ਪਹੁੰਚੇ ਸਮਝੋ ਤੁਸੀਂ ਕੋਸ਼ਿਸ਼ ਨਾ ਢਿੱਲੀ ਪੈਣ ਦਿਉ।” ਫੌਜੀ ਜਵਾਨ ਦੀ ਸਿਰ-ਤੋੜ ਕੋਸ਼ਿਸ਼ ਦਾ ਨਤੀਜਾ ਸੀ ਕਿ ਡਾ. ਮੰਗੂ ਰਾਮ ਨੂੰ ਥੋੜ੍ਹੀ-ਥੋੜ੍ਹੀ ਹੋਸ਼ ਆਉਣੀ ਸ਼ੁਰੂ ਹੋ ਗਈ ਮਰੀ ਜਿਹੀ ਆਵਾਜ਼ ’ਚ ਪਾਣੀ ਮੰਗਿਆ।

**– ਮੰਗਤ ਕੁਲਜਿੰਦ** (ਮੋ. 9417753892)

ਸੀ ਕਿ ਉਹ ਚਰਚ ਦੇ ਅੰਧਵਿਸ਼ਵਾਸ਼ਾਂ ਦੇ ਵਿਰੁੱਧ ਸਨ। ਇਤਿਹਾਸ ਇਸ ਤਰ੍ਹਾਂ ਦੀਆਂ ਧਾਰਮਕ ਪਸ਼ੂਪੁਣੇ ਦੀਆਂ ਸੱਚੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ ਜਦ ਮੂਰਖਪੰਥੀ ਧਰਮ ਗੁਰੂਆਂ ਨੇ ਆਪਣੇ ਧਾਰਮਕ ਅੰਧਵਿਸ਼ਵਾਸ਼ਾਂ ਦੀ ਰੱਖਿਆ ਦੇ ਲਈ ਸੱਚਾਈ ਨੂੰ ਹੀ ਸੂਲੀ ਉਤੇ ਚੜ੍ਹਾ ਦਿੱਤਾ।

ਅੱਜ ਸਥਿਤੀ ਇਹ ਹੈ ਕਿ ਆਪਣੇ ਧਰਮ ਨੂੰ ਬਚਾਉਣ ਦੇ ਲਈ ਧਰਮ ਗੁਰੂਆਂ ਨੂੰ ਆਖਰਕਾਰ ਵਿਗਿਆਨ ਦੇ ਸਾਹਮਣੇ ਗੋਡੇ ਟੇਕਣੇ ਪਏ ਅਤੇ ਇਹ ਕਹਿਣ ਦੇ ਲਈ ਮਜ਼ਬੂਰ ਹੋਣਾ ਪਿਆ ਕਿ ਯਸੂ ਮਸੀਹ/ਜੀਸਸ ਅਤੇ ਬਾਈਬਲ ਦੀਆਂ ਕਹਾਣੀਆਂ ਨੂੰ ਉਹਨਾਂ ਦੇ ਸ਼ਾਬਦਿਕ ਅਰਥ ਵਿਚ ਨਹੀਂ ਲਿਆ ਜਾਣਾ ਚਾਹੀਦਾ। ਧਰਮ ਦੇ ਨਾਂ ਉੱਤੇ ਹੀ ਦੁਨੀਆ ਵਿਚ ਵਾਰ ਵਾਰ ਯੁੱਧ ਲੜੇ ਗਏ ਅਤੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਹਿਟਲਰ ਦੁਆਰਾ ਯਹੂਦੀਆਂ ਦਾ ਕਤਲੇਆਮ ਅਤੇ ਮੁਸਲਿਮ ਅੱਤਵਾਦ ਇਸੇ ਸਿੱਕੇ ਦਾ ਦੂਜਾ ਘਿਰਣਿਤ ਪਹਿਲੂ ਹੈ। ਜਿਹੜੇ ਧਰਮ ਦੇ ਨਾ ਉੱਤੇ ਬੰਦਾ ਹੈਵਾਨ ਬਣ ਜਾਂਦਾ ਹੈ ਬਹੁਤ ਨਿਰਦਈਪੁਣੇ ਨਾਲ ਦੂਜਿਆਂ ਦੀ ਜਾਨ ਲੈਣ ਉਤੇ ਉਤਾਰੂ ਹੋ ਜਾਂਦਾ ਹੈ, ਉਸ ਨਾਲ ਆਦਮੀ ਜਾਂ ਸਮਾਜ ਨੂੰ ਭਲਾਂ ਕੀ ਫਾਇਦਾ ਮਿਲ ਸਕਦਾ ਹੈ? ਜੇਕਰ ਸਮਾਜਸ਼ਾਸ਼ਤਰੀਆਂ ਦੇ ਦ੍ਰਿਸ਼ਟੀਕੋਣ ਨਾਲ ਧਰਮ ਦੀ ਵਿਆਖਿਆ ਕਰੀਏ ਤਾਂ ਬੱਦਲਾਂ ਦੇ ਗਰਜਨ, ਬਿਜਲੀ ਦੇ ਡਿੱਗਣ ਜਾਂ ਫੇਰ ਭੂਚਾਲ ਆਉਣ ਵਰਗੀਆਂ ਕੁਦਰਤੀ ਆਫ਼ਤਾਂ ਤੋਂ ਡਰ ਕੇ ਪਹਿਲਾਂ ਦੇ ਮਨੁੱਖ ਨੇ ਧਰਮ ਅਤੇ ਭਗਵਾਨ ਨੂੰ ਬਣਾਇਆ ਅਤੇ ਉਸ ਪਹਿਲਾਂ ਦੇ ਮਨੁੱਖ ਦੇ ਮਨ ਦਾ ਡਰ ਅਤੇ ਅਗਿਆਨ ਅੱਜ ਤੱਕ ਮਨੁੱਖ ਅਤੇ ਸਮਾਜ ਦੇ ਮਨ ਉੱਤੇ ਭਾਰੂ ਹੈ। ਇਮਤਿਹਾਨ ਵਿਚ ਪੇਪਰ ਖਰਾਬ ਹੋ ਜਾਣ ਦਾ ਡਰ ਹੋਵੇ ਜਾਂ ਵਪਾਰ ਵਿਚ ਘਾਟੇ ਦਾ ਜਾਂ ਫੇਰ ਪਰਿਵਾਰ ਦੇ ਕਿਸੇ ਮੈਂਬਰ ਦੀ ਗੰਭੀਰ ਬਿਮਾਰੀ ਦਾ ਡਰ, ਕਮਜ਼ੋਰ ਬੰਦਾ ਅੱਜ ਵੀ ਭਗਵਾਨ, ਮੰਦਰ ਜਾਂ ਫੇਰ ਕਿਸੇ ਧਰਮ ਗੁਰੂ ਦੀ ਸ਼ਰਨ ਵਿਚ ਪਹੁੰਚ ਜਾਂਦਾ ਹੈ ਅਤੇ ਸ਼ਾਇਦ ਇਸ ਲਈ ਨਿਰਮਲ ਬਾਬਾ ਵਰਗੇ ਪਖੰਡੀ ਧਰਮ ਗੁਰੂ ਲੋਕਾਂ ਨੂੰ ਮੂਰਖ ਬਣਾ ਕੇ ਉਨ੍ਹਾਂ ਤੋਂ ਕਰੋੜਾਂ ਰੁਪਏ ਬਟੋਰਨ ਵਿਚ ਕਾਮਯਾਬ ਹੋ ਜਾਂਦੇ ਹਨ।

ਕਈ ਵਾਰ ਆਸਾਨੀ ਨਾਲ ਧਨ ਕਮਾਉਣ ਦਾ ਲਾਲਚ ਵੀ ਲੋਕਾਂ ਨੂੰ ਇਹਨਾਂ ਧਰਮ ਗੁਰੂਆਂ ਦੀ ਸ਼ਰਨ ਵਿਚ ਲੈ ਜਾਂਦਾ ਹੈ ਕਿਉਂਕਿ ਧਰਮ ਗੁਰੂ ਲਗਾਤਾਰ ਪ੍ਰਚਾਰ ਕਰਦੇ ਰਹਿੰਦੇ ਹਨ ਕਿ ਜੇਕਰ ਦੁੱਖ ਦੂਰ ਕਰਨੇ ਹਨ ਤਾਂ ਧਰਮ ਦੀ ਦੁਕਾਨ ਉੱਤੇ ਆਓ ਅਤੇ ਤਰਤੀਬ ਨਾ ਹੋਣ ਦੇ ਕਾਰਨ ਉਥੇ ਜਾਣ ਦੇ ਇਲਾਵਾ ਕੋਈ ਰਸਤਾ ਨਹੀਂ ਹੁੰਦਾ ਹੈ। ਉਥੇ ਇਕ ਵਾਰ ਲੁੱਟ ਜਾਣ ਉੱਤੇ ਵਾਰ ਵਾਰ ਜੁਆਰੀ ਵਾਂਗ ਲੁੱਟੇ ਜਾਣ ਦੀ ਆਦਤ ਬਣ ਜਾਂਦੀ ਹੈ।

ਨਿਊਯੌਰਕ ਤੋਂ ਲੈ ਕੇ ਨਵੀਂ ਦਿੱਲੀ ਤਕ, ਧਰਮ ਗੁਰੂਆਂ ਦੇ ਸੈਕਸ ਸਕੈਂਡਲਾਂ ਤੋਂ ਹਰ ਕੋਈ ਵਾਕਿਫ ਹੈ। ਕਿਸ ਪ੍ਰਕਾਰ ਨਿਤਿਆਨੰਦ ਵਰਗੇ ਹੈਵਾਨ (ਜੰਗਲੀ; ਅਸਭਿਆ) ਅਪਣੀ ਸਰੀਰਕ ਭੁੱਖ ਮਿਟਾਣ ਦੇ ਲਈ ਭੋਲੀਭਾਲੀ ਲੜਕੀਆਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ, ਇਹ ਕਿਸੇ ਤੋਂ ਛਿਪਿਆ ਨਹੀਂ ਹੈ। ਅਪਣੇ ਪਤੀ ਤੋਂ ਤਲਾਕ ਹੋਣ ਦੇ ਬਾਦ ਜਦ ਦੱਖਣ ਦੀ ਮਸ਼ਹੂਰ ਐਕਟਰਸ ਰੰਜੀਤਾ ਵਰਗੀ ਕੋਈ ਇਸਤਰੀ ਮਨ ਦੀ ਸ਼ਾਂਤੀ ਦੇ ਲਈ ਕਿਸੇ ਸਵਾਮੀ ਦੀ ਸ਼ਰਨ ਵਿਚ ਜਾਂਦੀ ਹੈ ਤਾਂ ਉਸ ਨੂੰ ਸ਼ਾਂਤੀ ਅਤੇ ਗੁਰੁਮੰਤਰ ਦੇ ਨਾਂ ਉੱਤੇ ਇਕ ਜੰਗਲੀ/ਵਿਹਸ਼ੀ ਮਿਲਦਾ ਹੈ, ਜਿਹੜਾ ਉਸਨੂੰ ਅਸ਼ਾਂਤੀ ਦੇ ਟੋਏ ਵਿਚ ਹੋਰ ਡੂੰਘਾ ਧੱਕ ਦੇਂਦਾ ਹੈ।

ਅੱਜ ਸਭਨਾਂ ਵਿਗਿਆਨਕ ਖੋਜਾਂ ਦੇ ਬਾਵਜੂਦ ਇਸ ਤਰ੍ਹਾਂ ਦੇ ਸਵਾਮੀਆਂ ਦਾ ਸਮਾਜ ਵਿਚ ਬੋਲਬਾਲਾ ਹੈ। ਇਹਨਾਂ ਵਿਚੋਂ ਕਈਆਂ ਉਤੇ ਤਾਂ ਲੱਖਾਂ ਲੋਕ ਅੱਖਾਂ ਮੀਟ ਕੇ ਵਿਸ਼ਵਾਸ਼ ਕਰਦੇ ਹਨ, ਜਿਹਨਾਂ ਦੇ ਕੋਲ ਵੱਡੇ ਵੱਡੇ ਆਸ਼ਰਮ ਹਨ, ਬੇਸ਼ੁਮਾਰ ਧਨ ਦੌਲਤ ਹੈ, ਜੋ ਵੱਡੀਆਂ ਵੱਡੀਆਂ ਕਾਰਾਂ ਅਤੇ ਹਵਾਈ ਜਹਾਜ਼ਾਂ ਵਿਚ ਘੁੰਮਦੇ ਹਨ। ਇਹਨਾਂ ਧਰਮ ਗੁਰੂਆਂ ਦੇ ਐਸ਼ੋਆਰਾਮ ਅਤੇ ਅੱਯਾਸ਼ੀ ਦੇਖ ਕੇ ਸ਼ਾਇਦ ਪੁਰਾਣੇ ਰਾਜਾ ਮਹਾਰਾਜਿਆਂ ਨੂੰ ਵੀ ਆਪਣੇ ਆਪ ਉੱਤੇ ਸ਼ਰਮ ਆਉਣ ਲੱਗੇ। ਉਹਨਾਂ ਦੇ ਇਹ ਐਸ਼ੋ ਆਰਾਮ ਅਤੇ ਭੋਗ ਵਿਲਾਸ, ਸੱਭ ਕੁਝ ਉਨ੍ਹਾਂ ਦੇ ਪੈਰੋਕਾਰਾਂ ਦੇ ਵੱਡੇ ਵੱਡੇ ਦਾਨ ਦੇ ਬਲ ਉੱਤੇ ਚਲਦੇ ਹਨ। ਕਈ ਧਰਮ ਗੁਰੂਆਂ ਦੀ ਸੂਬੇ ਅਤੇ ਕੇਂਦਰ ਸਰਕਾਰ ਦੇ ਮੰਤਰੀਆਂ ਤਕ ਪਹੁੰਚ ਹੈ ਅਤੇ ਉਹ ਆਪਣੇ ਪੈਰੋਕਾਰਾਂ ਦੇ ਜਰੀਏ ਸਰਕਾਰ ਤੋਂ ਕੰਮ ਕੱਢਵਾਉਣ ਦੇ ਲਈ ਦਲਾਲਾਂ ਦਾ ਕੰਮ ਕਰਦੇ ਹਨ। ਇਹ ਧਰਮ ਗੁਰੂ ਮਾਇਆ ਬਟੋਰਨ ਦੇ ਲਈ ਕਿਸੇ ਵੀ ਹੱਦ ਤਕ ਡਿੱਗ ਸਕਦੇ ਹਨ। ਇਸ ਦਾ ਜਿਉਂਦਾ ਜਾਗਦਾ ਉਦਾਹਰਣ ਹੈ ਚਿਤਰਕੂਟ ਵਾਲੇ ਇਕ ਸਵਾਮੀ ਜਿਸ ਨੇ ਇਕ ਹਜ਼ਾਰ ਤੋਂ ਵੀ ਵੱਧ ਸੁੰਦਰੀਆਂ ਆਪਣੇ ਜਾਲ ਵਿਚ ਫਸਾ ਕੇ ਰੱਖੀਆਂ ਹੋਈਆਂ ਸਨ, ਜਿਹਨਾਂ ਨੂੰ ਉਹ ਰਾਜਨੀਤੀਬਾਜਾਂ ਅਤੇ ਉੱਚੇ ਤਬਕੇ ਦੇ ਲੋਕਾਂ ਨੂੰ ਸਪਲਾਈ ਕਰਦਾ ਸੀ।

ਇੰਡੀਅਨ ਰੈਸ਼ਨਲਿਸਟ ਐਸੋਸੀਏਸ਼ਨ ਦੇ ਮੁਖੀ ਸਨਲ ਦਾ ਕਹਿਣਾ ਹੈ, "ਮੱਧ ਵਰਗ ਦੇ ਬਹੁਤੇ ਭਾਰਤੀ ਹੁਣ ਇਹਨਾਂ ਧਰਮ ਗੁਰੂਆਂ ਤੋਂ ਨਫ਼ਰਤ ਕਰਨ ਲੱਗੇ ਹਨ। ਕਈ ਧਰਮ ਗੁਰੂ ਹੁਣ ਭਗਵਾ ਕੱਪੜੇ ਪਾਉਣ ਤੋਂ ਘਬਰਾਉਣ ਲੱਗੇ ਹਨ, ਕਿਉਂਕਿ ਉਹਨਾਂ ਨੂੰ ਲਗਦਾ ਹੈ ਕਿ ਕਿਤੇ ਉਹਨਾਂ ਦੇ ਭਗਵੇਂ ਕੱਪੜੇ ਦੇਖ ਕੇ ਲੋਕ ਉਹਨਾਂ ਨੂੰ ਪਾਖੰਡੀ ਸਮਝ ਕੇ ਉਨ੍ਹਾਂ ਉਤੇ ਪੱਥਰ ਨਾ ਸੁੱਟਣ ਲੱਗਣ।"

ਤਰਕਸ਼ੀਲ ਸੰਸਥਾਵਾਂ ਦੇ ਸਾਰੇ ਦੇਸ਼ ਵਿਚ 200 ਤੋਂ ਵੀ ਵੱਧ ਵਿਭਾਗ ਹਨ, ਜਿਹਨਾਂ ਦੇ ਜ਼ਰੀਏ ਉਹ ਇਹਨਾਂ ਧਰਮ ਗੁਰੂਆਂ ਦੇ ਕੁਕਰਮਾਂ ਦਾ ਪਰਦਾਫਾਸ਼ ਕਰਨ ਦਾ ਮਹੱਤਵਪੂਰਨ ਕੰਮ ਕਰ ਰਹੇ ਹਨ। ਸਿੱਟੇ ਵਜੋਂ, ਕਿਸੇ ਇਕ ਬੰਦੇ ਜਾਂ ਸੰਸਥਾ ਨਾਲ ਸਮਾਜ ਇਸ ਕੋਹੜ ਤੋਂ ਮੁਕਤੀ ਨਹੀਂ ਪਾ ਸਕਦਾ। ਇਸ ਦੇ ਲਈ ਜ਼ਰੂਰੀ ਹੈ ਕਿ ਸਿਰਫ਼ ਵੱਡੇ ਵੱਡੇ ਸ਼ਹਿਰਾਂ ਵਿਚ ਹੀ ਨਹੀਂ, ਸਗੋਂ ਛੋਟੇ ਛੋਟੇ ਕਸਬਿਆਂ ਅਤੇ ਪਿੰਡਾਂ ਵਿਚ ਵੀ ਪਖੰਡੀ ਧਰਮ ਗੁਰੂਆਂ ਦੇ ਵਿਰੁੱਧ ਜਨਚੇਤਨਾ ਪੈਦਾ ਕੀਤੀ ਜਾਵੇ, ਤਦੇ ਸਮਾਜ ਨੂੰ ਇਸ ਸਰਾਪ ਤੋਂ ਆਜ਼ਾਦੀ ਮਿਲ ਸਕੇਗੀ। ਇਸ ਦੇ ਨਾਲ ਹੀ ਸਰਕਾਰ ਨੂੰ ਵੀ ਇਹਨਾਂ ਪਖੰਡੀਆਂ ਨੂੰ ਸਜ਼ਾ ਦਿਵਾਉਣ ਦੇ ਲਈ ਸਖ਼ਤ ਕਾਨੂੰਨ ਬਣਾਉਣੇ ਚਾਹੀਦੇ ਹਨ ਅਤੇ ਛਲ ਤੇ ਕਪਟ ਨਾਲ ਜਮ੍ਹਾ ਕੀਤੀ ਗਈ ਉਹਨਾਂ ਦੀ ਜਾਇਦਾਦ ਨੂੰ ਜ਼ਬਤ ਕਰਨਾ ਚਾਹੀਦਾ ਹੈ। ਧਰਮ ਦੇ ਨਾਂ ਉੱਤੇ ਪਾਖੰਡੀਆਂ ਦਾ ਕਾਲਾ ਵਪਾਰ ਜ਼ਿਆਦਾ ਸਮੇਂ ਤੱਕ ਨਹੀਂ ਚੱਲਣ ਦਿੱਤਾ ਜਾਣਾ ਚਾਹੀਦਾ।

**ਧੰਨਵਾਦ ਸਹਿਤ ਮੈਗਜ਼ੀਨ ਸਰਿਤਾ ਜੂਨ (ਦੂਜਾ) 2013**

## ਝੂਠੇ ਭਰਮ ਮਿਟਾਈਏ

– ਪ੍ਰਗਟਪ੍ਰੀਤ ਸ਼ੇਰਪੁਰ

ਲੈ ਕੇ ਲੋਅ ਵਿਗਿਆਨ ਦੀ ਅੜਿਆ, ਨ੍ਹੇਰੇ ਮਨ ਰੁਸ਼ਨਾਈਏ।
ਤਰਕ-ਕਸੌਟੀ ਪਰਖ ਸੱਚ ਦੀ, ਝੂਠੇ ਭਰਮ ਮਿਟਾਈਏ।

ਸਮਝ ਨਹੀਂ ਕਿਉਂ ਆਉਂਦੀ ਤੈਨੂੰ, ਲੁੱਟ ਦੇ ਹੱਕ ਲੁਟੇਰੇ।
ਮਹਿਲਾਂ ਵਿੱਚ ਸ਼ੈਤਾਨਾਂ ਡੱਕੇ, ਤੇਰੇ ਸੋਨ ਸਵੇਰੇ।
ਫੁੱਲਾਂ ਦੀ ਜੋ ਮਹਿਕ ਗੁਆਚੀ, ਆਪਾਂ ਢੂੰਡ ਲਿਆਈਏ।
ਤਰਕ ਕਸੌਟੀ...

ਰੱਬ ਦੀ ਮੂਰਤ ਘੜਣ ਵਾਲੜੇ, ਖ਼ੁਦ ਰੱਬ ਤੋਂ ਨੇ ਬਾਗੀ।
ਚੋਲਾ ਪਾਕੇ, ਫੜਕੇ ਮਾਲਾ, ਕਾਫਰ ਬਣੇ ਬੈਰਾਗੀ।
ਬਗਲੇਭ ਏਥੇ ਭਗਤ ਕਹਾਉਂਦੇ, ਆਪਣਾ ਆਪ ਬਚਾਈਏ।
ਤਰਕ ਕਸੌਟੀ...

ਮੜ੍ਹੀ ਮਸਾਣਾਂ ਪੂਜਾ ਦੇ ਵਿੱਚ ਵਕਤ ਕੀਮਤੀ ਗਾਲ਼ੇਂ।
ਪੱਥਰਾਂ ਅੱਗੇ ਨੱਕ ਰਗੜਕੇ, ਦੱਸ ਭਲਾਂ ਕੀ ਭਾਲੇਂ।
ਜਿਸ ਰਸਤੇ ਨਾ ਮੰਜਲ ਮਿਲਣੀ, ਉਸ ਰਸਤੇ ਨਾ ਜਾਈਏ।
ਤਰਕ ਕਸੌਟੀ...

ਦੁਨੀਆਂ ਪਹੁੰਚੀ ਅੰਬਰ ਉੱਤੇ, ਤੂੰ ਦਲਦਲ ਵਿੱਚ ਧਸਿਆ।
ਚੇਤੰਨ ਹੋਕੇ ਬਣਜਾ ਸੂਰਜ, ਕਿਉਂ ਵਹਿਮਾਂ ਵਿੱਚ ਫਸਿਆ।
ਕਹੇ ਪ੍ਰੀਤ ਗਿਆਨ ਦੀ ਜੋਤੀ, ਹਿਰਦੇ ਵਿੱਚ ਜਗਾਈਏ।
ਤਰਕ ਕਸੌਟੀ...

***

## ਆਪ ਬੀਤੀ

# ਚਿੱਟੇ ਕੱਪੜਿਆਂ ਵਾਲੇ ਦੋ ਭੂਤ

ਮੇਵਾ ਸਿੰਘ ਹੇੜੀਕੇ

ਇਹ ਕਹਾਣੀ ਅੱਜ ਤੋਂ ਤਕਰੀਬਨ ਪੈਂਹਠ ਸਾਲ ਪਹਿਲਾਂ ਦੀ ਹੈ। ਦੀਵਾਲੀ ਵਾਲੀ ਰਾਤ ਸੀ। ਪੂਰੇ ਪ੍ਰੀਵਾਰ ਨੇ ਆਸ ਪਾਸ ਦੇ ਘਰਾਂ ਦੇ ਪ੍ਰੀਵਾਰਾਂ ਨਾਲ ਮਿਲਕੇ ਚੰਗਾ ਮਨੋਰੰਜਨ ਕੀਤਾ। ਉਸ ਸਮੇਂ ਮੇਰੀ ਉਮਰ ਅੱਠ ਦਸ ਸਾਲ ਦੀ ਸੀ। ਰਾਤ ਦੇ ਦਸ ਵਜੇ ਤੱਕ ਪਟਾਖੇ ਅਤੇ ਫੁਲਝੜੀਆਂ ਨਾਲ ਖੇਡਣ ਦਾ ਕੰਮ ਚਲਦਾ ਰਿਹਾ। ਇਸ ਤੋਂ ਮਗਰੋਂ ਸਾਰੇ ਸੌਣ ਦੀ ਤਿਆਰੀ ਕਰਨ ਲੱਗੇ।

ਉਸ ਸਮੇਂ ਦੀਵਾਲੀ ਦੀ ਰਾਤ ਨੂੰ ਸਾਰੇ ਘਰਾਂ ਦੇ ਦਰਵਾਜੇ ਖੁੱਲ੍ਹੇ ਰੱਖੇ ਜਾਂਦੇ ਸਨ। ਲੋਕਾਂ ਦਾ ਖਿਆਲ ਸੀ ਕਿ ਲੱਛਮੀ ਘਰ ਆਵੇਗੀ। ਮੇਰੀ ਮੰਜੀ ਦਰਵਾਜ਼ੇ ਦੇ ਅੰਦਰ ਵਾਲੇ ਪਾਸੇ ਡਾਅ ਦਿੱਤੀ। ਮੇਰੇ ਸਮੇਤ ਸਾਰਾ ਪਰਿਵਾਰ ਸੌਂ ਗਿਆ।



ਰਾਤ ਦੇ ਬਾਰਾਂ ਕੁ ਵਜੇ ਮੇਰੀ ਅੱਖ ਖੁੱਲ੍ਹੀ। ਮੈਨੂੰ ਪਿਸ਼ਾਬ ਕਰਨ ਦੀ ਲੋੜ ਪਈ। ਮੈਂ ਖੁਲ੍ਹੇ ਦਰਵਾਜ਼ੇ ਵੱਲ ਥੋੜ੍ਹਾ ਜਿਹਾ ਸਿਰ ਉਚਾ ਕਰਕੇ ਦੇਖਿਆ। ਮੈਨੂੰ ਦਰਵਾਜ਼ੇ ਦੇ ਬਾਹਰ ਇਕ ਪਾਸੇ ਇਕ ਚਿੱਟੇ ਕੱਪੜਿਆਂ ਵਾਲੇ ਬੰਦੇ ਦਾ ਭੁਲੇਖਾ ਪਿਆ। ਮੈਂ ਥੋੜਾ ਜਿਹਾ ਸਿਰ ਉਚਾ ਕੀਤਾ ਤਾਂ ਬੰਦਾ ਲੰਬਾ ਹੋ ਗਿਆ। ਤੀਜੀ ਵਾਰ ਦੇਖਣ ਨਾਲ ਤਾਂ ਬੰਦਾ ਕਾਫੀ ਲੰਬਾ ਲੱਗਣ ਪਿਆ। ਹੁਣ ਮੈਂ ਪੂਰੀ ਤਰ੍ਹਾਂ ਡਰ ਚੁੱਕਾ ਸੀ। ਪਿਸ਼ਾਬ ਕਰਨਾ ਤਾਂ ਭੁੱਲ ਹੀ ਗਿਆ। ਮੈਂ ਬਿਸਤਰੇ ਵਿਚ ਹੀ ਪਿਆ ਰਿਹਾ। ਘਰ ਦੇ ਕਿਸੇ ਮੈਂਬਰ ਨੂੰ ਆਵਾਜ਼ ਵੀ ਨਾ ਮਾਰੀ। ਇਸ ਤਰ੍ਹਾਂ ਬਿਸਤਰੇ 'ਚ ਪਏ ਹੀ ਮੇਰੀ ਅੱਖ ਲੱਗ ਗਈ।

ਸਵੇਰੇ ਉਠਿਆ ਤਾ ਦਿਨ ਦਾ ਚਾਨਣ ਹੋ ਚੁੱਕਾ ਸੀ। ਉਠਣ ਸਾਰ ਮੈਂ ਭੱਜ ਕੇ ਦਰਵਾਜੇ ਵਿਚ ਗਿਆ ਤਾਂ ਕਿ ਰਾਤ ਵਾਲਾ ਬੰਦਾ ਦੇਖ ਸਕਾਂ। ਉਥੇ ਕੰਧ ਨਾਲ ਇਕ ਪਾਸੇ ਕਰਕੇ ਇਕ ਲੱਕੜ ਦੀ ਪੌੜੀ ਲੱਗੀ ਹੋਈ ਸੀ। ਜਿਹੜੀ ਕਿ ਸਾਡੇ ਘਰਦਿਆਂ ਨੇ ਹੀ ਕੋਠੇ ਤੇ ਚੜ੍ਹਨ ਵਾਸਤੇ ਲਾਈ ਹੋਈ ਸੀ। ਇਹ ਦੇਖਕੇ ਚਿੱਟੇ ਕੱਪੜਿਆਂ ਵਾਲੇ ਭੂਤ ਦਾ ਵਹਿਮ ਮੇਰੇ ਦਿਮਾਗ ਵਿਚੋਂ ਨਿਕਲ ਗਿਆ।

ਦੂਸਰੇ ਭੂਤ ਦੇ ਦਰਸ਼ਨ ਸਨ 1966 ਵਿਚ ਕੀਤੇ। ਮੈਂ ਸਰਹੱਦੀ ਸੜਕ ਸੰਗਠਨ ਦੀ ਨੌਕਰੀ ਕੀਤੀ ਹੈ। ਇਸਨੂੰ ਜੀ. ਆਰ. ਈ. ਐਫ (ਗ੍ਰਿਫ) ਵੀ ਕਿਹਾ ਜਾਂਦਾ ਹੈ। ਸਰਵਿਸ ਦੇ ਸਮੇਂ ਇਕ ਜਗ੍ਹਾ ਅਸੀਂ ਵੀਹ ਪੱਚੀ ਕਰਮਚਾਰੀ ਇਕ ਕੈਂਪ ਵਿਚ ਰਿਹਾ ਕਰਦੇ ਸੀ। ਇਹ ਪਹਾੜੀ ਇਲਾਕਾ ਹੈ।

ਇਕ ਰਾਤ ਸਾਰਿਆਂ ਨੇ ਸਲਾਹ ਕੀਤੀ ਕਿ ਅੱਜ ਸਿਨੇਮਾ ਦੇਖਣ ਜਾਣਾ ਹੈ। ਸਿਨੇਮਾ ਹਾਲ ਉਸ ਜਗ੍ਹਾ ਤੋਂ ਵੀਹ ਕੁ ਕਿਲੋ ਮੀਟਰ ਹੋਵੇਗਾ। ਸਪੁਰਵਾਈਜ਼ਰ ਸਾਹਿਬ ਤੋਂ ਇਜਾਜ਼ਤ ਲੈ ਲਈ। ਉਹਨਾਂ ਨੇ ਜਾਣ ਵਾਸਤੇ ਇਕ ਟਿੱਪਰ ਵੀ ਦੇ ਦਿੱਤਾ। ਸੁਪਰਵਾਈਜ਼ਰ ਸਾਹਿਬ ਨੇ ਸੁਭਾਵਕੀ ਹੀ ਪੁੱਛ ਲਿਆ ਕਿ ਪਿਕਚਰ ਕਿਹੜੀ ਲੱਗੀ ਹੈ। ਤਾਂ ਸਾਡੇ ਵਿਚੋਂ ਰਾਮ ਸਰੂਪ ਸਿੰਘ ਜਿਹੜਾ ਕਿ ਕਾਫੀ ਹਾਜ਼ਰ ਜਵਾਬ ਸੀ ਕਹਿਣ ਲੱਗਾ ਕਿ ਜਬ ਪਿਆਰ ਕਿਸੀ ਸੇ ਹੋਤਾ ਹੈ। ਸੁਪਰਵਾਈਜਰ ਸਾਹਿਬ ਕਹਿਣ ਲੱਗੇ ਕਿ ਪਿਕਚਰ ਬਹੁਤ ਵਧੀਆ ਹੈ। ਪਿਕਚਰ ਦਾ ਨਾਂ ਕਿਸੇ ਨੂੰ ਵੀ ਪਤਾ ਨਹੀਂ ਸੀ।

ਟਿਪਰ 'ਚ ਤਕਰੀਬਨ ਵੀਹ ਕੁ ਬੰਦੇ ਸਵਾਰ ਹੋ ਕੇ ਸਿਨਮੇ ਘਰ ਪਹੁੰਚ ਗਏ। ਉਥੇ ਪਹੁੰਚ ਕੇ ਇਹ ਤਾਂ ਯਾਦ ਨਹੀਂ ਕਿ ਪਿਕਚਰ ਦੇਖੀ ਸੀ ਜਾਂ ਨਹੀਂ। ਦਸ ਕੁ ਵਜੇ ਅਸੀਂ ਵਾਪਸੀ ਕਰ ਲਈ। ਅਸੀਂ ਅਜੇ ਅੱਧ ਵਿਚ ਹੀ ਪਹੁੰਚੇ ਸੀ ਕਿ ਸੜਕ ਉਪਰੋਂ ਸਲਾਈਡ ਡਿੱਗਣ ਕਾਰਨ ਰਸਤਾ ਬੰਦ ਹੋ ਗਿਆ। ਸਲਾਈਡ ਪਹਾੜ ਖਿਸਕਣ ਨੂੰ ਕਿਹਾ ਜਾਂਦਾ ਹੈ। ਰਸਤਾ ਸਾਫ ਕੀਤੇ ਬਗੈਰ ਟਿਪਰ ਵਾਪਿਸ ਨਹੀਂ ਆ ਸਕਦਾ ਸੀ।

ਸਾਰਿਆਂ ਨੇ ਸਲਾਹ ਕੀਤੀ ਕਿ ਦੋ ਬੰਦੇ ਟਿੱਪਰ ਦੀ ਰਾਖੀ ਵਾਸਤੇ ਛੱਡ ਕੇ ਬਾਕੀ ਪੈਦਲ ਕੈਂਪ ਵਿਚ ਪਹੁੰਚ ਜਾਣ। ਅਸੀਂ ਦੋ ਦੋ ਚਾਰ ਚਾਰ ਬੰਦਿਆਂ ਦੀਆਂ ਟੋਲੀਆਂ ਬਣਾਕੇ ਮੁੜਣ ਲੱਗ ਪਏ। ਮੇਰੇ ਨਾਲ ਬਿਹਾਰ ਦਾ ਇਕ ਬੰਦਾ ਜਿਸਦਾ ਨਾਂ ਮਾਰਟਿਲ ਸੀ ਮੇਰੇ ਨਾਲ ਸੀ ਬਾਕੀ ਬੰਦੇ ਤਕਰੀਬਨ ਸਾਡੇ ਨਾਲੋਂ ਅੱਗੇ ਹੀ ਜਾ ਰਹੇ ਸੀ। ਕੁਝ ਸਫਰ ਕਰਨ ਤੋਂ ਮਗਰੋਂ ਇਕ ਬੰਦਾ ਜਿਹੜਾ ਕਿ ਸਾਡੇ ਕੈਂਪ ਦਾ ਹੀ ਸੀ। ਜਿਸਦਾ ਨਾਂ ਸੂਰਜ ਬਹਾਦਰ ਸੀ, ਪਿਛੇ ਤੋਂ ਤੇਜੀ ਨਾਲ ਆ ਰਿਹਾ ਸੀ। ਉਸਨੇ ਸਾਨੂੰ ਕਰਾਸ ਕਰ ਦਿੱਤਾ। ਉਸਨੇ ਸਾਡੇ ਨਾਲ ਕੋਈ ਗੱਲ ਵੀ ਨਾ ਕੀਤੀ। ਤਕਰੀਬਨ ਸੌ ਕੁ ਮੀਟਰ ਚੱਲਣ ਤੋਂ ਮਗਰੋਂ ਅੱਗੇ ਇਕ ਮੋੜ ਆ ਗਿਆ। ਮੋੜ ਤੋਂ ਅੱਗੇ ਸੜਕ ਕਾਫੀ ਦੂਰ ਤਕ ਸਿਧੀ ਸੀ। ਪਰ ਸੂਰਜ ਬਹਾਦਰ ਸਾਨੂੰ ਨਜ਼ਰ ਨਾ ਆਇਆ ਉਸ ਸਮੇਂ ਉਸਦੇ ਕੱਪੜੇ ਚਿੱਟੇ ਪਾਏ ਹੋਏ ਸੀ। ਮੋੜ ਤੇ ਪਹੁੰਚ ਕੇ ਅਸੀਂ ਸੂਰਜ ਬਹਾਦਰ ਦੀ ਤਲਾਸ਼ ਕਰਨ ਲੱਗੇ। ਪਹਾੜ ਦੇ ਉਪਰ ਵਾਲੇ ਪਾਸੇ ਅਤੇ ਨਦੀ ਵੱਲ ਵੀ ਉਸਨੂੰ ਤੱਕਿਆ। ਸੂਰਜ ਬਹਾਦਰ ਸਾਨੂੰ ਕਿਤੇ ਨਜ਼ਰ ਨਾ ਆਇਆ। ਹੁਣ ਸਾਨੂੰ ਸ਼ੰਕਾ ਹੋਣ ਲੱਗਾ ਕਿ ਉਹ ਸ਼ੂਰਜ ਬਹਾਦਰ ਨਹੀਂ ਕੋਈ ਭੂਤ ਸੀ। ਕਿਉਂਕਿ ਬਚਪਨ ਵਿਚ ਸੁਣਦੇ ਹੁੰਦੇ ਸੀ ਕਿ ਭੂਤ ਦੇ ਚਿੱਟੇ ਕੱਪੜੇ ਹੁੰਦੇ ਹਨ। ਇਸਦਾ ਨਿਰਣਾ ਤਾਂ ਸੂਰਜ ਬਹਾਦਰ ਨੂੰ ਪੁੱਛ ਕੇ ਹੀ ਕੀਤਾ ਜਾ ਸਕਦਾ ਸੀ। ਸਾਡੇ ਦੋਵਾਂ ਦੇ ਕੈਂਪ 'ਚ ਪਹੁੰਚਣ ਤੋਂ ਪਹਿਲਾਂ ਹੀ ਸਾਰੇ ਬੰਦੇ ਸੌਂ ਗਏ ਸਨ। ਸੋ ਇਹ ਕੰਮ ਸਵੇਰ ਤੇ ਛੱਡ ਕੇ ਅਸੀਂ ਵੀ ਸੌਂ ਗਏ। ਸਵੇਰੇ ਉਠਣ ਸਾਰ ਅਸੀਂ ਪਹਿਲਾਂ ਸੂਰਜ ਬਹਾਦਰ ਨੂੰ ਮਿਲੇ। ਉਸਨੂੰ ਆਪਨੀ ਸ਼ੰਕਾ ਦੱਸੀ। ਉਹ ਕਹਿਣ ਲੱਗਾ ਕਿ ਮੈਂ ਅਗਲੀ ਟੋਲੀ ਨੂੰ ਮਿਲਣ ਵਾਸਤੇ ਮੋੜ ਤੋਂ ਭੱਜ ਪਿਆ ਸੀ। ਸੋ ਇਸ ਤਰ੍ਹਾਂ ਚਿੱਟੇ ਕੱਪੜਿਆਂ ਵਾਲੇ ਭੂਤ ਦਾ ਹੱਲ ਹੋਇਆ।

## ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ।

# ਮੈਡੀਕਲ ਸਾਇੰਸਜ਼

## ਮਾਂ ਦਾ ਦੁੱਧ ਪੀਣ ਵਾਲੇ ਬੱਚਿਆਂ ਨੂੰ ਹੁੰਦਾ ਹੈ ਸ਼ੱਕਰ ਰੋਗ ਦਾ ਘੱਟ ਖਤਰਾ

ਨਵਜੰਮੇ ਬੱਚੇ ਨੂੰ ਮਾਂ ਦਾ ਦੁੱਧ ਪਿਲਾਉਣ ਨਾਲ ਨਾ ਸਿਰਫ਼ ਉਹ ਸਿਹਤਮੰਦ ਰਹਿੰਦਾ ਹੈ, ਸਗੋਂ ਉਸ ਨੂੰ ਜ਼ਿੰਦਗੀ ਵਿੱਚ ਅੱਗੇ ਜਾ ਕੇ ਸ਼ੱਕਰ ਰੋਗ ਅਤੇ ਮੋਟਾਪੇ ਦਾ ਖਤਰਾ ਵੀ ਘੱਟ ਹੁੰਦਾ ਹੈ। ਡੈਨਮਾਰਕ ਦੀ ਕੋਪਨਹੈਗਨ ਯੂਨੀਵਰਸਿਟੀ ਵਿੱਚ ਹਾਲ ਹੀ 'ਚ ਕੀਤੀ ਗਈ ਖੋਜ ਮੁਤਾਬਕ ਮਾਂ ਦਾ ਦੁੱਧ ਪੀਣ ਵਾਲੇ ਬੱਚਿਆਂ ਦੇ ਵਿਕਾਸ ਦਾ ਅਲੱਗ ਹੀ ਪੈਟਰਨ ਹੁੰਦਾ ਹੈ। ਜੋ ਭਵਿੱਖ ਵਿੱਚ ਉਹਨਾਂ ਦੀ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਖੋਜ ਦੇ ਅਨੁਸਾਰ ਮਾਂ ਦਾ ਦੁੱਧ ਬੱਚੇ ਦੇ ਵਿਕਾਸ ਲਈ ਸਹਾਈ ਹਾਰਮੋਨ ਆਈ. ਜੀ. ਐਫ਼. 1 ਖ਼ੂਨ ਵਿੱਚ ਇਨਸੂਲਿਨ ਦੇ ਪੱਧਰ ਨੂੰ ਘਟਾਉਂਦਾ ਹੈ, ਜਿਸ ਸਦਕਾ ਬੱਚੇ ਦਾ ਵਿਕਾਸ ਹੌਲੀ ਰਫ਼ਤਾਰ ਨਾਲ ਹੁੰਦਾ ਹੈ ਅਤੇ ਹੌਲੀ-ਹੌਲੀ ਭਾਰ ਵਧਣ ਨਾਲ ਖਾਣ-ਪੀਣ ਦੇ ਸਿਹਤਮੰਦ ਪੈਟਰਨਾਂ ਨੂੰ ਹੁਲਾਰਾ ਮਿਲਦਾ ਹੈ। ਇਸ ਦੇ ਉਲਟ ਦੂਸਰਾ ਦੁੱਧ ਫੈਟ ਸੈਲਾਂ ਦੀ ਪੈਦਾਵਾਰ ਵਧਾ ਦਿੰਦਾ ਹੈ। ਜਿਸ ਨਾਲ ਬਚਪਨ ਤੋਂ ਹੀ ਮੋਟਾਪਾ ਆਉਣਾ ਸ਼ੁਰੂ ਹੋ ਜਾਂਦਾ ਹੈ।

ਖੋਜ ਦੌਰਾਨ ਇਹ ਵੀ ਸਪਸ਼ਟ ਕੀਤਾ ਗਿਆ ਕਿ ਮਾਂ ਦਾ ਦੁੱਧ ਬੱਚਿਆਂ ਦੇ ਪੇਟ ਦੇ ਕੀੜਿਆਂ, ਛਾਤੀ ਦੇ ਰੋਗਾਂ, ਅਸਥਮਾ ਐਲਰਜੀ ਆਦਿ ਤੋਂ ਵੀ ਬਚਾਉਂਦਾ ਹੈ। ਸਿਰਫ ਇਹ ਹੀ ਨਹੀਂ ਬੱਚੇ ਨੂੰ ਆਪਣਾ ਦੁੱਧ ਪਿਲਾਉਣ ਵਾਲੀ ਮਾਂ ਨੂੰ ਬੱਚੇਦਾਨੀ ਦੇ ਕੈਂਸਰ ਅਤੇ ਹੋਰ ਕਈ ਇਸਤਰੀਆਂ ਸਬੰਧੀ ਰੋਗਾਂ ਤੋਂ ਵੀ ਖ਼ਤਰਾ ਘਟ ਜਾਂਦਾ ਹੈ। ਇਸ ਨਾਲ ਮਾਵਾਂ ਨੂੰ ਜਣੇਪੇ ਤੋਂ ਬਾਅਦ ਮੋਟਾਪਾ ਘਟਾਉਣ ਵਿੱਚ ਵੀ ਸਹਾਇਤਾ ਮਿਲਦੀ ਹੈ।

## ਸਿਗਰਟਨੋਸ਼ੀ ਕਰਨ ਵਾਲੀਆਂ ਔਰਤਾਂ ਦੇ ਬੱਚੇ ਹੁੰਦੇ ਹਨ ਘੱਟ ਬੁੱਧੀਮਾਨ

ਸੁਖਮੰਦਰ ਸਿੰਘ ਤੂਰ



ਵੱਖ-ਵੱਖ ਖੋਜਾਂ ਤੋਂ ਇਹ ਸਿੱਧ ਹੋ ਚੁੱਕਾ ਹੈ ਕਿ ਗਰਭਵਤੀ ਔਰਤਾਂ ਦੁਆਰਾ ਸਿਗਰਟ ਦੀ ਵਰਤੋਂ ਬੱਚੇ ਨੂੰ ਬਹੁਤ ਸਾਰੀਆਂ ਸਿਹਤ ਸਬੰਧੀ ਸਮੱਸਿਆਵਾਂ ਪੈਦਾ ਕਰਦੀ ਹੈ। ਇੱਕ ਸਵੀਡਿਸ਼ ਅਧਿਐਨ ਦੇ ਅਨੁਸਾਰ ਜੋ ਔਰਤਾਂ ਸਿਗਰਟਨੋਸ਼ੀ ਕਰਦੀਆਂ ਹਨ ਉਨ੍ਹਾਂ ਦੇ ਬੱਚਿਆਂ ਦਾ ਆਈ. ਕਿਉ. ਸਕੋਰ ਜਾਂ ਸਮਝਦਾਰੀ ਦਾ ਪੱਧਰ ਉਨ੍ਹਾਂ ਬੱਚਿਆਂ ਦੇ ਮੁਕਾਬਲੇ ਘੱਟ ਹੁੰਦਾ ਹੈ ਜੋ ਔਰਤਾਂ ਸਿਗਰਟਨੋਸ਼ੀ ਨਹੀਂ ਕਰਦੀਆਂ। 15 ਸਾਲ ਤੱਕ ਕੀਤੇ ਗਏ ਇਸ ਅਧਿਐਨ ਨਾਲ ਸਾਹਮਣੇ ਆਇਆ ਹੈ ਕਿ ਜਿਨ੍ਹਾਂ ਬੱਚਿਆਂ ਦੀਆਂ ਮਾਵਾਂ ਸਿਗਰਟਨੋਸ਼ੀ ਕਰਦੀਆਂ ਹਨ ਉਹਨਾਂ ਦੇ ਬੱਚਿਆਂ ਵਿੱਚ ਸਿਗਰਟਨੋਸ਼ੀ ਨਾ ਕਰਨ ਵਾਲੀਆਂ ਮਾਂਵਾਂ ਦੇ ਬੱਚਿਆਂ ਦੇ ਮੁਕਾਬਲੇ ਵਿੱਚ ਔਸਤ ਘੱਟ ਤੋਂ ਘੱਟ ਬੁੱਧੀਮਾਨ ਹੋਣ ਦਾ ਖ਼ਤਰਾ ਦੁੱਗਣਾ ਵਧ ਜਾਂਦਾ ਹੈ।

## ਬਿਰਧਾਂ ਦੀ ਯਾਦਸ਼ਕਤੀ ਵਧਾਉਂਦੀ ਹੈ ਕੌਫ਼ੀ

ਕੌਫ਼ੀ ਦੇ ਮਨੁੱਖੀ ਸਰੀਰ 'ਤੇ ਚੰਗੇ ਮਾੜੇ ਪ੍ਰਭਾਵਾਂ ਬਾਰੇ ਲਗਾਤਾਰ ਖੋਜਾਂ ਚੱਲਦੀਆਂ ਰਹਿੰਦੀਆਂ ਹਨ। ਅਮਰੀਕਾ ਦੇ ਏਰੀਜ਼ੋਨਾ ਯੂਨੀਵਰਸਿਟੀ ਵਲੋਂ ਕੀਤੀ ਇੱਕ ਖੋਜ ਦੇ ਅਨੁਸਾਰ ਕੌਫ਼ੀ ਵਿੱਚ ਮੌਜੂਦ ਕੈਫ਼ੀਨ ਬਿਰਧਾਂ ਦੀ ਯਾਦ ਸ਼ਕਤੀ ਵਧਾਉਣ ਵਿੱਚ ਲਾਭਦਾਇਕ ਹੁੰਦੀ ਹੈ। ਖੋਜ ਕਰਤਾਵਾਂ ਅਨੁਸਾਰ ਬਿਰਧ ਲੋਕ ਦੁਪਿਹਰ ਦੀ ਕੌਫ਼ੀ ਦੇ ਮਗਰੋਂ ਜ਼ਿਆਦਾ ਚੁਸਤ ਅਤੇ ਤਰੋਤਾਜ਼ਾ ਮਹਿਸੂਸ ਕਰਦੇ ਹਨ। ਇਸ ਖੋਜ ਵਿੱਚ ਸ਼ਾਮਲ ਬਜ਼ੁਰਗਾਂ ਨੂੰ ਜਦੋਂ ਕੈਫ਼ੀਨ ਰਹਿਤ ਕੌਫ਼ੀ ਦਿੱਤੀ ਗਈ ਤਾਂ ਉਨ੍ਹਾਂ ਨੂੰ ਯਾਦ ਆਸ਼ਤ ਸੰਬੰਧੀ ਸਮੱਸਿਆਵਾਂ ਸ਼ੁਰੂ ਹੋ ਗਈਆਂ, ਪਰ ਕੈਫ਼ੀਨ ਯੁਕਤ ਕੌਫ਼ੀ ਦੇਣ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਦੂਰ ਹੋ ਗਈਆਂ। ਹਾਂ, ਇਹ ਯਾਦ ਰਹੇ ਕਿ ਜ਼ਿਆਦਾ ਮਾਤਰਾ ਵਿੱਚ ਕੌਫ਼ੀ ਲੈਣਾ ਹੋਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ।

## ਘੱਟ ਕਾਰਬੋਹਾਈਡਰੇਟਸ ਭਰਪੂਰ ਡਾਈਟ ਦਿੰਦੀ ਹੈ ਬਹੁਤ ਸਾਰੇ ਸਿਹਤ ਲਾਭ

ਕਾਰਬੋਹਾਈਡਰੇਟਸ ਦਾ ਘੱਟ ਸੇਵਨ ਕਈ ਤਰ੍ਹਾਂ ਨਾਲ ਬਹੁਤ ਵਧੀਆ ਮੰਨਿਆ ਜਾਂਦਾ ਹੈ। ਇੱਕ ਨਵੀਂ ਖੋਜ ਵਿੱਚ ਮੋਟਾਪੇ ਤੋਂ ਪੀੜਤ 132 ਵਿਅਕਤੀਆਂ 'ਚੋਂ 66 ਵਿਅਕਤੀਆਂ ਨੂੰ ਕਾਰਬੋਹਾਈਡ੍ਰੇਟਸ ਦੀ 30 ਗ੍ਰਾਮ ਤੋਂ ਘੱਟ ਮਾਤਰਾ ਦਾ ਸੇਵਨ ਇੱਕ ਸਾਲ ਤੱਕ ਕਰਵਾਇਆ ਗਿਆ ਅਤੇ ਬਾਕੀ 66 ਵਿਅਕਤੀਆਂ ਨੂੰ ਹਰ ਰੋਜ਼ 500 ਕੈਲੋਰੀ ਘੱਟ ਦਿੱਤੀ ਗਈ ਅਤੇ ਚਿਕਨਾਈ ਦੀ ਮਾਤਰਾ ਦਾ ਸੇਵਨ ਵੀ ਘੱਟ ਕਰਵਾਇਆ ਗਿਆ। 6 ਮਹੀਨਿਆਂ ਬਾਅਦ ਘੱਟ ਕਾਰਬੋਹਾਈਡ੍ਰੇਟਸ ਵਾਲੇ ਗਰੁੱਪ ਨੇ ਤਕਰੀਬਨ 13 ਪੌਂਡ ਵਜ਼ਨ ਘੱਟ ਕੀਤਾ ਅਤੇ ਦੂਸਰੇ ਗਰੁੱਪ ਨੇ ਤਕਰੀਬਨ 4 ਪੌਂਡ। ਇੱਕ ਸਾਲ ਬਾਅਦ ਘੱਟ ਕਾਰਬੋਹਾਈਡ੍ਰੇਟ ਵਾਲੇ ਗਰੁੱਪ ਦੇ ਵਿਅਕਤੀਆਂ ਨੇ ਔਸਤ ਮੁਤਾਬਕ 11 ਪੌਂਡ ਵਜ਼ਨ ਘੱਟ ਕੀਤਾ ਅਤੇ ਦੂਸਰੇ ਗਰੁੱਪ ਨੇ ਤਕਰੀਬਨ 8 ਪੌਂਡ। ਦੂਜੇ ਗਰੁੱਪ ਦੇ ਵਿਅਕਤੀ ਅਜੇ ਵੀ ਵਜ਼ਨ ਘੱਟ ਕਰ ਰਹੇ ਹਨ। ਮਾਹਿਰਾਂ ਮੁਤਾਬਕ ਲੰਮੇ ਸਮੇਂ ਤੱਕ ਵਜ਼ਨ ਲਗਾਤਾਰ ਕੰਟਰੋਲ ਕਰਨ 'ਚ ਪਹਿਲੇ ਗਰੁੱਪ ਦੀ ਜਗ੍ਹਾ ਦੂਸਰਾ ਗਰੁੱਪ ਜ਼ਿਆਦਾ ਸਫ਼ਲ ਰਿਹਾ। ਪਰ ਘੱਟ ਕਾਰਬੋਹਾਈਡ੍ਰੇਟ ਵਾਲੇ ਗਰੁੱਪ ਦੇ ਵਿਅਕਤੀਆਂ ਨੇ ਦੂਜੇ ਬਹੁਤ ਸਾਰੇ ਸਿਹਤ ਲਾਭ ਪ੍ਰਾਪਤ ਕੀਤੇ। ਜਿਵੇਂ ਉਨ੍ਹਾਂ ਦੇ ਟ੍ਰਾਈਗਲਿਸਰਾਈਡ ਦੇ ਪੱਧਰ ਵਿੱਚ ਕਮੀ ਆਈ ਅਤੇ ਇਨ੍ਹਾਂ ਚੋਂ ਜੋ ਵਿਅਕਤੀ ਸ਼ੱਕਰ ਰੋਗ ਦੇ ਸ਼ਿਕਾਰ ਸਨ, ਉਨ੍ਹਾਂ ਆਪਣੇ ਬਲੱਡ ਸ਼ੂਗਰ 'ਚ ਸੁਧਾਰ ਵੇਖਿਆ ਤੇ ਉਨ੍ਹਾਂ ਦੇ ਕੋਲੈਸਟਰੋਲ ਦੇ ਪੱਧਰ 'ਚ ਵੀ ਸੁਧਾਰ ਆਇਆ। ਇੱਕ ਹੋਰ ਖੋਜ 'ਚ ਇਹ ਵੀ ਪਾਇਆ ਗਿਆ ਕਿ 120 ਮੋਟਾਪੇ ਪੀੜਤ ਵਿਅਕਤੀਆਂ ਨੂੰ ਜਦੋਂ 6 ਮਹੀਨੇ ਤੱਕ ਘੱਟ ਕਾਰਬੋਹਾਈਡ੍ਰੇਟ ਭਰਪੂਰ ਡਾਈਟ ਦਾ ਸੇਵਨ ਕਰਵਾਇਆ ਗਿਆ ਤਾਂ ਉਨ੍ਹਾਂ ਨੇ ਆਪਣੇ ਵਜ਼ਨ ਵਿੱਚ ਔਸਤਨ 26 ਪੌਂਡ ਦੀ ਕਮੀ ਪਾਈ।

## ਮਾਈਗ੍ਰੇਨ 'ਚ ਦਹੀ ਦਾ ਸੇਵਨ ਫ਼ਾਇਦੇਮੰਦ

ਇਟਲੀ ਯੂਨੀਵਰਸਿਟੀ ਆਫ਼ ਮਿਲਾਨ ਦੇ ਮਾਹਿਰਾਂ ਦੁਆਰਾ ਕੀਤੀ ਗਈ ਇੱਕ ਖੋਜ ਮੁਤਾਬਕ ਮਾਈਗ੍ਰੇਨ ਦੀ ਸਮੱਸਿਆ 'ਚ ਦਹੀ ਦਾ ਸੇਵਨ ਫ਼ਾਇਦੇਮੰਦ ਹੈ। ਇਸ ਦਾ ਕਾਰਨ ਦਹੀ 'ਚ ਸ਼ਾਮਲ ਬੈਕਟੀਰੀਆ ਹਨ। ਇਸ ਖੋਜ ਵਿੱਚ 130 ਪੁਰਸ਼ਾਂ ਅਤੇ ਔਰਤਾਂ ਨੇ ਭਾਗ ਲਿਆ, ਜਿਨ੍ਹਾਂ ਨੂੰ ਮਾਈਗ੍ਰੇਨ ਦੇ ਅਟੈਕ ਲਗਾਤਾਰ ਪੈਂਦੇ ਰਹਿੰਦੇ ਸਨ। ਇਨ੍ਹਾਂ 'ਚੋਂ ਕੁੱਝ ਵਿਅਕਤੀਆਂ ਨੂੰ ਇੱਕ ਸਾਲ ਤੱਕ ਐਂਟੀਬਾਇਟਿਕ ਦਵਾਈਆਂ ਦੇ ਨਾਲ ਇੱਕ ਕੱਪ ਦਹੀਂ ਦਾ ਸੇਵਨ ਕਰਵਾਇਆ ਗਿਆ ਅਤੇ ਕੁੱਝ ਨੂੰ ਸਿਰਫ ਐਂਟੀਬਾਇਟਿਕ ਦਾ। ਇੱਕ ਸਾਲ ਬਾਅਦ ਇਨ੍ਹਾਂ ਦੀ ਜਾਂਚ ਕਰਕੇ ਵੇਖਿਆ ਗਿਆ ਕਿ ਦਹੀਂ ਦਾ ਸੇਵਨ ਕਰਨ ਵਾਲੇ ਵਿਅਕਤੀਆਂ 'ਚ ਸਿਰਫ਼ ਐਂਟੀਬਾਇਟਿਕ ਦਾ ਸੇਵਨ ਕਰਨ ਵਾਲੇ ਵਿਅਕਤੀਆਂ ਦੀ ਮਾਈਗ੍ਰੇਨ 'ਚ 30 ਫੀਸਦੀ ਕਮੀ ਪਾਈ ਗਈ।

## ...ਅਤੇ ਅੰਤ ਵਿੱਚ

ਭਾਵੇਂ ਔਰਤਾਂ ਨੂੰ ਕਮਜ਼ੋਰ ਸਮਝਿਆ ਜਾਂਦਾ ਹੈ; ਪਰ ਡਾਕਟਰਾਂ ਦੇ ਇੱਕ ਗਰੁੱਪ ਨੇ ਕਿਹਾ ਕਿ ਨਵਜੰਮੇ ਮੁੰਡੇ, ਖਾਸ ਤੌਰ 'ਤੇ ਜਿਹੜੇ ਸਮੇਂ ਤੋਂ ਪਹਿਲਾਂ ਜਨਮ ਲੈਂਦੇ ਹਨ, ਇਸ ਤਰ੍ਹਾਂ ਦੀਆਂ ਪੈਦਾ ਹੋਈਆਂ ਲੜਕੀਆਂ ਦੇ ਮੁਕਾਬਲੇ ਵਧੇਰੇ ਬਿਮਾਰ ਤੇ ਮੌਤ ਦਾ ਸ਼ਿਕਾਰ ਹੋਣ ਯੋਗ ਹੁੰਦੇ ਹਨ। ਸਿਹਤ ਵਿਗਿਆਨੀਆਂ ਨੂੰ ਦਹਾਕਿਆਂ ਤੋਂ ਇਹ ਤਾਂ ਪਤਾ ਹੈ ਕਿ ਹਲਕੇ ਵਜ਼ਨ ਵਾਲੇ ਨਵਜੰਮੇ ਮੁੰਡੇ ਇੱਕ ਕਥਿਤ ਨੁਕਸਾਨ ਦੇ ਭਾਗੀ ਬਣਦੇ ਹਨ, ਪਰ ਨਵੀਆਂ ਇਲਾਜ ਵਿਧੀਆਂ ਅਤੇ ਤਕਨੀਕਾਂ ਆ ਜਾਣ ਦੇ ਬਾਵਜੂਦ ਉਹ ਇਹ ਨਹੀਂ ਸਿੱਧ ਕਰ ਸਕੇ ਕਿ ਅਜਿਹਾ ਕਿਉਂ ਹੁੰਦਾ ਹੈ ਤੇ ਇਸ ਦੀ ਰੋਕਥਾਮ ਕਿਵੇਂ ਕੀਤੀ ਜਾ ਸਕਦੀ ਹੈ! ਸਟੈਂਡਰਡ ਯੂਨੀਵਰਸਿਟੀ ਨਿਪਾਲੋ ਆਲਟੋ ਕੈਲੇਫੋਰਨੀਆਂ ਦੇ ਪ੍ਰਮੁੱਖ ਡਾ. ਡੇਵਿਡ ਸਟੀਵਨਸਨ ਦਾ ਕਹਿਣਾ ਹੈ ਕਿ ਕੁੜੀਆਂ ਅਤੇ ਮੁੰਡਿਆਂ ਦੇ ਜੈਵਿਕ ਢਾਂਚੇ ਵਿੱਚ ਇਹ ਫ਼ਰਕ ਲੱਭਿਆ ਨਹੀਂ ਜਾ ਸਕਿਆ।

# ਪਕੜੇ ਗਏ ਤਾਂ ਕਲੰਕ ਨਹੀਂ ਤਾਂ ਸਾਧੂ ਸੰਤ

### * ਮੂਲ ਲੇਖ ਸੱਤਿਆ ਭਗਤ * ਅਨੁਵਾਦਕ ਪਵਨ ਕੁਮਾਰ ਰੱਤੋਂ

ਲੋਕਾਂ ਨੂੰ ਤਿਆਗ, ਸੰਜਮ ਅਤੇ ਦਾਨ ਦਾ ਉਪਦੇਸ਼ ਦੇਣ ਵਾਲੇ ਸਾਧੂ ਸੰਤ ਅਤੇ ਬਾਬੇ ਅਸਲੀਅਤ ਵਿੱਚ ਬੇਹੱਦ ਰੰਗੀਨ ਮਿਜ਼ਾਜ਼ ਦੇ ਹੁੰਦੇ ਹਨ। ਇਸਤਰੀ ਅਤੇ ਧਨ ਦੀ ਹਵਸ ਨੂੰ ਇਹ ਲੋਕ ਬੇਹੱਦ ਸਿੱਧੇ ਢੰਗ ਨਾਲ ਪੂਰੀ ਕਰਦੇ ਹਨ। ਕਰੋੜਾਂ ਅਰਬਾਂ ਰੁਪਏ ਦੀ ਦੱਛਣਾਂ ਨਾਲ ਐਸ਼ ਕਰਦੀ ਹੈ ਸਾਧੂ ਜਮਾਤ ਜੇਕਰ ਡਰਦੀ ਨਹੀਂ ਹੈ ਤਾਂ ਕਾਰਨ ਸਾਫ਼ ਹੈ ਕਿ ਉਹ ਜਾਣਦੀ ਹੈ ਰੱਬ ਨੂੰ ਬਹੁਤਾ ਪ੍ਰਚਾਰਤ ਕਰਕੇ ਸਾਰੇ ਸੁਖ ਭੋਗੇ ਜਾ ਸਕਦੇ ਹਨ। ਹੁਣ ਸਮੇਂ ਦੇ ਨਾਲ ਸਾਧੂ ਵੀ ਹਾਈਟੇਕ (ਆਧੁਨਿਕ ਤਕਨੀਕ ਅਤੇ ਯੰਤਰਾਂ ਨਾਲ ਬਣੇ ਚੀਜ਼ਾਂ ਨੂੰ ਵਰਤਣ ਵਾਲੇ) ਹੋ ਗਏ ਹਨ, ਇਹ ਤਾਂ ਹਰ ਕੋਈ ਜਾਣਦਾ ਹੈ। ਜਿਹੜੇ ਸਾਧੂਸੰਤ ਮਹਿੰਗੀਆਂ ਕਾਰਾਂ ਵਿੱਚ ਘੁੰਮਦੇ ਹਨ, ਹਵਾਈ ਜਹਾਜ਼ਾਂ ਵਿੱਚ ਉੱਡਦੇ ਹਨ ਅਤੇ ਏਅਰਕੰਡੀਸ਼ਨ ਆਸ਼ਰਮਾਂ ਵਿੱਚ ਰਹਿੰਦੇ ਹਨ, ਬਗਲ ਵਿੱਚ ਚੇਲੀਆਂ ਦੇ ਨਾਂ ਉੱਤੇ ਸੁੰਦਰੀਆਂ ਨਾਲ ਰੱਖਦੇ ਹਨ, ਕਾਜੂ, ਕਿਸ਼ਮਿਸ਼ ਅਤੇ ਬਾਦਾਮ ਖਾਂਦੇ ਹਨ। ਭਗਤਾਂ ਤੋਂ ਪੈਰੀ ਹੱਥ ਲਗਵਾਉਣ ਦੇ ਬਾਦ ਆਪਣੇ ਪੈਰਾਂ ਨੂੰ ਸਾਬਨ ਨਾਲ ਧੋਂਦੇ ਹਨ, ਜ਼ਮਾਨਾ ਉਹਨਾਂ ਦਾ ਹੈ।

ਚੇਲੇ ਵੀ ਅੱਜਕੱਲ੍ਹ ਲੇਬਲ (ਨਾਂ-ਪੱਤਰ) ਦੇਖਕੇ ਗੁਰੂ ਬਣਾਉਂਦੇ ਹਨ ਅਤੇ ਉਸ ਦੀ ਸ਼ੋਹਰਤ ਦੇਖਕੇ ਚੜ੍ਹਾਵਾ ਚੜ੍ਹਾਉਂਦੇ ਹਨ ਤਾਂ ਇਸ ਨੂੰ ਇਕ ਤਰ੍ਹਾਂ ਦੀ ਰਿਸ਼ਵਤ ਕਹਿਣਾ ਹੀ ਬਿਹਤਰ ਹੋਵੇਗਾ। ਕਾਰਨ, ਵੱਡੇ ਬਾਬੇ ਦੀ ਪਹੁੰਚ ਉਹਨਾਂ ਰਸੂਖਦਾਰ ਲੋਕਾਂ ਤੱਕ ਹੁੰਦੀ ਹੈ ਜੋ ਲਾਇਸੰਸ ਦਿਵਾ ਸਕਦਾ ਹੈ, ਮਨਚਾਹੀ ਥਾਂ ਤਬਾਦਲਾ ਕਰਵਾ ਸਕਦਾ ਹੈ, ਟੈਂਡਰ ਪਾਸ ਕਰਵਾ ਸਕਦਾ ਹੈ, ਹੋਰ ਤਾਂ ਹੋਰ ਚੋਣ ਲੜਨ ਦੇ ਲਈ ਟਿਕਟ ਵੀ ਦਿਵਾ ਸਕਦਾ ਹੈ।

**ਰੰਗੀਲਾ ਸਾਧੂ** : ਪੁਲਿਸ ਨੇ ਮੁੱਖਬਰ ਦੀ ਖ਼ਬਰ ਉੱਤੇ ਜਬਲਪੁਰ ਦੇ ਇਕ ਹੋਟਲ ਦੇ ਇੱਕ ਕਮਰੇ ਵਿੱਚ ਛਾਪਾ ਮਾਰਿਆ ਤਾਂ ਮਸ਼ਹੂਰ ਸਾਧੂ ਵਿਕਾਸਾਨੰਦ ਤਿੰਨ ਜਵਾਨ ਲੜਕੀਆਂ ਦੇ ਨਾਲ ਬਲੂ ਫਿਲਮ ਵੇਖਦਾ ਮਿਲਿਆ। ਉਥੇ ਇੱਕ ਘੱਟ ਉਮਰ ਦਾ ਮੁੰਡਾ ਵੀ ਮੌਜੂਦ ਸੀ ਜਿਹੜਾ ਗੁਸਲਖਾਨੇ ਵਿੱਚ ਜਾ ਕੇ ਛਿਪ ਗਿਆ। ਇਹ ਲੜਕੀਆਂ ਬਹੁਤ ਮਸ਼ਹੂਰ ਘਰਾਨਿਆਂ ਦੀਆਂ ਸਨ ਜਿਹੜੀਆਂ ਵਿਕਾਸਾਨੰਦ ਦੇ ਨਾਲ ਬੈਠ ਕੇ ਬਲੂ ਫਿਲਮ ਦਾ ਮਜ਼ਾ ਲੈ ਰਹੀਆਂ ਸਨ। ਜਿਹੜੇ ਇਤਰਾਜ਼ਯੋਗ ਹਾਲਤ ਵਿੱਚ ਇਹ ਲੜਕੀਆਂ ਸਾਧੂ ਦੇ ਨਾਲ ਬੈਠੀਆਂ ਸਨ ਉਹਨਾਂ ਨੂੰ ਦੇਖਕੇ ਪੁਲਿਸ ਵਾਲੇ ਵੀ ਹੈਰਾਨ ਰਹਿ ਗਏ। ਪੁਲਿਸ ਦਾ ਇਹ ਛਾਪਾ ਵਿਕਾਸਾਨੰਦ ਦੀ ਉਮੀਦ ਤੋਂ ਬਾਹਰ ਸੀ ਕਿਉਂਕਿ ਜਬਲਪੁਰ ਵਿੱਚ ਉਸਨੂੰ ਪੂਜਨ ਵਾਲੇ ਬਹੁਤ ਰਸੂਖਦਾਰ ਲੋਕਾਂ ਦੀ ਕਮੀ ਨਹੀਂ ਸੀ। ਮੁਖਬਰ ਦੀ ਖ਼ਬਰ ਦੇ ਅਨੁਸਾਰ ਹੋਟਲ ਦੇ ਕਮਰੇ ਵਿੱਚ ਇੱਕ ਸਾਧੂ ਵੱਡੀ ਗਿਣਤੀ ਵਿੱਚ ਸੋਨਾ ਲੈ ਕੇ ਆਇਆ ਹੈ। ਪਰੰਤੂ ਜਾਂਚਪੜਤਾਲ ਵਿੱਚ ਪੁਲਿਸ ਨੂੰ ਸੋਨਾ ਤਾਂ ਨਹੀਂ ਮਿਲਿਆ, ਰੰਗੀਨੀਆਂ ਦਾ ਨਜ਼ਾਰਾ ਜ਼ਰੂਰ ਨਜ਼ਰ ਆਇਆ। ਸੋਨਾ ਖੋਜਣ ਵਾਲੇ ਪੁਲਿਸ ਵਾਲਿਆਂ ਨੂੰ ਜੋ ਸਾਮਨ ਮਿਲਿਆ, ਉਸ ਦਾ ਸਾਧੂ ਜੀਵਨ ਨਾਲ ਦੂਰ ਦੂਰ ਤੱਕ ਕੋਈ ਸੰਬੰਧ ਧਰਮ ਅਤੇ ਧਰਮਗਰੰਥਾਂ ਦੇ ਹਿਸਾਬ ਨਾਲ ਨਹੀਂ ਹੋਣਾ ਚਾਹੀਦਾ। ਮਤਲਬ ਕਿ, ਕੰਡੋਮ, ਬਲੂ ਫਿਲਮਾਂ ਦੀਆਂ ਦਰਜਨ ਸੀਡੀਆਂ, ਸੈਕਸ ਤਾਕਤ ਵਧਾਉਣ ਵਾਲਾ ਸਪਰੇਅ ਅਤੇ ਗਰਭ ਨਿਰੋਧਕ ਗੋਲੀਆਂ ਸੈਕਸ ਦੇ ਆਨੰਦ ਨਾਲ ਸੰਬੰਧ ਰੱਖਦੀਆਂ ਇਹਨਾਂ ਚੀਜਾਂ ਦੇ ਇਲਾਵਾ ਕਈ ਬੈਂਕਾਂ ਦੀਆਂ ਪਾਸਬੁੱਕ, ਚੈੱਕ ਬੁੱਕ, ਚਾਰ ਮੋਬਾਈਲ ਫੋਨ ਅਤੇ ਦੋ ਕਿਲੋ ਗਾਂਜਾ ਵੀ ਪੁਲਿਸ ਨੇ ਜ਼ਬਤ ਕੀਤਾ। ਵਿਕਾਸਾਨੰਦ ਨੂੰ ਹਿਰਾਸਤ ਵਿਚ ਲੈਣ ਦੇ ਬਾਦ ਪੁਲਿਸ ਨੇ ਮੁਟਿਆਰਾਂ ਤੋਂ ਪੁੱਛਤਾਛ ਕੀਤੀ ਤਾਂ ਉਹ ਮਾਸੂਮੀਅਤ ਨਾਲ ਬੋਲੀਆਂ ਕਿ ਇਹ ਤਾਂ ਸਾਡੇ ਪਰਿਵਾਰ ਦੇ ਗੁਰੂ ਹਨ। ਲੜਕੀਆਂ ਦੇ ਘਰ ਵਾਲਿਆਂ ਨੂੰ ਬੁਲਾ ਕੇ ਪੁੱਛਗਿੱਛ ਕੀਤੀ ਗਈ ਤਾਂ ਉਹ ਵੀ ਇਸ ਸਾਧੂ ਨੂੰ ਆਪਣਾ ਗੁਰੂ ਦੱਸਦੇ ਰਹੇ।

ਪੁਲਿਸ ਨੇ ਅਗਲੇ ਦਿਨ ਸਵੇਰੇ ਬਾਬੇ ਦੇ ਬਰੇਲੀ ਸਥਿਤ ਆਸਰਮ ਉਤੇ ਛਾਪਾ ਮਾਰਿਆ ਤਾਂ ਉਥੇ ਵੀ ਬਲੂ ਫਿਲਮਾਂ ਦੀਆਂ ਕਈ ਸੀਡੀਆਂ ਅਤੇ ਕੈਸਟਾਂ, ਗਾਂਜਾ ਅਤੇ ਰਿਵਾਲਵਰ ਦਾ ਖਾਲੀ ਕਵਰ ਮਿਲਿਆ। ਢਾਈ ਲੱਖ ਰੁਪਏ ਨਕਦ ਵੀ ਵਿਕਾਸਾਨੰਦ ਦੀ ਗੱਦੀ ਦੇ ਹੇਠਾਂ ਤੋਂ ਬਰਾਮਦ ਕੀਤੇ ਗਏ। ਹੈਰਾਨ ਕਰ ਦੇਣ ਵਾਲੀ ਇਕ ਹੋਰ ਚੀਜ਼ ਵੀਡਿਓ ਕੈਮਰਾ ਵੀ ਸੀ, ਜਿਸ ਨਾਲ ਬਲੂ ਫਿਲਮਾਂ ਦੀ ਸੂਟਿੰਗ ਕੀਤੀ ਜਾਂਦੀ ਸੀ। ਇਹ ਪਤਾ ਲੱਗਾ ਕਿ ਇਸ ਕੈਮਰੇ ਨਾਲ ਪਚਮੜੀ ਦੇ ਇਕ ਹੋਟਲ ਵਿੱਚ ਬਲੂ ਫਿਲਮ ਬਣਾਈ ਗਈ ਸੀ। ਵਿਕਾਸਾਨੰਦ ਦਾ ਉਹ ਸ਼ਾਨਦਾਰ ਆਸ਼ਰਮ, ਜਿਸ ਦਾ ਨਾਂ ਸ਼੍ਰੀ ਪਰਮਹੰਸ ਆਸ਼ਰਮ ਹੈ, ਇਕ ਤਰ੍ਹਾਂ ਨਾਲ ਮੌਜਮਸਤੀ ਦਾ ਅੱਡਾ ਅਤੇ ਸਟੂਡਿਓ ਸੀ ਜਿਸ ਵਿੱਚ ਘੱਟ ਉਮਰ ਦੀਆਂ ਲੜਕੀਆਂ ਦੀ ਬਲੂ ਫਿਲਮਾਂ ਬਣਾ ਕੇ ਉਹਨਾਂ ਨੂੰ ਵੇਚਿਆ ਜਾਂਦਾ ਸੀ ਅਤੇ ਲੜਕੀਆਂ ਨੂੰ ਬਲੈਕਮੇਲ (ਪਰਦਾ ਫਾਸ਼ ਕਰਨ ਦਾ ਡਰ ਦਿਖਾ ਕੇ ਪੈਸਾ ਠੱਗਣਾ ਜਾਂ ਨਜਾਇਜ਼ ਲਾਭ ਲੈਣਾ) ਕੀਤਾ ਜਾਂਦਾ ਸੀ। ਹੈਰਾਨੀ ਤਦ ਹੋਈ ਜਦ ਹੋਟਲ ਵਿਚੋਂ ਪਕੜੀਆਂ ਗਈਆਂ ਲੜਕੀਆਂ ਦੇ ਘਰ ਵਾਲਿਆਂ ਨੇ ਇਸ ਬਾਬੇ ਦੇ ਖਿਲਾਫ ਬਲਾਤਕਾਰ ਦੀ ਰਿਪੋਰਟ ਬਾਦ ਵਿੱਚ ਦਰਜ ਕਰਾਈ। ਜਿਉਂ ਹੀ ਲੋਕਾਂ ਦਾ ਦਬਾਅ ਪੁਲਿਸ ਉੱਤੇ ਵਧਿਆ ਤਾਂ ਵਿਕਾਸਾਨੰਦ ਦੇ ਬਾਰੇ ਵਿੱਚ ਹੋਰ ਵੀ ਹੈਰਾਨ ਕਰ ਦੇਣ ਵਾਲੀਆਂ ਜਾਣਕਾਰੀਆਂ ਪੁਲਿਸ ਨੂੰ ਮਿਲੀਆਂ। ਮਤਲਬ ਕਿ, ਉਸ ਦੇ ਕਈ ਵੱਡੇ ਇੱਜ਼ਤਦਾਰ ਘਰਾਣਿਆਂ ਨਾਲ ਡੂੰਘੇ ਸਬੰਧ ਸਨ ਅਤੇ ਇਹਨਾਂ ਘਰਾਣਿਆਂ ਦੀਆਂ ਲੜਕੀਆਂ ਉਸ ਦੇ ਆਸ਼ਰਮ ਵਿੱਚ ਰਾਤ ਰਾਤ ਭਰ ਰਹਿੰਦੀਆਂ ਸਨ। ਇਸ ਦੌਰਾਨ ਕਿਸ ਤਰ੍ਹਾਂ ਦਾ ਪੂਜਾ ਪਾਠ ਹੁੰਦਾ ਹੋਵੇਗਾ। ਆਸਾਨੀ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸਪੱਸ਼ਟ ਹੈ, ਵਿਕਾਸਾਨੰਦ ਧਰਮ ਦੀ ਆੜ ਵਿੱਚ ਤਸਕਰੀ, ਬਲੈਕਮੇਲਿੰਗ ਅਤੇ ਐਯਾਸ਼ੀ ਦਾ ਖੇਲ, ਖੇਲ ਰਿਹਾ ਸੀ, ਜਿਸ ਵਿੱਚ ਕਈ ਲੋਕ ਇਸ ਦੇ ਸ਼ਿਕਾਰ ਬਣੇ।

**ਵਿਕਾਸਾਨੰਦ ਕੌਣ ਹੈ** : 48 ਸਾਲ ਦਾ ਵਿਕਾਸਾਨੰਦ ਮਹਾਂਰਾਸ਼ਟਰ ਦੇ ਠਾਣੇ ਦੇ ਦਹਾਣੂ ਕਸਬੇ ਦਾ ਰਹਿਣ ਵਾਲਾ ਹੈ, ਜਿਸ ਦਾ ਅਸਲੀ ਨਾਂ ਵਿਕਾਸ ਹੈ। ਇਸ ਪਖੰਡੀ ਸਾਧੂ ਦਾ ਇਕ ਹੋਰ ਨਾਂ ਜਯੋਤੀਆਨੰਦ ਵੀ ਹੈ। ਇੰਜਨੀਅਰਿੰਗ ਦੀ ਪ੍ਰੀਖਿਆ ਵਿੱਚ ਫ਼ੇਲ ਹੋਣ ਕਰਕੇ ਵਿਕਾਸ ਘਰ ਛੱਡ ਕੇ ਭੱਜਿਆ ਤਾਂ ਮੱਧ ਪ੍ਰਦੇਸ਼ ਦੇ ਸਤਨਾ ਜ਼ਿਲ੍ਹੇ ਵਿੱਚ ਆ ਗਿਆ। ਇਥੇ ਕਈ ਬਾਬਿਆਂ ਦੇ ਕੋਲ ਆਸ਼ਰਮਾਂ ਵਿੱਚ ਰਿਹਾ। ਛੇਤੀ ਹੀ ਵਿਕਾਸ ਨੂੰ ਬਾਬਿਆਂ ਦੀ ਅਸਲੀਅਤ ਸਮਝ ਵਿੱਚ ਆ ਗਈ ਅਤੇ ਉਸ ਨੇ ਧਰਮ ਦੇ ਸਾਰੇ ਧੰਦੇ ਸਿੱਖ ਕੇ ਆਪ ਵੀ ਅਲੱਗ ਦੁਕਾਨ ਖੋਲ੍ਹ ਲਈ। ਲੱਛੇਦਾਰ ਪ੍ਰਵਚਨ ਦੇਂਦੇ ਦੇਂਦੇ ਉਹ ਵਿਕਾਸ ਤੋਂ ਸਵਾਮੀ ਵਿਕਾਸਾਨੰਦ ਹੋ ਗਿਆ।

ਜਬਲਪੁਰ ਵਿੱਚ ਵਿਕਾਸਾਨੰਦ ਨੇ ਪਹਿਲਾਂ ਤਾਂ ਮੌਕੇ ਦੀ ਜਮੀਨ ਦਾ ਜੁਗਾੜ ਕੀਤਾ ਅਤੇ ਉਥੇ ਆਸਰਮ ਖੋਲ੍ਹ ਲਿਆ। ਉਸਦਾ ਆਸ਼ਰਮ ਏਨਾ ਸ਼ਾਨਦਾਰ ਅਤੇ ਆਧੁਨਿਕ ਸਹੂਲਤਾ ਨਾਲ ਭਰਪੂਰ ਸੀ ਕਿ ਉਸ ਦੀ ਚਕਾਂਚੌਂਧ ਦੇਖ ਕੇ ਪੁਲਿਸ ਵਾਲਿਆਂ ਦੀਆਂ ਅੱਖਾਂ ਫਟੀਆਂ ਰਹਿ ਗਈਆਂ।

ਜਬਲਪੁਰ ਵਿੱਚ ਲਾਰਡਗੰਜ ਥਾਨੇ ਦੇ ਨਜ਼ਦੀਕ ਇੱਕ ਦੁਕਾਨਦਾਰ ਦਾ ਕਹਿਣਾ ਹੈ, "ਹੁਣ ਇਨ੍ਹਾਂ ਭਗਤਾਂ ਨੂੰ ਆਪਣੇ ਭਗਵਾਨ ਦੀ 'ਵਡਿਆਈ' ਸਮਝ ਵਿੱਚ ਆ ਰਹੀ ਹੈ। ਪਹਿਲਾਂ ਤਾਂ ਬਲੈਕਮੇਲਿੰਗ ਕਰ ਕੇ ਬਾਬਾ ਇਨ੍ਹਾਂ ਨੂੰ ਨਿਚੋੜਦਾ ਰਿਹਾ ਹੁਣ ਨਾਂ ਲੁਕਾਉਣ ਦੇ ਲਈ ਪੁਲਿਸ ਨਿਚੋੜ ਰਹੀ ਹੈ।" ਅਜਿਹੇ ਬਾਬਿਆਂ ਦੀ ਉਜਾਗਰ ਹੋਈ ਹਕੀਕਤ ਤੋਂ ਦੇਸ਼ ਦੇ ਲੋਕਾਂ ਨੇ ਕੋਈ ਸਬਕ ਕਦੇ ਸਿੱਖਿਆ ਹੋਵੇ ਅਜਿਹਾ ਲੱਗਦਾ ਨਹੀਂ ਹੈ।

ਹਾਲ ਹੀ ਵਿੱਚ ਉੱਤਰ ਪ੍ਰਦੇਸ਼ ਵਿੱਚ ਇੱਕ ਸੰਤ ਗਿਆਨੇਸ਼ਵਰ ਦੀਆਂ ਕਾਲੀਆਂ ਕਰਤੂਤਾਂ ਉਜਾਗਰ ਹੋਈਆਂ ਸਨ। ਆਪਣੇ ਆਪ ਨੂੰ ਰੱਬ ਦਾ ਦੂਤ ਦੱਸਣ ਵਾਲਾ ਗਿਆਨੇਸ਼ਵਰ ਆਪਣੀਆਂ ਚੇਲੀਆਂ ਦੇ ਨਾਲ ਸਾਰੀ ਰਾਤ ਨੰਗਾ ਨੱਚਦਾ ਸੀ। ਇਹ ਸੰਤ ਵੀ ਬਲੂ ਫਿਲਮਾਂ ਬਣਾਉਂਦਾ ਸੀ। ਇਸੇ ਸਾਲ ਉਸ ਦਾ ਕਤਲ ਹੋਇਆ ਤਾਂ ਸਹਜ ਸਮਝਿਆ ਜਾ ਸਕਦਾ ਹੈ ਕਿ ਉਹ ਕਿਸ ਤਰ੍ਹਾਂ ਦਾ ਅਵਤਾਰ ਸੀ। ਹੁਣ ਆਸਾ ਰਾਮ ਬਾਪੂ ਦਾ ਸੈਕਸ ਕਾਂਡ ਦਾ ਕੇਸ ਚੱਲ ਰਿਹਾ ਹੈ। ਹੁਣ ਲੋਕਾਂ ਨੂੰ ਆਸਾਨੀ ਨਾਲ ਸਮਝ ਆਉਣਾ ਚਾਹੀਦਾ ਹੈ ਕਿ ਇਹ ਕਿਹੋ ਜਿਹਾ ਬਾਪੂ ਹੈ।



**ਧੰਨਵਾਦ ਸਹਿਤ ਹਿੰਦੀ ਪੁਸਤਕ "ਅਵਧੂਤ ਕੀ ਡਾਇਰੀ" ਵਿੱਚੋਂ।**

# ਸਕੂਲ ਜਾਣ ਤੋਂ ਰੋਕਣ ਵਾਲੀ ਪੀਰ ਦੀ ਰੂਹ ਅਤੇ ਕਸਰ

**ਜਿੰਦੀ ਪੇਂਟਰ**

ਲੱਭੇ ਦੀ ਉਮਰ 9 ਸਾਲ ਸੀ। ਉਹ ਪੰਜਵੀਂ ਜਮਾਤ ਵਿੱਚ ਪੜ੍ਹਦਾ ਸੀ। ਉਸਦੇ ਘਰ ਵਿੱਚ ਬਾਬਿਆਂ, ਦੇਵੀ-ਦੇਵਤਿਆਂ, ਸਾਧੂ-ਸੰਤਾਂ ਅਤੇ ਖਾਸ ਤੌਰ ਤੇ ਪੀਰਾਂ ਦੀ ਪੂਜਾ ਸੱਚੀ ਸ਼ਰਧਾ ਨਾਲ ਕੀਤੀ ਜਾਂਦੀ। ਮੰਗਲਵਾਰ, ਵੀਰਵਾਰ ਤੇ ਐਤਵਾਰ ਨੂੰ ਚਿਰਾਗ ਤੇ ਧੂਫ-ਬੱਤੀ ਕਰਕੇ ਮੱਥਾ ਟੇਕਿਆ ਜਾਂਦਾ ਤੇ ਰੋਟ-ਪ੍ਰਸ਼ਾਦ ਵੰਡਿਆ ਜਾਂਦਾ। ਸਿਰ ਘੁਮਾ ਕੇ ਪੁੱਛਾਂ ਦੇਣ ਵਾਲਿਆਂ ਦੇ ਘਰ ਅਤੇ ਪੀਰਾਂ ਦੀਆਂ ਜਗ੍ਹਾਵਾਂ ਉੱਤੇ ਵੀ ਲੱਭੇ ਦੇ ਘਰਦਿਆਂ ਦੀ ਖੂਬ ਆਉਣੀ ਜਾਣੀ ਸੀ। ਕਦੇ ਕਦੇ ਲੱਭਾ ਵੀ ਆਪਣੇ ਘਰਦਿਆਂ ਨਾਲ ਅਜਿਹੀਆਂ ਥਾਵਾਂ ਤੇ ਚਲਾ ਜਾਂਦਾ। ਜਿਵੇਂ ਹੀ ਘਰਦੇ ਪੀਰਾਂ ਦੀਆਂ ਕਬਰਾਂ ਤੋਂ ਫੋਟੋਆਂ ਨੂੰ ਦੋਵੇਂ ਹੱਥ ਜੋੜ ਕੇ ਮੱਥਾ ਟੇਕਦੇ, ਉਸੇ ਤਰਾਂ ਹੀ ਲੱਭਾ ਵੀ ਕਰਦਾ। ਘਰ ਵਿੱਚ ਹਰ ਰੋਜ ਜੋਤਸ਼ੀਆਂ, ਬਾਬਿਆਂ, ਸਾਧੂਆਂ ਤੇ ਸੰਤਾਂ ਦੀਆਂ ਮਨਘੜਤ ਚਮਤਕਾਰੀ ਤੇ ਕਰਾਮਾਤੀ ਕਹਾਣੀਆਂ ਤੇ ਬਾਤਾਂ ਨੂੰ ਪੂਰੀ ਸ਼ਰਧਾ ਨਾਲ ਸੁਣਿਆ ਤੇ ਸੁਣਾਇਆ ਜਾਂਦਾ। ਉਨਾਂ ਨੇ ਆਪਣੇ ਘਰ ਵਿੱਚ ਵੀ ਪੀਰਾਂ ਤੇ ਬਾਬਿਆਂ ਦੀ ਜਗ੍ਹਾ ਬਣਾ ਰੱਖੀ ਸੀ। ਲੱਭੇ ਨੂੰ ਪੜਨ ਦਾ ਬੜਾ ਸੌਕ ਸੀ। ਉਹ ਹਰ ਰੋਜ ਸਵੇਰੇ 8 ਵਜੇ ਆਪਣੀਆਂ ਕਿਤਾਬਾਂ ਦਾ ਬੈਗ, ਬਾਹਾਂ ਵਿੱਚ ਫਸਾ ਕੇ ਬੜੇ ਚਾਅ ਨਾਲ ਸਕੂਲ ਜਾਂਦਾ। ਛੁੱਟੀ ਤੋਂ ਬਾਅਦ ਉਹ ਘਰ ਆ ਕੇ ਸਕੂਲ ਦਾ ਕੰਮ ਵੀ ਬੜੀ ਖੁਸ਼ੀ ਨਾਲ ਕਰਦਾ। ਫਿਰ ਉਹ ਆਪਣੇ ਮਾਤਾ-ਪਿਤਾ ਨਾਲ ਘਰ ਦੇ ਕੰਮਾਂ ਵਿੱਚ ਵੀ ਹੱਥ ਵਟਾਉਂਦਾ। ਇਨਾਂ ਕੰਮਾਂ ਤੋਂ ਵਿਹਲਾ ਹੋ ਕੇ ਉਹ ਆਪਣੇ ਹਾਣੀ ਦੋਸਤਾਂ ਨਾਲ ਖੇਡਣ ਚਲੇ ਜਾਂਦਾ। ਉਹ ਆਪਣੀਆਂ ਤਿੰਨ ਭੈਣਾਂ ਦਾ ਇਕੋ ਇੱਕ ਭਰਾ ਸੀ ਤੇ ਮਾਤਾ-ਪਿਤਾ ਦੀਆਂ ਅੱਖਾਂ ਦਾ ਤਾਰਾ ਸੀ। ਉਸਦੇ ਘਰ ਦੀ ਆਰਥਿਕ ਹਾਲਤ ਕਮਜ਼ੋਰ ਸੀ। ਪਿਤਾ ਮਿਹਨਤ-ਮਜ਼ਦੂਰੀ ਕਰਦਾ ਸੀ ਤੇ ਮਾਤਾ ਨੇ ਦੋ ਪਸ਼ੂ ਰੱਖੇ ਹੋਏ ਸਨ। ਜਿਨ੍ਹਾਂ ਦਾ ਦੁੱਧ ਵੇਚ ਕੇ ਘਰ ਦੇ ਗੁਜ਼ਾਰੇ ਵਿੱਚ ਸਹਿਯੋਗ ਮਿਲਦਾ ਸੀ। ਭਾਵੇਂ ਲੱਭਾ ਪੂਰਾ ਮਨ ਲਾ ਕੇ ਹਰ ਰੋਜ ਪੜ੍ਹਦਾ ਸੀ ਪਰ ਫਿਰ ਵੀ ਉਹ ਪੜ੍ਹਾਈ ਵਿੱਚ ਥੋੜ੍ਹਾ ਕਮਜੋਰ ਸੀ। ਭਾਵੇਂ ਉਹ ਪੂਰੀ ਕੋਸ਼ਿਸ਼ ਕਰਕੇ ਸਕੂਲ ਦੀ ਪੜ੍ਹਾਈ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੁੰਦਾ ਸੀ, ਪਰ ਫਿਰ ਵੀ ਉਸਦੇ ਪੱਲੇ ਕੁੱਝ ਨਹੀਂ ਸੀ ਪੈਂਦਾ। ਇਸ ਲਈ ਉਹ ਕਦੇ ਕਦੇ ਪੜ੍ਹਨਾ ਛੱਡ ਕੇ ਆਪਣੇ ਦੋਸਤਾਂ-ਮਿਤਰਾਂ ਨਾਲ ਖੇਡਣ ਕੁਦਣ ਵਿੱਚ ਮਸਤ ਹੋ ਜਾਂਦਾ। ਉਸਨੂੰ ਬਾਬਿਆਂ, ਦੇਵੀ-ਦੇਵਤਿਆਂ, ਪੀਰਾਂ, ਫਕੀਰਾਂ, ਜਾਦੂ-ਟੂਣਿਆਂ ਅਤੇ ਭੂਤਾਂ-ਚੜੇਲਾਂ ਆਦਿ ਦੀਆਂ ਕਹਾਣੀਆਂ ਪੜ੍ਹਨ ਤੇ ਸੁਣਨ ਦਾ ਬੜਾ ਸ਼ੌਂਕ ਸੀ। ਜੰਗਲੀ ਜਾਨਵਰਾਂ ਨਾਲ ਸੰਬੰਧਤ ਕਹਾਣੀਆਂ ਨੂੰ ਵੀ ਉਹ ਬੜੇ ਚਾਅ ਨਾਲ ਪੜ੍ਹਦਾ ਸੀ। ਉਹ ਹਰ ਰੋਜ ਤਿਆਰ ਹੋ ਕੇ ਸਮੇਂ ਸਿਰ ਸਕੂਲ ਜਾਂਦਾ ਸੀ, ਕਦੇ ਵੀ ਛੁੱਟੀ ਨਹੀਂ ਸੀ ਕਰਦਾ। ਇੱਕ ਦਿਨ ਜਦੋਂ ਸਕੂਲ ਜਾਣ ਦਾ ਟਾਇਮ ਹੋਇਆ ਤਾਂ ਲੱਭੇ ਨੇ ਸਕੂਲੇ ਜਾਣ ਤੋਂ ਨਾਂਹ ਕਰ ਦਿੱਤੀ। ਹੌਲੀ-ਹੌਲੀ ਉਹ ਹਰ ਰੋਜ ਛੁੱਟੀਆਂ ਕਰਨ ਲੱਗਾ। ਘਰਦਿਆਂ ਨੂੰ ਕੁੱਝ ਸਮਝ ਨਾ ਆਵੇ ਕਿ ਲੱਭਾ ਸਕੂਲ ਕਿਉਂ ਨਹੀਂ ਜਾ ਰਿਹਾ। ਉਨ੍ਹਾਂ ਨੇ ਲੱਭੇ ਨੂੰ ਦਬਕ-ਝਿੜਕ ਕੇ ਸਕੂਲੇ ਭੇਜਣਾ, ਫਿਰ ਵੀ ਉਹ ਸਕੂਲੇ ਜਾਣ ਤੋਂ ਕੰਨੀ ਕਤਰਾ ਜਾਂਦਾ। ਜੇਕਰ ਘਰਦੇ ਉਸਨੂੰ ਜ਼ੋਰ-ਜਬਰਦਸਤੀ ਸਕੂਲੇ ਭੇਜਦੇ ਤਾਂ ਉਹ ਸਕੂਲ ਜਾਣ ਦੀ ਬਜਾਏ, ਬੈਗ ਲੈ ਕੇ ਬਾਹਰ ਹੀ ਘੁੰਮਦਾ ਰਹਿੰਦਾ ਤੇ ਜਦੋਂ ਛੁਟੀ ਹੋ ਜਾਂਤੀ ਤਾਂ ਘਰ ਆ ਵੜਦਾ। ਸਕੂਲੋਂ ਅਧਿਆਪਕਾਂ ਦਾ ਸੁਨੇਹਾ ਆਉਂਦਾ ਕੇ ਲੱਭਾ ਸਕੂਲ ਬਿਲਕੁਲ ਵੀ ਨਹੀਂ ਆ ਰਿਹਾ। ਜੇਕਰ ਉਹ ਅਜਿਹਾ ਹੀ ਕਰਦਾ ਰਿਹਾ ਤਾਂ ਸਕੂਲੋਂ ਉਸਦਾ ਨਾਲ ਕੱਟ ਦਿੱਤਾ ਜਾਵੇਗਾ। ਮਾਤਾ-ਪਿਤਾ ਜ਼ੋਰ-ਜਬਰਦਸਤੀ ਕਰਕੇ ਉਸਨੂੰ ਆਪ ਸਕੂਲੇ ਛੱਡ ਕੇ ਆਉਂਦੇ, ਫਿਰ ਵੀ ਉਹ ਸਕੂਲੋਂ ਭੱਜ ਜਾਂਦਾ। ਹੁਣ ਉਸਦਾ ਮਨ ਸਕੂਲ ਜਾਣ ਨੂੰ ਬਿਲਕੁਲ ਵੀ ਨਹੀਂ ਸੀ ਕਰਦਾ, ਕਿਉਂਕਿ ਸਕੂਲ ਉਸਨੂੰ 'ਬੁਚੜਖਾਨਾ' (ਜਿਉਂਦੇ ਜਾਨਵਰਾਂ ਨੂੰ ਵੱਡਣ ਵਾਲੀ ਥਾਂ) ਲੱਗਣ ਲੱਗਾ ਸੀ ਤੇ ਸਾਰੇ ਅਧਿਆਪਕ ਉਸਨੂੰ ਖਤਰਨਾਕ 'ਕਸਾਈ' (ਜਿਉਂਦੇ ਜਾਨਵਰਾਂ ਨੂੰ ਵੱਡਣ ਵਾਲੇ ਲੋਕ) ਨਜ਼ਰ ਆਉਂਦੇ ਸਨ। ਲੱਭਾ ਹੁਣ ਸਕੂਲ ਜਾਣ ਤੋਂ ਬਚਣ ਲਈ, ਸਵੇਰ ਤੋਂ ਹੀ ਪੀਰਾਂ ਦੀ ਜਗ੍ਹਾ ਉੱਪਰ ਜਾ ਬੈਠਦਾ ਤੇ ਉਥੇ ਹੀ ਇਧਰ-ਉਧਰ ਘੁੰਮਦਾ ਰਹਿੰਦਾ। ਉਥੇ ਆਏ ਹੋਏ ਸ਼ਰਧਾਲੂਆਂ ਨੂੰ ਚਾਹ-ਪਾਣੀ ਪਿਲਾਉਣ ਤੇ ਪ੍ਰਸ਼ਾਦ ਵੰਡਣ ਦੀ ਸੇਵਾ ਕਰਕੇ ਆਪਣਾ ਵੀ ਪੇਟ ਭਰ ਲੈਂਦਾ। ਲੱਭਾ ਘਰ ਆ ਕੇ ਵੀ ਸਕੂਲ ਦਾ ਕੋਈ ਵੀ ਕੰਮ ਨਹੀਂ ਸੀ ਕਰਦਾ। ਹੁਣ ਉਹ ਪੜ੍ਹਨਾ ਬਿਲਕੁਲ ਵੀ ਨਹੀਂ ਸੀ ਚਾਹੁੰਦਾ, ਪਰ ਉਸਦੇ ਮਾਤਾ-ਪਿਤਾ ਉਸਨੂੰ ਪੜ੍ਹਾਉਣਾ ਚਾਹੁੰਦੇ ਸਨ। ਕਿਉਂਕਿ ਉਹ ਨਹੀਂ ਸੀ ਚਾਹੁੰਦੇ ਕੇ ਉਹਨਾਂ ਦਾ ਇਕੋ ਇੱਕ ਲਾਡਲਾ ਪੁੱਤਰ ਅਨਪੜ੍ਹ ਰਹਿ ਕੇ ਧੱਕੇ ਖਾਂਦਾ ਫਿਰੇ ਤੇ ਲੰਡਰ ਮੁੰਡਿਆਂ ਨਾਲ ਘੁੰਮ ਫਿਰ ਕੇ ਨਸ਼ਿਆਂ ਦਾ ਆਦੀ ਹੋ ਕੇ ਪੂਰੇ ਸਮਾਜ ਲਈ ਖਤਰਾ ਬਣੇ। ਇਸ ਕਰਕੇ ਹੀ ਉਹ ਲੱਭੇ ਨੂੰ ਸਕੂਲ ਭੇਜ ਕੇ ਹੀ ਸਾਹ ਲੈਂਦੇ।

ਇੱਕ ਦਿਨ ਅਚਾਨਕ ਹੀ ਜਦੋਂ ਸਵੇਰੇ ਸਕੂਲ ਜਾਣ ਦਾ ਸਮਾਂ 8 ਵਜੇ ਤਾਂ ਲੱਭਾ ਘਰ ਵਿੱਚ ਹੀ ਬਣਾਈ ਹੋਈ ਪੀਰਾਂ ਦੀ ਜਗ੍ਹਾ ਉਪਰ ਬੈਠ ਕੇ ਅਜੀਬ ਜਿਹੀਆਂ ਹਰਕਤਾਂ ਕਰਦਾ ਹੋਇਆ। ਬੇਤੁਕੀਆਂ ਜਿਹੀਆਂ ਗੱਲਾਂ ਕਰਨ ਲੱਗਾ। ਘਰ ਦੇ ਉਸਨੂੰ ਇਸ ਹਾਲਤ ਵਿੱਚ ਦੇਖਕੇ ਹੈਰਾਨ-ਪ੍ਰੇਸ਼ਾਨ ਹੋ ਕੇ ਉਸ ਅਜਿਹਾ ਕਰਨ ਤੋਂ ਰੋਕਣ ਲੱਗੇ ਪਰ ਉਹ ਨਾ ਰੁਕਿਆ ਤੇ ਉੱਚੀ ਆਵਾਜ਼ ਵਿੱਚ ਰੋਅਬ ਨਾਲ ਕੜਕਵੀਂ ਅਵਾਜ ਵਿੱਚ ਆਖਣ ਲੱਗਾ, "ਮੈਂ ਪੀਰ ਹਾਂ! ਜੇਕਰ ਕਿਸੇ ਨੇ ਮੈਨੂੰ ਤੰਗ-ਪ੍ਰੇਸ਼ਾਨ ਕੀਤਾ, ਤਾਂ ਮੈਂ ਸਭ ਕੁਝ ਭਸਮ ਕਰ ਦੇਵਾਂਗਾ।" ਘਰ ਦੇ ਇਹ ਸੁਣ ਕੇ ਡਰ ਗਏ ਤੇ ਦੋਵੇਂ ਹੱਥ ਜੋੜ ਕੇ ਉਸਨੂੰ ਮੱਥਾ ਟੇਕਣ ਲੱਗੇ। ਜਲਦੀ ਹੀ ਉਹ ਪੀਰਾਂ ਦਾ ਦੀਵਾ (ਚਿਰਾਗ) ਜਗਾਉਣ ਤੇ ਧੂਫ-ਬਤੀ ਕਰਨ ਲੱਗੇ ਤੇ ਆਪਣੀ ਹੋਈ ਭੁੱਲ ਬਖਸ਼ਾਉਣ ਲੱਗੇ। ਜਿਵੇਂ ਜਿਵੇਂ ਲੱਭੇ ਵਿੱਚ ਆਈ ਹੋਈ ਪੀਰ ਦੀ ਰੂਹ ਆਖਦੀ, ਘਰ ਦੇ ਉਸੇ ਤਰ੍ਹਾਂ ਹੀ ਡਰਦੇ ਹੋਏ ਕਰੀ ਜਾਂਦੇ। ਲੱਭਾ ਹੁਣ ਘੋੜੇ ਵਾਂਗ ਮੂਧਾ ਹੋ ਕੇ ਤੁਰਨ ਲੱਗਾ। ਘਰ ਦੇ ਸਾਰੇ ਕਮਰਿਆਂ ਵਿੱਚ ਉਹ ਇਸੇ ਤਰ੍ਹਾਂ ਹੀ ਘੋੜੇ ਵਾਂਗ ਤੁਰਦਾ ਹੋਇਆ ਗੇੜੀ ਲਾਉਂਦਾ ਤੇ ਘੋੜੇ ਵਾਂਗ ਹੀ ਆਵਾਜ਼ ਵੀ ਕੱਢਦਾ। ਘੋੜੇ ਵਾਂਗ ਹੀ ਗਲੱਤਾ (ਲੱਤ) ਮਾਰਦਾ। ਲੱਭੇ ਨੂੰ ਇਸ ਤਰ੍ਹਾਂ ਕਰਦਾ ਦੇਖ ਕੇ ਆਲੇ-ਦੁਆਲੇ ਦੇ ਆਂਢੀ-ਗੁਆਂਢੀ ਉਸਨੂੰ ਦੇਖਣ ਲਈ ਇਕੱਠੇ ਹੋ ਗਏ। ਉਹ ਘਰਦਿਆਂ ਨੂੰ ਦੱਸਦੇ, "ਇਸ ਵਿੱਚ ਪੀਰ ਦੀ ਰੂਹ ਆ ਵੜੀ ਹੈ, ਹੁਣ ਇਸਨੂੰ ਪੀਰਾਂ ਦੀ ਰੂਹ ਦੀ 'ਕਸਰ' ਹੋ ਗਈ ਹੈ। ਜ਼ਰੂਰ ਤੁਹਾਡੇ ਕੋਲੋਂ ਕੋਈ ਭੁੱਲ ਹੋ ਗਈ ਏ, ਜਲਦੀ ਹੀ ਕਿਸੇ ਚੇਲੇ-ਸਿਆਣੇ ਕੋਲੋਂ ਇਸਦਾ ਉਪਾਅ (ਹੱਲ) ਕਰਵਾ ਲਵੋ। ਨਹੀਂ ਤਾਂ ਘਰ ਦਾ ਭਸਨਾ-ਭੂਸ ਹੋ ਜਾਵੇਗਾ।" ਇਹ ਸੁਣ ਕੇ ਘਰਦੇ ਬਹੁਤ ਦੁਖੀ ਤੇ ਪ੍ਰੇਸ਼ਾਨ ਹੋਏ। ਜਲਦੀ ਹੀ ਉਹ ਪਿੰਡ ਵਿੱਚ ਪੀਰਾਂ ਦੀ ਜਗ੍ਹਾ ਉਪਰ ਜਾ ਕੇ ਮੱਥਾ ਟੇਕਦੇ ਹੋਏ ਨੱਕ ਰਗੜਨ ਲੱਗੇ ਤੇ ਅਨਜਾਣ-ਪੁਣੇ ਵਿੱਚ ਕੋਈ ਹੋਈ ਭੁੱਲ ਦੀ ਮਾਫੀ ਮੰਗਣ ਲੱਗੇ। ਉਸ ਜਗ੍ਹਾ ਉਪਰ ਬੈਠੇ ਹੋਏ ਤਾਂਤਰਿਕ ਬਾਬੇ ਨੂੰ ਲਿਆਂਦਾ ਗਿਆ। ਬਾਬਾ ਵੀ ਲੱਭੇ ਦੀਆਂ ਇਹ ਹਰਕਤਾਂ ਦੇਖ ਕੇ ਡਰ ਗਿਆ। ਉਸਨੇ ਜਲਦੀ ਹੀ ਲੱਭੇ ਉਪਰ ਝਾੜ-ਫੂਕ ਕੀਤਾ ਤੇ ਜੰਤਰ-ਮੰਤਰ ਪੜ੍ਹ ਕੇ ਧਾਗਾ-ਤਾਵੀਜ਼ ਉਸਦੇ ਗਲ਼ ਤੇ ਬਾਂਹ ਉਪਰ ਬੰਨ੍ਹ ਦਿੱਤਾ ਤੇ ਜਾਂਦਾ ਹੋਇਆ ਇਹ ਆਖ ਗਿਆ ਕੇ ਤੁਹਾਡੇ ਕੋਲੋਂ ਜ਼ਰੂਰ ਕੋਈ ਪੀਰਾਂ ਦੀ ਭੁੱਲ ਹੋਈ ਹੈ। ਥੋੜ੍ਹੀ ਹੀ ਦੇਰ ਬਾਅਦ ਲੱਭਾ ਥੱਕ-ਹਾਰ ਕੇ ਮੰਜੇ ਉਤੇ ਪੈ ਗਿਆ, ਜਲਦੀ ਹੀ ਉਸਨੂੰ ਨੀਂਦ ਆ ਗਈ। ਇਹ ਸਭ ਦੇਖ ਕੇ ਘਰਦੇ ਬਹੁਤ ਫਿਕਰਮੰਦ ਸਨ। ਇਸੇ ਹੀ ਪ੍ਰੇਸ਼ਾਨੀ ਕਰਕੇ ਉਹਨਾਂ ਨੇ ਸਾਰਾ ਦਿਨ ਰੋਟੀ ਵੀ ਨਹੀਂ ਖਾਧੀ ਤੇ ਨਾ ਹੀ ਰਾਤ ਨੂੰ ਚੰਗੀ ਤਰਾਂ ਸੌਂ ਸਕੇ।

ਅਗਲੀ ਸਵੇਰ ਫਿਰ ਲੱਭੇ ਵਿੱਚ 8 ਵਜੇ ਪੀਰ ਦੀ ਰੂਹ....ਆ ਵੜੀ ਅਤੇ 'ਕਸਰ' ਹੋ ਗਈ। ਹੁਣ ਉਹ ਫਿਰ ਅਜੀਬ ਜਿਹੀਆਂ ਹਰਕਤਾਂ ਕਰਦਾ ਹੋਇਆ ਘੋੜਾ ਬਣ ਕੇ ਇਧਰ-ਉਧਰ ਘੁੰਮਣ ਲੱਗਾ। ਘੁੰਮਦਾ ਹੋਇਆ ਉਹ ਆਂਢੀਆਂ-ਗੁਆਂਢੀਆਂ ਦੇ ਘਰ ਵੀ ਜਾ ਵੜਦਾ। ਗੁਆਂਢੀ ਆਪਣੇ ਘਰ ਵਿੱਚ ਆਈ ਹੋਈ ਪੀਰ ਦੀ ਰੂਹ ਨੂੰ ਮੱਥਾ ਟੇਕਦੇ ਤੇ ਧੂਫ



ਬੱਤੀ ਧੁਖਾਉਂਦੇ ਹੋਏ ਘਰ ਦੀਆਂ ਸਮੱਸਿਆਵਾਂ ਦਾ ਹੱਲ ਪੁੱਛਦੇ। ਲੱਭਾ ਸਿਰ ਘੁੰਮਾ ਕੇ ਪੁੱਛਾਂ ਦਾ ਜਵਾਬ ਵੀ ਦਿੰਦਾ ਤੇ ਦੱਸਦਾ, "ਪੀਰਾਂ ਨੂੰ ਸੱਚੇ ਮਨੋ ਮੰਨਿਆ ਕਰੋ ਤਾਂ ਹੀ ਸਮੱਸਿਆਵਾਂ ਠੀਕ ਹੋ ਸਕਦੀਆਂ ਹਨ।" ਪੀਰ ਦੀ ਰੂਹ ਜਿਹੜੇ ਗੁਆਂਢੀ ਦੇ ਘਰ ਲੱਭੇ ਨੂੰ ਲੈ ਕੇ ਜਾਂਦੀ, ਉਸਦੇ ਘਰਦੇ ਸਾਰੇ ਮੈਂਬਰ ਵੀ ਡਰਦੇ ਹੋਏ ਹੱਥ ਜੋੜ ਕੇ ਮਗਰ ਮਗਰ ਹੀ....ਤੁਰੀ ਜਾਂਦੇ। ਉਨ੍ਹਾਂ ਦੀ ਹਿੰਮਤ ਨਹੀਂ ਸੀ ਬਣਦੀ ਕੇ ਉਹ ਲੱਭੇ ਨੂੰ ਮਨ-ਮਰਜੀ ਕਰਨ ਤੋਂ ਰੋਕਦੇ। ਅਜਿਹਾ ਕਰਨਾ ਉਹ ਪੀਰਾਂ ਅੱਗੇ ਬਹੁਤ ਵੱਡੀ ਭੁੱਲ ਸਮਝਦੇ ਸੀ। ਪੀਰਾਂ ਦੀ ਰੂਹ ਨੂੰ ਸਿਰ ਝੁਕਾ ਕੇ ਮੱਥਾ ਟੇਕਦੇ ਹੋਏ ਬੇਨਤੀ ਕਰਦੇ ਕੇ ਕਿਰਪਾ ਕਰਕੇ ਉਹਨਾਂ ਦੇ ਪੁੱਤਰ ਨੂੰ ਬਖ਼ਸ਼ ਦਿੱਤਾ ਜਾਵੇ, ਦੁਬਾਰਾ ਕੋਈ ਗਲਤੀ ਨਹੀਂ ਹੋਵੇਗੀ। ਜਿਸ ਦਿਨ ਲੱਭੇ ਨੂੰ 'ਰੂਹ ਦੀ ਕਸਰ' ਨਾ ਹੁੰਦੀ, ਉਸ ਦਿਨ ਘਰ ਦੇ ਚੈਨ ਨਾਲ ਸਾਹ ਲੈਂਦੇ। ਹੁਣ ਲੱਭੇ ਦਾ ਸਕੂਲ ਜਾਣਾ ਪੂਰੀ ਤਰਾਂ ਬੰਦ ਹੋ ਗਿਆ। ਘਰਦੇ ਉਸ ਨਾਲ ਕੋਈ ਜਬਰਦਸਤੀ ਵੀ ਨਹੀਂ ਸੀ ਕਰਦੇ। ਕਿਉਂਕਿ ਪੀਰ ਦੀ ਰੂਹ ਹੀ ਉਸ ਨੂੰ ਹਰ ਰੋਜ਼ ਸਕੂਲ ਜਾਣ ਸਮੇਂ ਰੋਕਣ ਲੱਗ ਪਈ ਸੀ, ਇਸ ਲਈ 'ਕਸਰ' ਹੋਣ ਕਾਰਨ ਉਹ ਸਕੂਲ ਵੀ ਨਹੀਂ ਸੀ ਜਾ ਸਕਦਾ। ਬਹੁਤ ਸਾਰੇ ਜੋਤਸ਼ੀਆਂ, ਬਾਬਿਆਂ, ਸਾਧੂਆਂ, ਸੰਤਾਂ, ਚੇਲਿਆਂ, ਸਿਆਣਿਆਂ, ਪਾਦਰੀਆਂ ਤੇ ਪੁਜਾਰੀਆਂ ਆਦਿ ਕੋਲੋਂ ਪੀਰ ਦੀ ਰੂਹ ਤੋਂ ਲੱਭੇ ਦਾ ਪਿੱਛਾ ਛੁਡਾਉਣ ਲਈ ਪਹੁੰਚ ਕੀਤੀ। ਹਰ ਕੋਈ ਆਪਣਾ ਹੀ ਉਪਾਅ ਦੱਸਦਾ ਤੇ ਵੱਧ ਤੋਂ ਵੱਧ ਰੁਪਏ ਲੈ ਕੇ ਚਲਾ ਜਾਂਦਾ, ਪਰ ਹੱਲ ਕੋਈ ਵੀ ਨਹੀਂ ਸੀ ਨਿਕਲਦਾ। ਰੂਹ ਨੇ ਘਰ ਦੀ ਆਰਥਿਕ ਹਾਲਤ ਤਰਸਯੋਗ ਬਣਾ ਦਿੱਤੀ ਤੇ ਕਰਜਾ ਸਿਰ ਚੜ੍ਹਾ ਦਿੱਤਾ ਸੀ। ਪੀਰ ਦੀ ਰੂਹ ਉਸੇ ਤਰਾਂ ਹੀ ਲੱਭੇ ਵਿੱਚ 'ਕਸਰ' ਬਣਕੇ, ਸਮੇਂ ਅਨੁਸਾਰ ਆਉਂਦੀ ਰਹੀ। ਘਰਦੇ ਥੱਕ ਹਾਰ ਕੇ ਬੈਠ ਗਏ। ਉਨ੍ਹਾਂ ਦੇ ਇੱਕ ਰਿਸ਼ਤੇਦਾਰ ਨੇ ਲੱਭੇ ਨੂੰ ਠੀਕ ਕਰਨ ਲਈ, ਉਸਦੇ ਘਰਦਿਆਂ ਨਾਲ ਮੇਰੇ ਬਾਰੇ ਗੱਲ ਕੀਤੀ। ਕਿਉਂਕਿ ਇਸ ਰਿਸ਼ਤੇਦਾਰ ਦੀ ਕੁੜੀ ਮੈਂ ਕੁੱਝ ਦਿਨ ਪਹਿਲਾਂ ਅਜਿਹੇ ਹੀ ਚੱਕਰਾਂ ਤੋਂ ਠੀਕ ਕੀਤੀ ਸੀ। (ਅੰਨਾ ਕੀ ਭਾਲੇ ਦੋ ਅੱਖਾਂ) ਜਲਦੀ ਹੀ ਘਰਦਿਆਂ ਨੇ ਮੇਰੇ ਨਾਲ ਸੰਪਰਕ ਕੀਤਾ ਅਗਲੇ ਹੀ ਦਿਨ ਮੈਂ ਆਪਣੇ ਪਿੰਡ ਬਿਰਕਾਂ ਤੋਂ ਮੋਟਰਸਾਇਕਲ ਰਾਹੀਂ ਉਨ੍ਹਾਂ ਦੇ ਪਿੰਡ ਪਹੁੰਚ ਗਿਆ ਉਨ੍ਹਾਂ ਨੇ ਬੜੇ ਆਦਰ ਨਾਲ ਮੇਰਾ ਸੁਆਗਤ ਕੀਤਾ। ਜਲਦੀ ਹੀ ਮੈਂ ਲੱਭੇ ਨਾਲ ਅਲੱਗ ਕਮਰੇ ਵਿੱਚ ਗਲਬਾਤ ਕਰਨ ਦੀ ਇੱਛਾ ਪ੍ਰਗਟਾਈ। ਮੈਂ ਉਸਦੀ ਉਹ ਸਮੱਸਿਆ ਜਾਨਣੀ ਚਾਹੁੰਦਾ ਸੀ, ਜਿਸ ਕਰਕੇ ਉਸ ਵਿੱਚ ਅਖੌਤੀ ਪੀਰ ਦੀ ਰੂਹ ਆ ਵੜਦੀ ਸੀ। ਮੈਂ ਇੱਕ ਮਨੋਵਿਗਿਆਨਕ ਤਰੀਕੇ ਨਾਲ, ਉਸਦੀ ਮਾਨਸਿਕ ਹਾਲਤ ਨੂੰ ਸਮਝਦਿਆਂ, ਇਕ ਵਫਾਦਾਰ ਦੋਸਤ ਵਾਂਗ ਹੀ ਉਸ ਨਾਲ ਗੱਲਬਾਤ ਕਰਨ ਨੂੰ ਸਹੀ ਸਮਝਿਆ ਤਾਂ ਜੋ ਉਹ ਕੋਈ ਵੀ ਗੁਪਤ ਗੱਲ ਮੇਰੇ ਕੋਲੋਂ ਛੁਪਾਵੇ ਨਾ। ਸਭ ਤੋਂ ਪਹਿਲਾਂ ਮੈਂ ਉਸਨੂੰ ਇਹ ਦੱਸਣ ਦੀ ਪੂਰੀ ਕੋਸ਼ਿਸ਼ ਕੀਤੀ ਕਿ ਕੋਈ ਪੀਰ ਤੇ ਰੂਹ ਨਹੀਂ ਹੁੰਦੀ ਅਤੇ ਨਾ ਹੀ ਕਸਰਾਂ ਹੁੰਦੀਆਂ ਹਨ। ਫਿਰ ਮੈਂ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਉਸਨੂੰ ਕੋਈ ਮਾਨਸਿਕ ਰੋਗ ਤਾਂ ਨਹੀਂ, ਪਰ ਅਜਿਹਾ ਨਹੀਂ ਸੀ ਕਿਉਂਕਿ ਮਾਨਸਿਕ ਰੋਗ ਜਿਆਦਾਤਰ 11-12 ਸਾਲ ਦੀ ਉਮਰ ਤੋਂ ਬਾਅਦ ਹੀ ਚੁੰਮੜਦੇ ਹਨ ਪਰ ਉਸਦੀ ਉਮਰ ਅਜੇ 9 ਸਾਲ ਸੀ। ਮੈਂ ਉਸ ਨਾਲ ਹਾਸਾ-ਮਜ਼ਾਕ ਕਰਦਿਆਂ, ਉਸਦੀ ਉਹ ਗੁਪਤ ਸਮੱਸਿਆ ਜਾਨਣ ਦੀ ਪੂਰੀ ਕੋਸ਼ਿਸ਼ ਕੀਤੀ, ਜਿਸ ਕਰਕੇ ਪੀਰ ਦੀ ਰੂਹ ਉਸ ਵਿੱਚ ਆ ਵੜਦੀ ਸੀ। ਏਨੇ ਨੂੰ ਉਸਦੀ ਵੱਡੀ ਭੈਣ ਸਾਡੇ ਪੀਣ ਲਈ ਚਾਹ ਲੈ ਆਈ। ਜਾਣ ਲੱਗੀ ਨੇ ਮੈਨੂੰ ਸਧਾਰਨ ਜਿਹਾ ਦੱਸਿਆ ਕਿ ਐਤਵਾਰ ਤੇ ਛੁੱਟੀ ਵਾਲੇ ਦਿਨ ਰੂਹ ਇਸ ਵਿੱਚ ਕਦੇ ਪ੍ਰਵੇਸ਼ ਨਹੀਂ ਕਰਦੀ। ਭਾਵੇਂ ਉਸਨੇ ਇਹ ਸਧਾਰਨ ਜਿਹਾ ਦੱਸਿਆ ਸੀ ਪਰ ਇਹ ਸੁਣ ਕੇ ਮੈਨੂੰ ਜਲਦੀ ਹੀ ਉਸਦੀ ਗੁਪਤ ਸਮੱਸਿਆ ਸਮਝ ਆ ਗਈ। ਮੈਂ ਉਸ ਕੋਲੋਂ ਸਕੂਲ ਦੀ ਪੜ੍ਹਾਈ ਬਾਰੇ ਗੱਲਾਂ-ਬਾਤਾਂ ਰਾਹੀਂ ਟੈਸਟ ਲਿਆ, ਪਰ ਉਹ ਪੜ੍ਹਨ ਵਿੱਚ ਬਹੁਤ ਕਮਜ਼ੋਰ ਸੀ। ਮੈਂ ਉਸਦਾ ਸਕੂਲੀ ਬੈਗ ਤੇ ਕਾਪੀਆਂ-ਕਿਤਾਬਾਂ ਨੂੰ ਗੌਰ ਨਾਲ ਦੇਖਿਆ, ਉਨ੍ਹਾਂ ਦੀ ਸੰਭਾਲ ਵੀ ਸਹੀ ਢੰਗ ਨਾਲ ਨਹੀਂ ਸੀ ਕੀਤੀ ਹੋਈ ਤੇ ਨਾ ਹੀ ਉਨ੍ਹਾਂ ਉਪਰ ਸਕੂਲ ਦਾ ਕੰਮ ਢੰਗ ਨਾਲ ਕੀਤਾ ਸੀ। ਜਦ ਮੈਂ ਪੁੱਛਿਆ, "ਲੱਭੇ! ਤੂੰ ਸਕੂਲ ਕਿਉਂ ਨਹੀਂ ਜਾਂਦਾ?" ਤਾਂ ਉਸਨੇ ਜਵਾਬ ਦਿੱਤਾ, "ਸਕੂਲ ਜਾਣ ਸਮੇਂ ਪੀਰ ਦੀ ਰੂਹ ਮੇਰੇ ਵਿੱਚ ਆ ਵੜਦੀ ਹੈ ਤੇ ਮੈਨੂੰ 'ਕਸਰ' ਹੋ ਜਾਂਦੀ ਹੈ। ਰੂਹ ਹੀ ਮੈਨੂੰ ਸਕੂਲ ਜਾਣ ਤੋਂ ਰੋਕਦੀ ਹੈ।" ਜਦ ਮੈਂ ਕਿਹਾ, "ਪੀਰ ਅਤੇ ਰੂਹ ਤਾਂ ਹੁੰਦੀ ਹੀ ਨਹੀਂ।" ਤਾਂ ਉਹ ਚੁੱਪ ਕਰਕੇ ਬੈਠ ਗਿਆ, ਕੁੱਝ ਨਾ ਬੋਲਿਆ ਫਿਰ ਮੈਂ ਕਿਹਾ, "ਸਕੂਲ ਜਾਣ ਤੋਂ ਬਚਣ ਲਈ ਹੀ ਤੂੰ ਆਪਣੇ ਵਿੱਚ ਪੀਰ ਦੀ ਰੂਹ ਹੋਣ ਦਾ ਨਾਟਕ ਕਰਦਾ ਏਂ।" ਤਾਂ ਉਹ ਇਕ-ਦਮ ਸਹਿਮ ਗਿਆ। ਪਹਿਲਾਂ ਤਾਂ ਉਹ ਨਾ ਮੰਨਿਆ। ਜਦ ਮੈਂ ਕਿਹਾ, "ਇਸਦੇ ਬਾਰੇ ਮੈਂ ਕਿਸੇ ਨੂੰ ਕੁੱਝ ਵੀ ਨਹੀਂ ਦੱਸਾਂਗਾ।" ਤਾਂ ਉਹ ਹੌਲੀ ਹੌਲੀ ਮੰਨ ਗਿਆ। ਜਦ ਮੈਂ ਪੁੱਛਿਆ, "ਲੱਭੇ! ਤੂੰ ਸਕੂਲ ਕਿਉਂ ਨਹੀਂ ਜਾਣਾ ਚਾਹੁੰਦਾ?" ਤਾਂ ਉਸਨੇ ਰੋਣਾ ਸ਼ੁਰੂ ਕਰ ਦਿੱਤਾ ਤੇ ਰੋਂਦੇ ਹੋਏ ਨੇ ਦੱਸਿਆ, "ਸਕੂਲ ਦੇ ਅਧਿਆਪਕ ਮੈਨੂੰ ਬੁਰੀ ਤਰ੍ਹਾਂ ਬੇਰਹਿਮੀ ਨਾਲ ਕੁੱਟਦੇ-ਮਾਰਦੇ ਹਨ। ਜਿਸ ਕਰਕੇ ਮੈਨੂੰ ਸਕੂਲ ਜਾਣ ਤੋਂ ਡਰ ਲੱਗਦਾ ਹੈ।" ਉਸਦਾ ਇਹ ਤਸੱਲੀਬਖ਼ਸ਼ ਜਵਾਬ ਸੁਣ ਕੇ ਮੇਰੀਆਂ ਅੱਖਾਂ ਵਿਚੋਂ ਹੰਝੂ ਆਪਣੇ-ਆਪ ਹੀ ਵਹਿ ਤੁਰੇ ਸਨ।

ਮੈਂ ਫੈਸਲਾ ਕੀਤਾ ਕੇ ਸਭ ਤੋਂ ਪਹਿਲਾਂ ਇਸਦੇ ਅਧਿਆਪਕਾਂ ਨੂੰ ਹੀ ਮਿਲਿਆ ਜਾਵੇ। ਜਲਦੀ ਹੀ ਮੈਂ ਸਰਕਾਰੀ ਸਕੂਲ ਵਿੱਚ ਉਸਦੇ ਅਧਿਆਪਕਾਂ ਨੂੰ ਮਿਲਣ ਗਿਆ। ਜਦੋਂ ਮੈਂ ਅਧਿਆਪਕਾਂ ਨੂੰ ਦੇਖਿਆ ਤਾਂ ਉਹ ਸੱਚਮੁੱਚ ਹੀ ਸਕੂਲ ਦੇ ਕੁੱਝ ਬੱਚਿਆਂ ਨੂੰ ਬੇਰਹਿਮੀ ਨਾਲ ਕੁੱਟ-ਮਾਰ ਕੇ ਪੜ੍ਹਾ ਰਹੇ ਸਨ। ਜਦੋਂ ਮੈਂ ਉਨ੍ਹਾਂ ਨੂੰ ਅਜਿਹਾ ਕਰਨ ਦਾ ਕਾਰਨ ਪੁੱਛਿਆ ਤਾਂ ਉਹ ਮੇਰੇ ਨਾਲ ਵੀ ਲੜਨ-ਝਗੜਨ 'ਤੇ ਉਤਰ ਆਏ ਤੇ ਆਖਣ ਲੱਗੇ, "ਤੂੰ ਕੌਣ ਹੁੰਦਾ ਏਂ, ਸਾਨੂੰ ਅਜਿਹਾ ਪੁੱਛਣ ਵਾਲਾ।" ਉਹਨਾਂ ਨੇ ਮੇਰੀ ਕੋਈ ਗੱਲ ਨਾ ਸੁਣੀ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ ਕੇ ਤੁਹਾਡੇ ਵਲੋਂ ਬੇਰਹਿਮੀ ਨਾਲ ਕੁੱਟਣ ਕਰਕੇ ਹੀ ਅੱਜ ਲੱਭੇ ਦੀ ਇਹ ਹਾਲਤ ਹੋਈ ਏ। ਪਰ ਅਜਿਹੇ ਅਗਿਆਨੀ ਤੇ ਮੂਰਖ ਅਧਿਆਪਕਾਂ ਨੂੰ ਕੌਣ ਸਮਝਾਵੇ। ਮੈਂ ਸ਼ਰਮਿੰਦਾ ਹੋ ਕੇ ਵਾਪਸ ਆ ਗਿਆ। ਮੈਂ ਸਰਕਾਰੀ ਅਧਿਆਪਕਾਂ ਦੁਆਰਾ ਬੱਚਿਆਂ ਉਪਰ ਕੀਤੇ ਜਾਂਦੇ ਜੁਲਮ ਬਾਰੇ 'ਪੁਲਸ' ਕੋਲ ਸ਼ਿਕਾਇਤ ਕੀਤੀ, ਪਰ ਪੁਲਸ ਵਾਲੇ ਵੀ ਅਧਿਆਪਕਾਂ ਵਾਂਗ ਹੀ ਉਲਟਾ ਮੇਰੇ ਨਾਲ ਹੀ ਲੜਨ-ਝਗੜਨ 'ਤੇ ਉਤਰ ਆਏ। ਉਹਨਾਂ ਨੇ ਮੈਨੂੰ ਹੀ ਗਲਤ ਕਹਿਣਾ ਸ਼ੁਰੂ ਕਰ ਦਿੱਤਾ।

ਵਾਪਸ ਲੱਭੇ ਦੇ ਘਰ ਆ ਕੇ ਮੈਂ ਘਰਦਿਆਂ ਨੂੰ ਦੱਸਿਆ, "ਜੇਕਰ ਲੱਭੇ ਨੂੰ ਕਿਸੇ ਅਜਿਹੇ ਸਕੂਲ ਵਿੱਚ ਦਾਖਲ ਕਰਵਾਇਆ ਜਾਵੇ, ਜਿੱਥੇ ਵਿਦਿਆਰਥੀਆਂ ਨੂੰ ਕੁੱਟਿਆ-ਮਾਰਿਆ ਤੇ ਮਾਨਸਿਕ ਕਸ਼ਟ ਨਾ ਦਿੱਤਾ ਜਾਂਦਾ ਹੋਵੇ ਤਾਂ ਮੈਂ ਇਸ ਗੱਲ ਦੀ ਪੂਰੀ ਜਿੰਮੇਂਵਾਰੀ ਲੈਂਦਾ ਹਾਂ ਕਿ ਅੱਜ ਤੋਂ ਬਾਅਦ ਲੱਭੇ ਵਿੱਚ ਕਦੇ ਕੋਈ ਰੂਹ ਪ੍ਰਵੇਸ਼ ਨਹੀਂ ਕਰੇਗੀ, ਤੇ ਨਾ ਹੀ ਉਹ ਸਕੂਲ ਜਾਣ ਤੋਂ ਛੁੱਟੀ ਕਰੇਗਾ।" ਇਹ ਹੱਲ ਦੱਸ ਕੇ ਮੈਂ ਆਪਣੇ ਪਿੰਡ ਵਾਪਸ ਆ ਗਿਆ। ਮੇਰੇ ਦੱਸੇ ਅਨੁਸਾਰ ਹੀ ਘਰਦਿਆਂ ਨੇ ਲਭੇ ਨੂੰ ਬੇਰਹਿਮ ਅਧਿਆਪਕਾਂ ਦੇ ਸਰਕਾਰੀ ਸਕੂਲ ਤੋਂ ਹਟਾ ਕੇ ਕਿਸੇ ਵਧੀਆ ਤੇ ਸਮਝਦਾਰ ਅਧਿਆਪਕਾਂ ਦੇ ਪ੍ਰਾਈਵੇਟ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਇੱਕ ਮਹੀਨੇ ਬਾਅਦ ਮੈਨੂੰ ਲੱਭੇ ਦੇ ਘਰਦਿਆਂ ਦਾ ਖੁਸ਼ੀ ਭਰਿਆ : ਫੋਨ ਆਇਆ, "ਤੁਹਾਡਾ ਬਹੁਤ ਧੰਨਵਾਦ! ਲੱਭਾ ਹੁਣ ਪੂਰੀ ਤਰਾਂ ਠੀਕ ਏ। ਉਸ ਵਿੱਚ ਹੁਣ ਕੋਈ ਵੀ ਪੀਰ ਦੀ ਰੂਹ ਨਹੀਂ ਵੜਦੀ ਤੇ ਨਾ ਹੀ 'ਕਸਰ' ਹੁੰਦੀ ਏਂ, ਉਹ ਹਰ ਰੋਜ਼ ਸਮੇਂ ਸਿਰ ਸਕੂਲ ਜਾਂਦਾ ਏ। ਉਸਨੂੰ ਹੁਣ ਕੋਈ ਰੂਹ ਸਕੂਲ ਜਾਣੋ ਨਹੀਂ ਰੋਕਦੀ ਤੇ ਉਹ ਸਕੂਲ ਦਾ ਸਾਰਾ ਕੰਮ ਮਨ ਲਗਾ ਕੇ ਕਰਦਾ ਏ। ਉਹ ਪੜ੍ਹਾਈ ਵਿੱਚ ਵੀ ਹੁਸ਼ਿਆਰ ਏ। ਉਸਦੇ ਸਾਰੇ ਅਧਿਆਪਕ ਉਸਨੂੰ ਬਹੁਤ ਪਿਆਰ ਕਰਦੇ ਹਨ।" ਇਹ ਇੱਕ ਮਨੋਵਿਗਿਆਨਕ ਸਚਾਈ ਹੈ ਕੇ ਕਿਸੇ ਵੀ ਵਿਦਿਆਰਥੀ ਨੂੰ ਪੜ੍ਹਾਉਣ ਲਈ ਕੁੱਟਣਾ-ਮਾਰਨਾ ਤੇ ਮਾਨਸਿਕ ਕਸ਼ਟ ਦੇਣਾ ਬਹੁਤ ਖਤਰਨਾਕ ਹੁੰਦਾ ਹੈ। ਉਹਨਾਂ ਨੂੰ ਪਿਆਰ ਤੇ ਸਤਿਕਾਰ ਨਾਲ ਹੀ ਪੜ੍ਹਾਉਣਾ ਚਾਹੀਦਾ ਹੈ। ਭਾਵੇਂ ਲੱਭਾ ਸ਼ੁਰੂ ਤੋਂ ਹੀ ਪੜ੍ਹਨ ਲਈ ਅਤੇ ਸਕੂਲ ਜਾਣ ਵਿੱਚ ਬਹੁਤ ਸ਼ੌਂਕ ਰੱਖਦਾ ਸੀ ਪਰ ਉਸਦੇ ਇਸ ਸ਼ੌਂਕ ਦਾ ਕਤਲ ਉਸਦੇ ਉਹਨਾਂ ਬੇਰਹਿਮ ਅਧਿਆਪਕਾਂ ਨੇ ਹੀ ਕੀਤਾ ਸੀ ਜੋ ਉਸਨੂੰ ਪੜ੍ਹਾਉਣ ਲਈ ਤੇ ਕੋਈ ਗੱਲ ਨਾ ਸਮਝ ਆਉਣ ਤੇ ਬੇਰਹਿਮੀ ਨਾਲ ਕੁੱਟਦੇ ਮਾਰਦੇ ਸਨ। ਸਿਰਫ ਏਹੀ ਇੱਕ ਕਾਰਨ ਸੀ ਜਿਸ ਕਰਕੇ ਉਸਦਾ ਸਕੂਲ ਜਾਣ ਨੂੰ ਮਨ ਨਹੀਂ ਸੀ ਕਰਦਾ। ਸਕੂਲ 8 ਵਜੇ ਲੱਗਦਾ ਸੀ ਇਸ ਲਈ ਸਕੂਲ ਜਾਣ ਸਮੇਂ ਉਹ ਅਖੌਤੀ ਪੀਰ ਦੀ ਰੂਹ ਨੂੰ ਆਪਣੇ ਵਿੱਚ ਪ੍ਰਵੇਸ਼ ਹੋਣ ਦਾ ਨਾਟਕ ਕਰਕੇ, ਬੇਰਹਿਮੀ ਅਧਿਆਪਕਾਂ ਦੀ ਕੁੱਟ ਤੋਂ ਆਪਣੇ ਆਪ ਨੂੰ ਬਚਾਅ ਲੈਂਦਾ ਸੀ। ਜਿਸ ਕਰਕੇ ਘਰਦੇ ਉਸਨੂੰ ਜਬਰਦਸਤੀ ਸਕੂਲ ਵੀ ਨਹੀਂ ਸੀ ਭੇਜਦੇ। ਇਹ ਨਾਟਕ ਉਸਨੇ ਪੀਰਾਂ ਦੀ ਜਗ੍ਹਾ ਉਪਰ ਸ਼ਰਧਾਲੂਆਂ ਦੇ ਅਜਿਹੇ ਮਾਨਸਿਕ ਰੋਗਾਂ ਤੋਂ ਹੀ ਸਿੱਖਿਆ ਸੀ। ਜਦੋਂ ਸਕੂਲ ਛੁੱਟੀ ਹੁੰਦੀ ਤਾਂ ਉਹ, ਇਹ ਨਾਟਕ ਨਾ ਕਰਦਾ। ਜਦ ਮੈਂ ਉਸਨੂੰ ਇਹ ਯਕੀਨ ਦੁਆਇਆ ਕੇ ਜਲਦੀ ਹੀ ਉਸਨੂੰ ਕੁੱਟ-ਮਾਰ ਕਰਨ ਵਾਲੇ ਬੇਰਹਿਮ ਅਧਿਆਪਕਾਂ ਦੇ ਸਕੂਲੋਂ ਹਟਾ ਕੇ ਵਧੀਆ ਸਕੂਲ ਵਿੱਚ ਦਾਖਲ ਕਰਵਾ ਦਿੱਤਾ ਜਾਵੇਗਾ ਤਾਂ ਉਸਨੇ ਇਹ ਨਾਟਕ ਕਰਨਾ ਛੱਡ ਦਿੱਤਾ। ਸਰਕਾਰੀ ਸਕੂਲ ਵਿੱਚ ਅਧਿਆਪਕਾਂ ਵਲੋਂ ਪੜ੍ਹਾਉਣ ਲਈ ਬੇਰਹਿਮੀ ਨਾਲ ਕੁਟਮਾਰ ਨੂੰ ਧਿਆਨ ਵਿੱਚ ਰੱਖਕੇ ਹੀ ਲੱਭੇ ਨੂੰ ਸਕੂਲ 'ਬੁਚੜਖਾਨਾ' ਅਤੇ ਅਧਿਆਪਕ 'ਕਸਾਈ' ਨਜ਼ਰ ਆਉਂਦੇ ਸੀ।

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

## ਮਹੱਤਵਪੂਰਣ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ



ਨੌਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ 20.00
...ਤੇ ਦੇਵ ਪੁਰਸ ਹਾਰ ਗਏ 50.00
ਦੇਂਵ ਦੈਂਤ ਤੇ ਰੂਹਾਂ 50.00
ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ 40.00
ਔਰਤਾਂ ਅਤੇ ਮਾਨਸਿਕ ਰੋਗ 30.00



ਮਨੁੱਖ ਦੀ ਉਤਪਤੀ 100.00
ਜੀਵ ਜੰਤੂਆਂ ਦੀ ਅਦਭੁੱਤ ਦੁਨੀਆਂ 80.00
ਨਸ਼ੇ ਕਿਵੇਂ ਛੱਡੀਏ 70.00
ਕਸਰਾਂ ਕਿਉਂ ਹੁੰਦੀਆਂ ਹਨ 40.00
ਮਨੋ ਵਿਸ਼ਲੇਸ਼ਣ 80.00

## ਬੱਚਿਆਂ ਦੇ ਮਾਹਿਰ ਡਾ. ਹਰਸ਼ਿੰਦਰ ਕੌਰ ਜੀ ਦੀਆਂ ਲਿਖਿਆਂ ਕਿਤਾਬਾਂ



ਬੱਚਿਆਂ ਬਾਰੇ ਗਿਆਨ, ਵਿਗਿਆਨ ਤੇ ਮਨਸਵਿਗਿਆਨ 100.00
ਬਾਲ ਮਨਾਂ ਵਿੱਚ ਝਾਤ 120.00
ਸਾਡੇ ਬੱਚੇ ਸਾਡੇ ਚਿਰਾਗ਼ 60.00
ਬੱਚਿਆਂ ਦੀਆਂ ਮਨੋਵਿਗਿਆਨਿਕ ਸਮੱਸਿਆਵਾਂ ਤੇ ਇਲਾਜ 100.00



ਬੱਚਿਆਂ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ 120.00
ਸ਼ੁਗਰ ਰੋਗ 20.00
ਬਲੱਡ ਪ੍ਰੈਸ਼ਰ ਨੂੰ ਕਾਬੂ ਹੇਠ ਰੱਖੋ 20.00
ਸ਼ੂਗਰ ਰੋਗ ਅਸਾਨ ਹੈ ਜ਼ਿੰਦਗੀ 80.00

## ਪ੍ਰਸਿੱਧ ਵਿਗਿਆਨੀ ਡਾ. ਜਤਿੰਦਰਪਾਲ ਸਿੰਘ ਜੀ ਦੀਆਂ ਲਿਖੀਆਂ ਕਿਤਾਬਾਂ



ਮਨੁੱਖ ਮਹਾਂਬਲੀ ਕਿਵੇਂ ਬਣਿਆ 100.00
ਪ੍ਰਸਿੱਧ ਵਿਗਿਆਨਕ ਖੋਜਾਂ 50.00
ਮਹਾਨ ਵਿਗਿਆਨੀ 70.00
ਵਿਗਿਆਨ ਦੀ ਅਦਭੁੱਤ ਦੁਨੀਆਂ 80.00
ਮਨੁੱਖੀ ਹੋਂਦ ਲਈ ਖ਼ਤਰਾ ਪ੍ਰਦੂਸ਼ਣ 80.00



ਵਿਗਿਆਨ ਦੇ ਚਮਤਕਾਰ 70.00
ਸਾਡਾ ਦੋਸਤ ਵਿਗਿਆਨ 80.00
ਫੈਲ ਰਹੀ ਮਹਾਂਮਾਰੀ ਏਡਜ਼ 40.00
ਪੁਲਾੜ ਯਾਤਰਾ 90.00
ਮਨੁੱਖੀ ਸਰੀਰ ਦੇ ਰਹੱਸ 80.00



ਤੰਦਰੁਸਤ ਕਿਵੇਂ ਰਹੀਏ 40.00
ਡਾਕਟਰ ਦੀ ਸਲਾਹ 40.00
ਰਿਸ਼ਤਿਆਂ ਦਾ ਕਾਤਲ 40.00
ਸ਼ਹੀਦਾਂ ਦੀ ਵਿਰਾਸਤ 60.00



ਦਫ਼ਤਰੀ ਵਰਤੋਂ ਕੰਪਿਊਟਰ ਕਿਵੇਂ ਸਿੱਖੀਏ/ 120/-
ਆਓ ਕੰਪਿਊਟਰ ਡਿਜ਼ਾਇਨਿੰਗ ਸਿੱਖੀਏ/80/-
ਕੰਪਿਊਟਰ ਸੰਬੰਧੀ ਸਵਾਲ-ਜਵਾਬ/80/-



ਸ਼ਹੀਦ ਭਗਤ ਸਿੰਘ 60.00
ਸ਼ਹੀਦਾਂ ਦੇ ਅੰਗ ਸੰਗ 60.00
ਅਮਰ ਸ਼ਹੀਦਾਂ ਦੀਆਂ ਯਾਦਾਂ 50.00
ਸ਼ਹੀਦੇ ਆਜ਼ਮ ਦੀ ਜੇਲ੍ਹ ਡਾਇਰੀ 80.00
ਇਨਕਲਾਬ 80.00
ਪਾਸ਼ ਦੀ ਚੋਣਵੀਂ ਕਵਿਤਾ 50.00
ਦਿਲ ਦੀ ਵਿਗੜ ਰਹੀ ਸਿਹਤ 60.00
ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ 40.00

ਸਾਡੇ ਪ੍ਰਕਾਸ਼ਨ ਦਾ ਪੂਰਾ ਸੂਚੀ ਪੱਤਰ ਮੰਗਵਾਉਣ ਲਈ ਜਾਂ ਘਰ ਬੈਠੇ ਹੀ ਫ਼ੋਨ 'ਤੇ ਕੋਈ ਵੀ ਕਿਤਾਬ ਮੰਗਵਾਉਣ ਲਈ ਸੰਪਰਕ ਕਰੋ:

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ-148101, ਫੋਨ : 01679-241744, 233244 ਫੈਕਸ : 01679- 241744
**ਈਮੇਲ:** tarksheel@gmail.com, Website: www.thepunjabi.com



ਜਨਰਲ ਨਾਲਿਜ
60.00



ਪੰਜਾਬ ਵਸੀਕਾ ਨਵੀਸੀ
250.00



ਕਚਹਿਰੀ ਸ਼ਬਦ-ਕੋਸ਼
150.00



ਸੂਚਨਾ ਦਾ ਅਧਿਕਾਰ ਕਾਨੂੰਨ 2005
30.00



ਆਓ ਕੰਪਿਊਟਰ ਸਿੱਖੀਏ
50.00



ਹਿਪਨੋਟਿਜ਼ਮ ਤੁਹਾਡੇ ਲਈ
25.00



ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ
60.00



ਹਿਪਨੋਟਿਜ਼ਮ ਕਿਵੇਂ ਸਿੱਖੀਏ
40.00



ਜੀਵਨ ਦੀਆਂ ਗਣਿਤਕ ਉਲਝਣਾਂ
70.00



ਤਰਕਸ਼ੀਲ ਦਿਮਾਗੀ ਕਸਰਤਾਂ
40.00



ਦਿਮਾਗੀ ਵਿਕਾਸ ਕਿਵੇਂ ਕਰੀਏ
40.00



ਅੰਕਾਂ ਦਾ ਜਾਦੂ
40.00



ਵਿਗਿਆਨਕ ਜਾਦੂਗਰ
30.00



ਤਰਕਸ਼ੀਲ ਜਾਦੂਗਰ
40.00



ਸਟੇਜ ਦੇ ਜਾਦੂ
40.00



ਚਮਤਕਾਰਾਂ ਦੇ ਰਹੱਸ
150.00



ਵਸਤੂ ਸ਼ਾਸਤਰ ਕੋਰਾ ਝੂਠ
40.00



ਰਜਨੀਸ਼ ਬੇਨਕਾਬ
30.00



ਸ਼ੰਕਾ ਨਵਿਰਤੀ
50.00



ਕਣ ਕਣ ਵਿੱਚ ਵਿਗਿਆਨ
20.00

## ਨਵੀਆਂ ਪ੍ਰਕਾਸ਼ਿਤ ਕਿਤਾਬਾਂ



ਜੀਵਨੀ ਸ਼ਹੀਦ ਭਗਤ ਸਿੰਘ/ਪ੍ਰੋ. ਵੜੈਚ
80.00



ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ
80.00



ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ
80.00



ਜਿਓਤਿਸ਼ ਦਾ ਐਕਸਰੇ /ਸੁਰੀਜਤ ਦੌਧਰ
80.00



### ਭਾਰਤੀ ਸਾਹਿਤ ਦੇ ਨਿਰਮਾਤਾ ਹਰਿਸ਼ੰਕਰ ਪਰਸਾਈ ਦੇ ਪ੍ਰਸਿੱਧ ਵਿਅੰਗਆਤਮਕ ਲੇਖ

**ਸੰਪਾਦਕ ਤੇ ਅਨੁਵਾਦਕ: ਡਾ. ਕਰਾਂਤੀ ਪਾਲ, ਮੁੱਲ : 100/-**



### ਜ਼ਮੀਨ ਦੀ ਪੈਮਾਇਸ਼ ਅਤੇ ਫੁਟਕਲ ਜਾਣਕਾਰੀ



**ਆਰ. ਕੇ. ਭਾਰਦਵਾਜ਼, ਮੁੱਲ : 150/-**

ਇਹ ਪੁਸਤਕ ਤੁਹਾਨੂੰ ਜ਼ਮੀਨ ਦੀ ਪੈਮਾਇਸ਼, ਮਾਪ ਦੀਆਂ ਇਕਾਈਆਂ, ਜ਼ਮੀਨ ਦੀ ਪੈਮਾਇਸ਼ ਦੇ ਸੰਦ ਅਤੇ ਉਨ੍ਹਾਂ ਦੀ ਵਰਤੋਂ ਜ਼ਮੀਨ, ਜਗ੍ਹਾ ਦਾ ਹਿੱਸਾ ਅਤੇ ਖੇਤਰਫ਼ਲ ਕੱਢਣਾ, ਜਮ੍ਹਾਂਬੰਦੀ, ਗਿਰਦਾਵਰੀ, ਇੰਤਕਾਲ ਤੋਂ ਇਲਾਵਾ ਰਿਕਾਰਡ, ਦਰਖਾਸਤਾਂ ਸਮੇਤ ਹੋਰ ਫੁਟਕਲ ਜਾਣਕਾਰੀ ਮੁਹੱਈਆ ਕਰਾਉਂਦੀ ਹੈ।

### ਪ੍ਰਸਿੱਧ ਕੁਟੇਸ਼ਨਾਂ



**ਸੰਗ੍ਰਹਿ ਕਰਤਾ - ਸਰਦਾਰਾ ਸਿੰਘ ਗਿੱਲ ਕੱਟੂ, ਮੁੱਲ : 120/-**

ਮਹਾਨ ਲੋਕਾਂ ਦੇ ਮਹਾਨ ਵਿਚਾਰ ਪੜ੍ਹਕੇ ਹੀ ਹਰ ਵਿਅਕਤੀ ਜ਼ਿੰਦਗੀ ਵਿੱਚ ਨਵੀਂ ਸੇਧ ਲੈ ਸਕਦਾ ਹੈ। ਵੱਡ ਆਕਾਰੀ ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਉਤੇ ਲੱਗਭੱਗ ਸੰਸਾਰ ਪ੍ਰਸਿੱਧ 2500 ਵਿਦਵਾਨਾਂ ਦੇ ਵਿਚਾਰ ਦਰਜ ਹਨ।

### ਆਮ ਰੋਗਾਂ ਦਾ ਸਸਤਾ ਘਰੇਲੂ ਇਲਾਜ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ - 80/-**

ਰੋਗ ਅਤੇ ਸਰੀਰ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਉਪਰੋਕਤ ਪੁਸਤਕ ਵਿੱਚ ਅਸੀਂ ਉਹ ਨੁਸਖ਼ੇ ਦਰਜ਼ ਕੀਤੇ ਹਨ ਜਿਨ੍ਹਾਂ ਲਈ ਲੋੜੀਂਦੀ ਸਮੱਗਰੀ ਸਾਨੂੰ ਸਸਤੀ ਅਤੇ ਸੌਖ ਨਾਲ ਮਿਲ ਸਕਦੀ ਹੈ। ਇਸ ਪੁਸਤਕ ਰਾਹੀਂ ਤੁਸੀਂ ਫ਼ਲ, ਸਬਜ਼ੀਆਂ, ਦਾਲਾਂ, ਮਸਾਲਿਆਂ ਅਤੇ ਜੜ੍ਹੀ-ਬੂਟੀਆਂ ਨਾਲ ਬਿਮਾਰੀਆਂ ਦੇ ਸਫ਼ਲ ਇਲਾਜ ਕਰਨ ਦੇ ਢੰਗ ਤਰੀਕੇ ਲੱਭ ਸਕਦੇ ਹੋ।



### ਜ਼ਾਇਕੇਦਾਰ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ

**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ : 80/-**

ਭੋਜਨ ਬਣਾਉਣਾ ਇੱਕ ਕਲਾ ਹੈ। ਇਸ ਪੁਸਤਕ ਰਾਹੀਂ ਤੁਸੀਂ 170 ਤਰ੍ਹਾਂ ਦੀਆਂ ਮਿਠਾਈਆਂ, ਸਬਜ਼ੀਆਂ ਅਤੇ ਹੋਰ ਸਵਾਦਿਸ਼ਟ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ ਸਿੱਖ ਸਕਦੇ ਹੋ। ਮਾਈਕ੍ਰੋਵੇਵ ਦੀ ਵਰਤੋਂ ਕਿਵੇਂ, ਖਾਣ-ਪੀਣ ਦੀਆਂ ਚੀਜ਼ਾਂ ਦੀ ਸੰਭਾਲ ਦੇ ਢੰਗ-ਤਰੀਕੇ ਵੀ ਤੁਸੀਂ ਇਸ ਕਿਤਾਬ ਵਿੱਚੋਂ ਪੜ੍ਹਕੇ ਅਪਨਾ ਸਕਦੇ ਹੋ।

### ਭਵਨ ਨਿਰਮਾਣ ਕਿਵੇਂ ਕਰੀਏ ?



**ਇੰਜ. ਰਾਜ ਕੁਮਾਰ ਅਗ-ਰਵਾਲ, ਮੁੱਲ : 120/-**

ਸੁੰਦਰ, ਮਜ਼ਬੂਤ ਅਤੇ ਭੁਚਾਲ ਨਿਰੋਧਕ ਘਰ ਕਿਵੇਂ ਤਿਆਰ ਕਰੀਏ, ਘਰ 'ਤੇ ਆਉਣ ਵਾਲੇ ਖਰਚ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ, ਘਰ ਨੂੰ ਸ਼ੋਰੇ ਤੋਂ ਕਿਵੇਂ ਬਚਾਈਏ, ਸਰੀਆ ਕਿਹੋ ਜਿਹਾ ਵਰਤੀਏ, ਸੀਮਿੰਟ ਕਿਵੇਂ ਦਾ ਹੋਵੇ ਅਤੇ ਲੱਕੜ ਦੀ ਚੋਣ ਕਿਵੇਂ ਕਰੀਏ ਆਦਿ ਜਾਣਕਾ-ਰੀਆਂ ਨਾਲ ਭਰਪੂਰ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ। ਆਈ. ਟੀ. ਆਈਆਂ ਵਿੱਚ ਪੜ੍ਹਦੇ ਵਿਦਿਆਰਥ ਜਾਂ ਜੋ ਕੋਈ ਹੋਰ ਵੀ ਵਿਅਕਤੀ ਨਵਾਂ ਘਰ ਬਣਾਉਣਾ ਚਾਹੁੰਦਾ ਹੈ ਉਹ ਇਸ ਕਿਤਾਬ ਤੋਂ ਫਾਇਦਾ ਉਠਾ ਸਕਦਾ ਹੈ।

**ਕੇਸ ਰਿਪੋਰਟ**

# ਯਤੀਮੀ ਕੀ ਨਹੀਂ ਕਰਾਉਂਦੀ ?

ਮੈਂ ਆਪਣੇ ਦਫ਼ਤਰ ਵਿੱਚ ਬੈਠਾ ਇੱਕ ਲੇਖ ਲਿਖਣ ਦਾ ਯਤਨ ਕਰ ਰਿਹਾ ਸੀ, ਕਿ ਮੇਰੇ ਫ਼ੋਨ ਦੀ ਘੰਟੀ ਵੱਜੀ, ਮੁੰਬਈ ਤੋਂ ਇੱਕ ਇਸਤਰੀ ਬੋਲ ਰਹੀ ਸੀ। ਕਹਿਣ ਲੱਗੀ ਮੇਰੇ ਭਰਾ ਦੇ ਘਰ ਬੁਰੀਆਂ ਘਟਨਾਵਾਂ ਵਾਪਰ ਰਹੀਆਂ ਹਨ। ਕਦੇ ਪੱਥਰ ਵਰਸਣੇ ਸ਼ੁਰੂ ਹੋ ਜਾਂਦੇ ਹਨ। ਕਦੇ ਅੱਗ ਲੱਗਣੀ ਸ਼ੁਰੂ ਹੋ ਜਾਂਦੀ ਹੈ। ਮੈਨੂੰ ਤੁਹਾਡੇ ਬਾਰੇ ਦੱਸ ਪਈ ਸੀ ਕਿ ਤੁਸੀਂ ਇਸ ਕੇਸ ਨੂੰ ਹੱਲ ਕਰ ਸਕਦੇ ਹੋ ? ਮੈਂ ਉਸਨੂੰ ਕਿਹਾ ਕਿ "ਮੈਂ ਇਹਨਾਂ ਘਟਨਾਵਾਂ ਨੂੰ ਸਦਾ ਲਈ ਖਤਮ ਕਰ ਸਕਦਾ ਹਾਂ ਪਰ ਜੇ ਸੰਬੰਧਿਤ ਪ੍ਰੀਵਾਰ ਦਾ ਮੁਖੀ ਆ ਕੇ ਬੇਨਤੀ ਕਰੇ" ਤਾਂ ਉਹ ਕਹਿਣ ਲੱਗੀ "ਪ੍ਰੀਵਾਰ ਦਾ ਮੁਖੀ ਦੂਰ ਹੈ ਜੇ ਮੈਂ ਚੰਡੀਗੜ੍ਹ ਦੇ ਹੀ ਇੱਕ ਨਜਦੀਕੀ ਨੂੰ ਤੁਹਾਡੇ ਕੋਲ ਭੇਜ ਦੇਵਾਂ ਤਾਂ ਕੀ ਤੁਸੀਂ ਚਲੇ ਜਾਵੋਗੇ ?" ਮੈਂ ਹੁੰਗਾਰਾ ਭਰ ਦਿੱਤਾ। ਦੋ ਘੰਟੇ ਬਾਅਦ ਹੀ ਇੱਕ ਨਜਦੀਕੀ ਗੁਰਦੁਆਰੇ ਦੇ ਗਰੰਥੀ ਸਾਹਿਬ ਆ ਗਏ। ਉਹ ਕਹਿਣ ਲੱਗੇ ਕਿ "ਮੈਂ ਗੱਡੀ ਭੇਜ ਦਿੰਦਾ ਹਾਂ ਤੁਸੀਂ ਚਲੇ ਜਾਣਾ।" ਪ੍ਰੀਵਾਰ ਨਾਲ ਵੀ ਉਸ ਨੇ ਮੇਰੀ ਗੱਲਬਾਤ ਕਰਵਾ ਦਿੱਤੀ। ਮੈਂ ਨਿਸਚਿਤ ਦਿਨ 'ਤੇ ਸਮੂਹ ਪ੍ਰੀਵਾਰ ਮੈਂਬਰਾਂ ਨੂੰ ਘਰ ਰਹਿਣ ਲਈ ਕਹਿ ਦਿੱਤਾ। ਜਦੋਂ ਗਰੰਥੀ ਸਾਹਿਬ ਆਪਣੇ ਪੁੱਤਰ ਨੂੰ ਗੱਡੀ ਬਾਰੇ ਕਹਿਣ ਲੱਗੇ ਤਾਂ ਘਰ ਵਿੱਚ ਵੀ ਕਲੇਸ਼ ਪੈ ਗਿਆ। ਅਜਿਹੇ "ਉਪਰੀ ਸ਼ੈਅ" ਵਾਲੇ ਘਰ ਵਿੱਚ ਕੋਈ ਵੀ ਜਾਣਾ ਨਹੀਂ ਚਾਹੁੰਦਾ ਸੀ।

ਪਰ ਕੇਸ ਤਾਂ ਹੱਲ ਕਰਨਾ ਹੀ ਸੀ ਮੈਂ ਆਪਣੇ ਡਰਾਈਵਰ ਨਰੇਸ਼ ਨੂੰ ਨਿਸਚਿਤ ਸਮੇਂ ਤੇ ਆਪਣੇ ਘਰ ਬੁਲਾ ਲਿਆ, ਸਤੰਬਰ 2013 ਦੇ ਤੀਸਰੇ ਐਂਤਵਾਰ ਘਰੋਂ ਸੱਤ ਵਜੇ ਹੀ ਰਵਾਨਾ ਹੋ ਪਏ। ਖਰੜ ਚੌਂਕ ਵਿੱਚ ਪੁੱਜੇ ਸਾਂ ਵੇਖਿਆ ਕਿ "ਅਧਿਆਪਕਾਵਾਂ ਨੇ ਵੱਡੀ ਗਿਣਤੀ ਵਿੱਚ ਇਕੱਠੀਆਂ ਹੋ ਕੇ ਸੜਕਾਂ ਹੀ ਜਾਮ ਕੀਤੀਆਂ ਹੋਈਆਂ ਸਨ। ਕਈ ਅਧਿਆਪਕਾਵਾਂ ਤੇ ਅਧਿਆਪਕ ਸੜਕਾਂ 'ਤੇ ਹੀ ਚਾਦਰਾਂ ਵਸਾ ਕੇ ਲਿਟੇ ਹੋਏ ਸਨ। ਕਾਰ ਅੱਗੇ ਜਾ ਨਹੀਂ ਸਕਦੀ ਸੀ ਤੇ ਨਾ ਹੀ ਸਾਨੂੰ ਜਾਣਾ ਚਾਹੀਦਾ ਸੀ। ਕਿਉਂਕਿ ਮਜਬੂਰੀ ਦੇ ਸਤਾਏ ਲੋਕਾਂ ਵੱਲੋਂ ਕੀਤੇ ਜਾਂਦੇ ਘੋਲਾਂ ਵਿੱਚ ਸਾਥ ਦੇਣਾ ਮੇਰੀ ਜ਼ਿੰਦਗੀ ਦਾ ਸਿਰਨਾਵਾਂ ਰਿਹਾ ਹੈ। ਮੈਂ ਖੁਦ ਇਹਨਾਂ ਸੰਘਰਸ਼ਾਂ ਵਿੱਚ ਮੋਹਰੀ ਰੋਲ ਅਦਾ ਕਰਦਾ ਰਿਹਾ ਹਾਂ। ਅਸੀਂ ਗੱਡੀ ਕਿਸੇ ਹੋਰ ਰਸਤੇ ਰਾਹੀਂ ਕੱਢਣ ਦਾ ਯਤਨ ਕੀਤਾ ਤਾਂ ਉਸ ਵਿੱਚ ਇੱਕ ਟਰੱਕ ਫਸਿਆ ਹੋਇਆ ਸੀ ਕਿਉਂਕਿ ਉਸ ਦਾ ਐਕਸਲ ਟੁੱਟ ਗਿਆ। ਗੱਡੀ ਬੈਕ ਕਰਕੇ ਕਿਸੇ ਹੋਰ ਗੱਡੀ ਦੇ ਪਿੱਛੇ ਲਾਈ। ਸ਼ਹਿਰ ਵਿੱਚ ਕਈ ਮੋੜ ਕੱਟਕੇ ਆਖਰ ਵਿੱਚ ਅਸੀਂ ਇੱਕ ਘੰਟੇ ਦੀ ਜੱਦੋ-ਜਹਿਦ ਪਿੱਛੋਂ ਖਰੜ ਵਿੱਚੋਂ ਬਾਹਰ ਆ ਗਏ ਤੇ ਮਹਿਲਾ ਚੌਕ ਨੂੰ ਰਵਾਨਾ ਹੋ ਪਏ। ਲੱਗਭੱਗ ਬਾਰਾਂ ਕੁ ਵਜੇ ਪੰਜ ਘੰਟੇ ਦੇ ਸਫਰ ਪਿੱਛੋਂ ਪੁੱਜ ਗਏ। ਪਿੰਡ ਦਾ ਸਰਪੰਚ ਇੱਕ ਰੀਟਾਇਰਡ ਅਧਿਆਪਕ ਹੈ ਤੇ ਉਹ ਤੇ ਉਸਦਾ ਭਰਾ ਤਰਕਸ਼ੀਲ ਲਹਿਰ ਦੇ ਸਮਰੱਥਕ ਹਨ। ਕੁੱਝ ਦਿਨ ਪਹਿਲਾਂ ਉਸਦਾ ਫੋਨ ਆ ਗਿਆ ਕਿ ਮੈਂ ਤੁਹਾਨੂੰ ਮਿਲਣਾ ਚਾਹੁੰਦਾ ਹਾਂ। ਮੈਂ ਉਹਨੂੰ ਸੰਬਧਤ ਘਰ ਹੀ ਪੁੱਜਣ ਦਾ ਸੁਨੇਹਾ ਲਾ ਦਿੱਤਾ, ਸਤਨਾਮ ਕ੍ਰਿਤੀ ਅਮਿਰਤਸਰ ਤੇ ਗੁਰਦਾਸਪੁਰ ਜਿਲੇ ਵਿੱਚ ਤਰਕਸ਼ੀਲ ਲਹਿਰ ਦਾ ਪ੍ਰਸਿੱਧ ਆਗੂ ਹੈ ਉਸਨੂੰ ਵੀ ਸੰਬੰਧਤ ਘਰ ਪੁੱਜਣ ਦਾ ਮੈਸੇਜ ਭੇਜ ਦਿੱਤਾ। ਜਦੋਂ ਮੈਂ ਸੰਬੰਧਤ ਘਰ ਪੁੱਜਿਆ ਤਾਂ ਲੱਗਭੱਗ ਇੱਕ ਦਰਜਨ ਸੂਝਵਾਨ ਅਧਿਆਪਕ ਤੇ ਪੱਤਰਕਾਰ ਪੁੱਜੇ ਹੋਏ ਸਨ। ਇਹਨਾਂ ਸਾਰੇ ਸਾਥੀਆਂ ਨੂੰ ਤਰਕਸ਼ੀਲ ਲਹਿਰ ਦੀਆਂ ਪ੍ਰਾਪਤੀਆਂ 'ਤੇ ਬਹੁਤ ਵੱਡਾ ਮਾਣ ਸੀ। ਮੈਨੂੰ ਆਪਣੇ ਇਲਾਕੇ ਵਿੱਚ 'ਜੀ ਆਇਆ' ਕਹਿਣ ਲਈ ਉਹ ਸਾਰੇ ਆਏ ਸਨ। ਪ੍ਰੀਵਾਰ ਵਲੋਂ ਸਭ ਨੂੰ ਚਾਹ ਪਾਣੀ ਪਿਲਾਇਆ ਗਿਆ। ਸਰਸਰੀ ਗੱਲਬਾਤ ਤੋਂ ਬਾਅਦ ਮੈਂ ਉਹਨਾਂ ਨੂੰ ਇਹ ਕਹਿ ਕੇ ਵਿਦਾ ਕਰ ਦਿੱਤਾ ਕਿ ਪ੍ਰੀਵਾਰ ਵਿੱਚ ਕੁੱਝ ਗੱਲਾਂ ਗੁਪਤ ਰੱਖਣੀਆਂ ਹੁੰਦੀਆਂ ਹਨ। ਇਸ ਲਈ ਸਾਰਿਆਂ ਨੂੰ ਕੇਸ ਹੱਲ ਕਰਨ ਲਈ ਨਾ ਬਿਠਾ ਸਕਣਾ ਸਾਡੀ ਮਜਬੂਰੀ ਹੈ।

ਸਾਰੇ ਸਾਥੀ ਸੂਝਵਾਨ ਸਨ ਤੇ ਉਹਨਾਂ ਨੇ ਮੇਰੀ ਇਸ ਗੱਲ ਦਾ ਹੁੰਗਾਰਾ ਭਰਿਆ ਉਂਝ ਵੀ ਸਭ ਨੇ ਆਪਣੇ ਕੰਮਾਂ ਧੰਦਿਆਂ ਵਿੱਚ ਜਾਣਾ ਸੀ।



**ਪਰਿਵਾਰ ਦਾ ਇਕੱਠ** : ਘਰ ਵਿੱਚ ਵਾਪਰੀਆਂ ਘਟਨਾਵਾਂ ਦਾ ਸਰਸਰੀ ਜਾਇਜਾ ਲੈਣ ਤੋਂ ਬਾਅਦ ਅਸੀਂ ਪ੍ਰੀਵਾਰ ਨੂੰ ਇਕੱਠਾ ਕੀਤਾ ਅਤੇ ਕੁੱਝ ਹਦਾਇਤਾਂ ਦਿੱਤੀਆਂ। ਇਹਨਾਂ ਹਦਾਇਤਾਂ ਵਿੱਚ "ਗੱਲਾਂ ਨੂੰ ਵਧਾ ਚੜ੍ਹਾ ਕੇ ਨਾ ਦੱਸਣ ਦੀ ਹਦਾਇਤ ਸੀ। ਇਹ ਵੀ ਕਿਹਾ ਗਿਆ ਕਿ ਅਸੀਂ ਹਰੇਕ ਨੂੰ ਇਕੱਲੇ ਇਕੱਲੇ ਨੂੰ ਬੁਲਾਵਾਂਗੇ। ਕੋਈ ਕਿਸੇ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਦੇਵੇਗਾ ਕਿ ਅਸੀਂ ਉਸਤੋਂ ਕੀ ਪੁੱਛਿਆ ਹੈ ਤੇ ਉਸਨੇ ਕੀ ਦੱਸਿਆ ਹੈ। ਸਾਰੇ ਆਪਣੇ ਕੰਮ ਧੰਦੇ ਕਰਦੇ ਰਹਿਣਗੇ ਤੇ ਸਿਰਫ ਸਾਡੇ ਕੋਲ ਉਹ ਹੀ ਵਿਅਕਤੀ ਆਵੇਗਾ ਜਿਸਨੂੰ ਅਸੀਂ ਬੁਲਾਵਾਂਗੇ।" ਇਸ ਤੋਂ ਬਾਅਦ ਪ੍ਰੀਵਾਰ ਨੂੰ ਖਿੰਡਾ ਦਿੱਤਾ ਗਿਆ ਬਾਹਰਲੇ ਪ੍ਰੀਵਾਰ ਦੀ ਨਿਗਰਾਨੀ ਲਈ ਅਸੀਂ ਨਰੇਸ਼ ਦੀ ਡਿਊਟੀ ਲਾ ਦਿੱਤੀ। ਪ੍ਰੀਵਾਰ ਦੇ ਮੈਂਬਰਾਂ ਦੀ ਲਿਸਟ ਵੇਖਣ ਤੋਂ ਬਾਅਦ ਅਸੀਂ ਘਰ ਦੀ ਸਭ ਤੋਂ ਵੱਡੀ ਔਰਤ ਨੂੰ ਬੁਲਾਇਆ, ਉਮਰ ਭਾਵੇਂ ਉਸਦੀ ਪੰਜਾਹ ਤੋਂ ਘੱਟ ਹੀ ਸੀ। ਪਰ ਉਸਦੀਆਂ ਗੱਲਾਂ ਕਰਨ ਦੇ ਢੰਗ ਤੋਂ ਸਾਨੂੰ ਕੁੱਝ ਗੱਲਾਂ ਸਪੱਸ਼ਟ ਨਹੀਂ ਹੋ ਰਹੀਆਂ ਸਨ। ਪ੍ਰੀਵਾਰ ਦੇ ਦੋ ਤਿੰਨ ਮੈਂਬਰਾਂ ਨਾਲ ਗੱਲ ਬਾਤ ਕਰਨ ਤੋਂ ਬਾਅਦ ਸਾਨੂੰ ਘਰ ਵਿੱਚ ਵਾਪਰੀਆਂ ਸਾਰੀਆਂ ਘਟਨਾਵਾਂ ਦੀ ਜਾਣਕਾਰੀ ਮਿਲ ਗਈ।

**ਵਾਪਰ ਰਹੀਆਂ ਘਟਨਾਵਾਂ**: ਸਭ ਤੋਂ ਪਹਿਲਾਂ ਘਰ ਵਿੱਚ ਪੱਥਰ ਵੱਜਣੇ ਸ਼ੁਰੂ ਹੋ ਗਏ। ਪ੍ਰੀਵਾਰ ਦੇ ਮੁਖੀ ਚਾਰ ਸਕੇ ਭਰਾ ਸਨ। ਇਹਨਾਂ ਚਾਰਾਂ ਨੇ ਆਪਣੇ ਖੇਤ ਵਿੱਚ ਇਕੱਠੀਆਂ ਹੀ ਚਾਰ ਕੋਠੀਆਂ ਇੱਕ ਦੂਜੇ ਦੇ ਨਜ਼ਦੀਕ ਬਣਾਈਆਂ ਹੋਈਆਂ ਸਨ। ਤੀਸਰੇ ਨੰਬਰ ਵਾਲਾ ਭਰਾ ਬਾਹਰਲੇ ਦੇਸ਼ ਕਮਾਈ ਕਰਨ ਗਿਆ ਹੋਇਆ ਸੀ। ਉਸਦੇ ਪ੍ਰੀਵਾਰ ਵਿੱਚ ਦੋ ਪੁੱਤਰ ਤੇ ਇੱਕ ਪੁੱਤਰੀ ਆਪਣੀ ਕੋਠੀ ਵਿੱਚ ਰਹਿ ਰਹੇ ਸਨ। ਕੋਠੀ ਦੀਆਂ ਵਾਰੀਆਂ ਤੇ ਰੋਸ਼ਨਦਾਨਾਂ ਦੇ ਸੀਸੇ ਮਾਰੇ ਗਏ ਪੱਥਰਾਂ ਨੇ ਚਕਨਾ ਚੂਰ ਕਰ ਦਿੱਤੇ ਸਨ। ਘਰ ਵਿੱਚ ਮਾਰੇ ਪੱਥਰਾਂ ਦੀ ਢੇਰੀ ਏਨੀ ਵੱਡੀ ਹੋ ਗਈ ਸੀ ਕਿ ਮੌਜ ਨਾਲ ਇਸ ਦੇ ਦੋ ਚਾਰ ਬੱਠਲ ਭਰੇ ਜਾ ਸਕਦੇ ਸਨ। ਪ੍ਰੀਵਾਰ ਦੇ ਦੋਵੇ ਵਿਦਿਆਰਥੀ ਪੁੱਤਰ ਤੇ ਮਾਂ ਘਰ ਵਿੱਚੋਂ ਬਾਹਰ ਨਿਕਲਣ ਦਾ ਹੌਂਸਲਾ ਨਹੀਂ ਕਰਦੇ ਸਨ।

ਇੱਕ ਦਿਨ ਤਾਂ 500 ਗ੍ਰਾਮ ਦਾ ਵੱਟਾ ਅੰਦਰ ਪਏ ਟਰੰਕ ਨਾਲ ਆ ਟਕਰਾਇਆ। ਘਰ ਦਾ ਮਾਲਕ ਆਪਣੇ ਸੀਰੀ ਤੇ ਇੱਕ ਘਰੇਲੂ ਨੌਕਰ ਪ੍ਰਿਤੂ ਨੂੰ ਲੈ ਕੇ ਖੇਤ ਦਵਾਈ ਛਿੜਕਣ ਚਲਿਆ ਗਿਆ। ਛਿੜਕਣ ਵਾਲੀ ਦਵਾਈ ਦੀ ਸੀਸੀ ਹੀ ਗਾਇਬ ਹੋ ਗਈ। ਸੀਸੀ ਮਿਲੀ ਤਾਂ ਸੀਰੀ ਦੀ ਚੱਪਲ ਉੱਡ ਗਈ। ਤਿੰਨੇ ਜਾਣੇ ਜਦੋਂ ਦਵਾਈ ਛਿੜਕ ਕੇ ਘਰੇ ਵਾਪਸ ਆਏ ਤਾਂ ਪੱਥਰ ਘਰ ਦੇ ਦਰਵਾਜਿਆਂ ਵਿੱਚ ਵੱਜਣੇ ਸ਼ੁਰੂ ਹੋ ਗਏ।

ਭੂਤਾਂ ਤੋਂ ਡਰਦੇ ਪ੍ਰੀਵਾਰ ਨੇ ਛੱਤ ਤੇ ਸੌਣਾ ਸ਼ੁਰੂ ਕਰ ਦਿੱਤਾ। ਘਰ ਪੱਥਰ ਵੱਜਣ ਦਾ ਸਿਲਸਿਲਾ ਰਾਤ ਦੇ ਦਸ ਵਜੇ ਤਕ ਚਲਦਾ ਰਹਿੰਦਾ। ਪਸ਼ੂਆਂ ਲਈ ਜਦੋਂ ਹਰਾ ਪਾਉਣਾ ਹੁੰਦਾ ਜਾਂ ਕੁਤਰਾ ਕਰਨਾ ਹੁੰਦਾ ਤਾਂ ਪੱਥਰਾਂ ਦੇ ਵੱਜਣ ਦਾ ਮਿਸਸਿਲਾ ਤੇਜ ਹੋ ਜਾਂਦਾ। ਕਈ ਵਾਰ ਤਾਂ ਚੱਪਲ ਹੀ ਹਵਾ ਵਿੱਚ ਉੱਡਣੇ ਸ਼ੁਰੂ ਹੋ ਜਾਂਦੇ। ਪੱਥਰਾਂ ਦੀ ਬਰਸਾਤ ਦੇ ਨਾਲ ਨਾਲ ਘਰ ਵਿੱਚ ਫੋਨ ਆਉਣੇ ਵੀ ਸ਼ੁਰੂ ਹੋ ਗਏ। ਕਦੇ ਫੋਨ ਆਉਂਦਾ ਜਿਸ ਵਿੱਚ ਕਿਹਾ ਹੁੰਦਾ

ਲੱਭੀ ਚੀਜ਼ ਖੁਦਾ ਦੀ,
ਨਾ ਧੇਲੇ ਦੀ ਨਾ ਪਾ ਦੀ,

ਕਦੇ ਫੋਨ ਆ ਜਾਂਦਾ। "ਚਾਰ ਥਾਂ ਤੇ ਪੱਚੀ-ਪੱਚੀ ਲੱਖ ਭਰ ਦਿਓ ਫਿਰ ਖਹਿੜਾ ਛੱਡੂ" ਘਰ ਵਾਲੇ ਦਿਨੋ ਦਿਨ ਹੈਰਾਨ ਹੁੰਦੇ ਸੋਚਦੇ ਕਿ ਪਤਾ ਨਹੀਂ ਕਿਸ ਦੈਂਤ ਨਾਲ ਵਾਸਤਾ ਪੈ ਗਿਆ ਹੈ। ਘਰ ਵਿੱਚ ਤਿੰਨ ਮੋਬਾਇਲ ਫੋਨ ਸਨ। ਫੋਨ ਉਤੇ ਮਾਵਾਂ ਭੈਣਾਂ ਦੀ ਚਕਵੀਆਂ ਤੋਂ ਚਕਵੀਆਂ ਗਾਲਾਂ ਵੀ ਆਉਂਦੀਆਂ। ਤਿੰਨਾਂ ਫੋਨਾਂ ਵਿੱਚੋਂ ਕੋਈ ਗਾਇਬ ਹੋ ਜਾਂਦਾ। ਪ੍ਰੀਵਾਰ ਵਾਲੇ ਵੇਖਦੇ ਜੋ ਪ੍ਰੀਵਾਰ ਦਾ ਫੋਨ ਗਾਇਬ ਹੁੰਦਾ ਸੀ ਤੇ ਕਾਲ ਉਸ ਫੋਨ ਤੋਂ ਆਈ ਹੁੰਦੀ। ਕਈ ਵਾਰ ਜਦੋਂ ਫੋਨ ਪ੍ਰਿਤੂ ਚੁੱਕਦਾ ਤਾਂ ਆਵਾਜ਼ ਆਉਂਦੀ "ਤੇਰਾ ਘਰ ਨੀ ਵਾਰ ਨੀ ਤੂੰ ਫੋਨ ਚੁੱਕਣ ਵਾਲਾ ਕੌਣ ਹੁੰਦਾ ਹੈ। ਕਈ ਵਾਰ ਫੋਨ ਆਉਂਦਾ ਕਿ ਸਾਡਾ ਸਾਰਾ ਘਰ ਬਾਰ ਬਰਬਾਦ ਕਰ ਦਿੱਤਾ ਹੈ।" ਘਰ ਤੋਂ ਬਾਹਰ ਪਸ਼ੂਆਂ ਲਈ ਇਕੱਠੇ ਕੀਤੇ ਗਏ ਹਰੇ ਚਾਰੇ ਦੇ ਭਰਿਆਂ ਨੂੰ ਸੌਂ ਜਾਣ ਤੋਂ ਦਸ ਮਿੰਟ ਬਾਅਦ ਹੀ ਅੱਗ ਲਾ ਦਿੱਤੀ ਗਈ।

ਘਰ ਦੀ ਨੌਜੁਆਨ ਕੁੜੀ ਨੇ ਵਿਦਿਆਰਥੀਆਂ ਦੇ

ਪੇਪਰ ਚੈਕ ਕਰਨੇ ਸਨ। ਇਸ ਲਈ ਉਸਨੇ ਪੇਪਰਾਂ ਦਾ ਬੰਡਲ, ਟਰੰਕ ਵਿੱਚ ਰੱਖ ਦਿੱਤਾ। ਟਰੰਕ ਹੀ ਅੱਗ ਫੜ ਗਿਆ, ਪੇਪਰਾਂ ਦੇ ਨਾਲ-ਨਾਲ ਉਸ ਵਿੱਚ ਪਏ ਕੱਪੜੇ ਵੀ ਜਲ ਗਏ। ਸਾਡੇ, ਪ੍ਰੀਵਾਰ ਵਿੱਚ ਪੁੱਜਣ ਵੇਲੇ ਵੀ ਘਰ ਦਾ ਇੱਕ ਫੋਨ ਗੁੰਮ ਸੀ। ਫੋਨ ਗਾਇਬ ਹੋ ਜਾਂਦੇ ਤੇ ਮਿਲ ਵੀ ਜਾਂਦੇ। ਪ੍ਰੀਵਾਰ ਤੋਂ ਇਕੱਠੀ ਕੀਤੀ ਜਾਣਕਾਰੀ ਦਾ ਜਦੋਂ ਅਸੀਂ ਬਰੀਕੀ ਨਾਲ ਵਿਸ਼ਲੇਸ਼ਣ ਕੀਤਾ ਤਾਂ ਸਾਨੂੰ ਸਾਰਾ ਮਾਜਰਾ ਸਮਝ ਆ ਗਿਆ।

**ਪ੍ਰੀਵਾਰ ਵਲੋਂ ਘਟਨਾਵਾਂ ਨੂੰ ਰੋਕਣ ਲਈ ਕੀਤੇ ਗਏ ਯਤਨ** : ਪ੍ਰੀਵਾਰ ਸਰਦਾ ਪੁੱਜਦਾ ਸੀ। 18 ਏਕੜ ਜ਼ਮੀਨ ਉਹਨਾਂ ਦੀ ਆਪਣੀ ਸੀ। ਘਰ ਦੇ ਕੁੱਝ ਜੀਅ ਵਿਦੇਸ਼ਾਂ ਵਿੱਚ ਗਏ ਹੋਣ ਕਾਰਨ ਘਰ ਵਿੱਚ ਕਮਾਈ ਚੰਗੀ ਸੀ। ਉਂਜ ਵੀ ਪ੍ਰੀਵਾਰ ਖਾਨਦਾਨੀ ਜੈਲਦਾਰਾਂ ਦਾ ਪ੍ਰੀਵਾਰ ਸੀ। ਭਾਵੇਂ ਜੈਲਦਾਰੀ ਸਿਸਟਮ ਅੰਗਰੇਜ਼ਾਂ ਦੀ ਦੇਣ ਸੀ। ਉਹਨਾਂ ਨੇ ਪਿੰਡਾਂ ਵਿੱਚ ਜਾਸੂਸਾਂ ਨੂੰ ਨੰਬਰਦਾਰ, ਜੈਲਦਾਰ ਤੇ ਚੌਂਕੀਦਾਰ ਬਣਾਇਆ ਹੋਇਆ ਸੀ। ਪਰ ਹੁਣ ਗੋਰੇ ਚਲੇ ਗਏ ਹਨ ਇਸ ਲਈ ਉਹਨਾਂ ਨਾਲ ਹੀ ਉਹਨਾਂ ਦੀ ਜੈਲਦਾਰੀ ਚਲੀ ਗਈ। ਪਰ ਪ੍ਰੀਵਾਰਾਂ ਨਾਲ ਅੱਲਾਂ ਚੱਲਦੀਆਂ ਹੀ ਰਹਿੰਦੀਆਂ ਹਨ। ਸੋ ਪ੍ਰੀਵਾਰ ਦੀ ਕਾਫ਼ੀ ਦੱਸ ਪੁੱਛ ਸੀ। ਇਸ ਲਈ ਰਾਤਾਂ ਨੂੰ ਸੌ ਸੌ ਬੰਦਾ ਪਹਿਰਾ ਦਿੰਦਾ ਰਹਿੰਦਾ ਸੀ। ਕਈ ਵਾਰ ਪੁਲੀਸ ਦੇ ਪਹਿਰੇ ਵੀ ਲਵਾਏ ਗਏ। ਕਈ ਵਾਰ ਤਾਂ ਫਾਇਰ ਵੀ ਕੀਤੇ ਜਾਂਦੇ ਸਨ ਤਾਂ ਜੋ ਭੂਤਾਂ ਡਰਦੀਆਂ ਹੀ ਘਰ ਵਿੱਚ ਪੈਰ ਨਾ ਪਾਉਣ। ਪਸ਼ੂਆਂ ਦੇ ਚਾਰੇ ਲਈ ਬੀਜੀ ਗਈ ਦੋ ਏਕੜ ਚਰੀ ਵੀ ਟ੍ਰੈਕਟਰਾਂ ਨਾਲ ਵਾਹ ਦਿੱਤੀ ਗਈ। ਤਾਂ ਜੋ ਭੂਤਾਂ ਉਸ ਵਿੱਚ ਵੀ ਰਹਿਣ ਬਸੇਰਾ ਨਾ ਕਰ ਸਕਣ। ਪ੍ਰੀਵਾਰ ਦੀ ਇੱਕ ਤੇਈ ਵਰਿਆਂ ਦੀ ਜੁਆਨ ਐਮ. ਏ. ਪੜ੍ਹੀ ਕੁੜੀ ਵੀ ਸੀ। ਉਹ ਆਪਣਾ ਬਹੁਤ ਸਮਾਂ ਪਾਠ ਕਰਨ ਵਿੱਚ ਲਾਉਂਦੀ। ਜਦੋਂ ਉਹ ਘਰ ਹੁੰਦੀ ਤਾਂ ਘਟਨਾਵਾਂ ਦਾ ਸਿਲਸਿਲਾ ਤੇਜ ਹੋ ਜਾਂਦਾ। ਇਸ ਲਈ ਘਟਨਾਵਾਂ ਵਾਪਰਨ ਤੋਂ ਬਾਅਦ ਉਹਨੂੰ ਉਸਦੇ ਨਾਨਕੇ ਭੇਜ ਦਿੱਤਾ ਜਾਂਦਾ। ਪਰ ਜਦੋਂ ਉਸ ਘਰ ਆ ਜਾਂਦੀ ਤਾਂ ਘਟਨਾਵਾਂ ਜ਼ਿਆਦਾ ਵਾਪਰਨ ਲੱਗ ਪੈਂਦੀਆਂ।

**ਘਟਨਾਵਾਂ ਵਾਪਰਨ ਲਈ ਜ਼ਿੰਮੇਵਾਰ** : ਸਾਰੀਆਂ ਘਟਨਾਵਾਂ ਦੇ ਸਿਲਸਿਲੇਵਾਰ ਵਿਸ਼ਲੇਸ਼ਣ ਨੇ ਸਾਨੂੰ ਪੂਰੀ ਤਰ੍ਹਾਂ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਉਹ ਘਟਨਾਵਾਂ ਪ੍ਰਿਤੂ ਹੀ ਕਰ ਰਿਹਾ ਸੀ। ਪ੍ਰਿਤੂ ਚੌਦਾ ਪੰਦਰਾਂ ਵਰਿਆਂ ਦਾ ਘਰ ਦਾ ਨੌਕਰ ਸੀ। ਪ੍ਰਿਤੂ ਘਟਨਾਵਾਂ ਕਿਉਂ ਕਰਦਾ ਸੀ ਇਸ ਗੱਲ ਨੂੰ ਘੋਖਣ ਤੇ ਸਾਨੂੰ ਜੋ ਜਾਣਕਾਰੀ ਮਿਲੀ ਉਹ ਬਹੁਤ ਹੀ ਤਰਸਯੋਗ ਸੀ। ਸਾਨੂੰ ਸਾਡੇ ਦੇਸ਼ ਦੀ ਗਰੀਬੀ ਹੀ ਉਹਨਾਂ ਘਟਨਾਵਾਂ ਦੀ ਜੁੰਮੇਵਾਰ ਨਜ਼ਰ ਆ ਰਹੀ ਸੀ।

**ਪ੍ਰਿਤੂ ਦਾ ਪਿਛੋਕੜ** : ਮੌਜੂਦਾ ਪ੍ਰੀਵਾਰ ਦੀ ਮੁਖੀ ਇਸਤਰੀ ਦੇ ਪੇਕੇ ਨਜਦੀਕੀ ਪਿੰਡ ਰਾਮੇ ਸਨ। ਉਸ ਦੇ ਪੇਕੇ ਪ੍ਰੀਵਾਰ ਵਿੱਚ ਹਰਨਾਮਾਂ ਉਸਦਾ ਭਰਾ ਲੱਗਦਾ ਸੀ ਹਰਨਾਮੇ ਦੇ ਪੰਜ ਬੱਚੇ ਸਨ। ਉਹ ਦੋ ਕਿੱਲੇ ਜ਼ਮੀਨ ਦਾ ਮਾਲਕ ਸੀ। ਕਿਵੇਂ ਨਾ ਕਿਵੇਂ ਹਰਨਾਮਾ ਤੇ ਉਸਦੀ ਪਤਨੀ ਘਰ ਦਾ ਖਰਚਾ ਪਾਣੀ ਤੋਰੀ ਜਾ ਰਹੇ ਸਨ। ਇਸ ਸਮੇਂ ਦੌਰਾਨ ਹਰਨਾਮੇ ਨੂੰ ਨਸ਼ੇ ਦੀ ਲੱਤ ਲੱਗ ਗਈ। ਘਰ ਵਾਲੀ ਨੇ ਹਰਨਾਮੇ ਨੂੰ ਨਸ਼ੇ ਪੱਤੇ ਤੋਂ ਕਿਨਾਰਾ ਕਰਵਾਉਣ ਲਈ ਭਰਪੂਰ ਯਤਨ ਕੀਤੇ। ਜਦੋਂ ਹਰਨਾਮਾਂ ਆਪਣੀ ਲਤ ਤੋਂ ਬਾਜ ਨਾ ਆਇਆ ਤਾਂ ਉਸਦੀ ਘਰਵਾਲੀ ਨੇ ਉਸਨੂੰ ਸਬਕ ਸਿਖਾਉਣ ਦਾ ਦਰਦਨਾਇਕ ਫੈਸਲਾ ਲੈ ਲਿਆ। ਉਸ ਨੇ ਹੋਰ ਵਿਅਕਤੀਆਂ ਨਾਲ ਸੰਬੰਧ ਬਣਾਉਣੇ ਸ਼ੁਰੂ ਕਰ ਦਿੱਤੇ। ਇਹ ਪਿਆਰ ਸਬੰਧ ਇਸ ਹੱਦ ਤੱਕ ਵਧ ਗਏ ਇੱਕ ਦਿਨ ਉਹ ਘਰ ਨੂੰ ਹੀ ਅਲਵਿਦਾ ਕਹਿ ਗਈ। ਪੰਜੇ ਬੱਚਿਆਂ ਦੀ ਜਿੰਮੇਵਾਰੀ ਹਰਨਾਮੇ 'ਤੇ ਆ ਪਈ। ਭੁੱਕੀ ਦੀ ਲਤ ਤੇ ਬੱਚਿਆਂ ਦੀ ਜਿੰਮੇਵਾਰੀ ਵੀ ਹਰਨਾਮੇ ਨੂੰ ਬੰਦਾ ਬਣਾਉਣ ਵਿੱਚ ਸਫਲ ਨਾ ਹੋ ਸਕੀ। ਇੱਕ ਦਿਨ ਉਹ ਵੀ ਇੱਕ ਟਰੱਕ ਤੇ ਫੇਟ ਵੱਜਣ ਕਾਰਨ ਜਖਮੀ ਹੋ ਗਿਆ। ਜਦੋਂ ਹਰਨਾਂਮਾ ਜਖਮੀ ਹਾਲਤ ਵਿੱਚ ਮੰਜੇ 'ਤੇ ਪਿਆ ਸੀ ਤਾਂ ਬਹੁਤ ਸਾਰੇ ਪ੍ਰੀਵਾਰਾਂ ਨੇ ਹਰਨਾਮੇ ਨੂੰ ਸਮਝਾਉਣ ਦਾ ਯਤਨ ਕੀਤਾ ਕਿ ਉਹ ਆਪਣੇ ਚਾਰੇ ਪੁੱਤਰਾਂ ਵਿੱਚ ਇੱਕ ਜਾਂ ਦੋ ਲੋੜਬੰਦ ਪ੍ਰੀਵਾਰਾਂ ਨੂੰ ਦੇ ਦੇਵੇ। ਪਰ ਹਰਨਾਮਾ ਇਸ ਗੱਲ ਲਈ ਤਿਆਰ ਨਾ ਹੋਇਆ। ਉਸਦੀ ਧੀ ਵੱਡੀ ਹੋ ਰਹੀ ਸੀ। ਉਸਨੇ ਉਸਨੂੰ ਤਾਂ ਆਪਣੀ ਸਾਲੀ ਦੇ ਸਪੁਰਦ ਕਰ ਦਿੱਤਾ। ਜਦੋਂ ਉਸਨੂੰ ਇਹ ਅਹਿਸਾਸ ਹੋ ਗਿਆ ਕਿ ਹੁਣ ਉਹ ਬਚ ਨਹੀਂ ਸਕੇਗਾ ਤਾਂ ਉਸਨੇ ਆਪਣੇ ਚਾਰੇ ਪੁੱਤਰਾਂ ਨੂੰ ਗੁਰਦੁਆਰੇ ਚਾੜ ਦਿੱਤਾ ਤੇ ਕੁੱਝ ਦਿਨਾਂ ਬਾਅਦ ਹੀ ਉਸਦੀ ਮੌਤ ਹੋ ਗਈ। ਚਾਰੇ ਮੁੰਡੇ ਘੋੜਿਆਂ ਦੀਆਂ ਦੁਲੱਤੀਆਂ ਨਾਲ ਜਖਮੀ ਹੁੰਦੇ ਲਿੱਦ ਹੂੰਝਦੇ ਰਹਿੰਦੇ ਇਸ ਤਰ੍ਹਾਂ ਉਹ ਵੱਡੇ ਹੁੰਦੇ ਗਏ। ਗੁਰਦੁਆਰੇ ਵਿੱਚ ਬਚਿਆ ਖੁਚਿਆ, ਬਾਸੀ ਖਾਣਾ ਖਾਂਦਿਆਂ ਦੋ ਤਿੰਨ ਸਾਲ ਲੰਘ ਗਏ।

**ਪ੍ਰਿਤੂ ਦਾ ਇਸ ਪ੍ਰੀਵਾਰ ਵਿੱਚ ਹਾਜ਼ਰ ਹੋਣਾ** : ਇੱਕ ਦਿਨ ਰਾਤੀ ਦਸ ਕੁ ਵਜੇ ਦੇ ਕਰੀਬ ਦਰਵਾਜੇ 'ਤੇ ਦਸਤਕ ਹੋਣ ਲੱਗੀ ਕੋਈ ਬੱਚਾ ਬੋਲ ਰਿਹਾ ਸੀ "ਭੂਆ ਦਰਵਾਜਾ ਖੋਲ੍ਹ ਮੈਂ ਪ੍ਰਿਤੂ ਬੋਲ ਰਿਹਾ ਹਾਂ।" ਘਰ ਦੀ ਮਾਲਕਨ ਨੇ ਜਦੋਂ ਦਰਵਾਜਾ ਖੋਲ੍ਹਿਆ ਤਾਂ ਵੇਖਿਆ ਕਿ ਦਸ ਕੁ ਸਾਲ ਦਾ ਇੱਕ ਬੱਚਾ ਦਰਵਾਜਾ ਖੜਕਾ ਰਿਹਾ ਸੀ। ਉਸਨੇ ਪੁੱਛਿਆ ਤੂੰ ਕੌਣ ਹੈ ਤਾਂ ਉਹ ਕਹਿਣ ਲੱਗਿਆ "ਮੈਂ ਹਰਨਾਮੇ ਦਾ ਦੂਜਾ ਪੁੱਤਰ ਹਾਂ ਮੈਂ ਤੇ ਮੇਰਾ ਵੱਡਾ ਭਰਾ ਗੁਰਦੁਆਰੇ ਤੋਂ ਭੱਜ ਆਏ ਹਾਂ। ਉਹ ਨੇੜੇ ਦੇ ਪਿੰਡ ਕਿਸੇ ਨਜਦੀਕੀ ਦੇ ਘਰ ਚਲਿਆ ਗਿਆ ਹੈ। ਮੈਂ ਤੇਰੇ ਕੋਲ ਆ ਗਿਆ ਹਾਂ। ਭੂਆ ਮੈਨੂੰ ਰੱਖ ਲੈ ਮੈਂ ਪਸ਼ੂਆਂ ਨੂੰ ਸਾਂਭ ਲਿਆ ਕਰਾਂਗਾ। ਘਰ ਦੀ ਮਾਲਕਣ ਨੇ ਆਪਣੇ ਪੁੱਤਰ ਤੇ ਧੀ ਨੂੰ ਤਾਂ ਵਧੀਆ ਤੋਂ ਵਧੀਆ ਪੜ੍ਹਾਈ ਕਰਵਾਉਣ ਦਾ ਬੰਦੋਬਸਤ ਕੀਤਾ ਹੋਇਆ ਸੀ। ਪਸ਼ੂਆਂ ਨੂੰ ਸਾਂਭਣ ਲਈ ਉਹਨਾਂ ਨੂੰ ਵੀ ਕਿਸੇ ਮੁੰਡੇ ਦੀ ਲੋੜ ਸੀ। ਸੋ ਉਹਨਾਂ ਨੇ ਪ੍ਰਿਤੂ ਨੂੰ ਪਨਾਹ ਦੇ ਦਿੱਤੀ। ਪ੍ਰਿਤੂ ਸਾਰਾ ਦਿਨ ਘਰ ਦਾ ਔਖਾ ਤੋਂ ਔਖਾ ਕੰਮ ਕਰਦਾ। ਪਸ਼ੂਆਂ ਦੀ ਸਾਂਭ ਸੰਭਾਲ, ਗੋਹਾ ਕੂੜਾ, ਪਾਥੀਆਂ ਪੱਥਣ, ਭਾਂਡੇ ਮਾਂਜਣ ਦਾ ਸਾਰਾ ਕੰਮ ਉਸਨੂੰ ਹੀ ਕਰਨਾ ਪੈਂਦਾ। ਕਈ ਵਾਰੀ ਤਾਂ ਖੇਤਾਂ ਵਿੱਚ ਨੱਕੇ ਮੋੜਨ, ਗੁੱਡ ਗੁਡਾਈ ਤੇ ਦਵਾਈ ਛਿੜਕਣ ਦਾ ਕੰਮ ਵੀ ਪ੍ਰਿਤੂ ਦੇ ਪੱਲੇ ਹੀ ਪੈਂਦਾ। ਇਸ ਤੋਂ ਇਲਾਵਾ ਕਿਸੇ ਕੰਮ ਦੀ ਅਣਗਹਿਲੀ ਤੇ ਉਸਨੂੰ ਗਾਲਾਂ ਦੀ ਵਾਛੜ ਵੀ ਹੁੰਦੀ ਤੇ ਨਾਲ ਹੀ ਦੋ ਚਾਰ ਲੱਫੜ ਵੀ ਜੜ ਦਿੱਤੇ ਜਾਂਦੇ।

ਸਾਰੇ ਪ੍ਰੀਵਾਰ ਦੇ ਖਾਣ ਤੋਂ ਬਾਅਦ ਹੀ ਬਚਿਆ ਖਾਣਾ ਪ੍ਰਿਤੂ ਹੀ ਖਾਂਦਾ। ਘਟੀਆ ਵਤੀਰਾ ਕਰਨ ਵਿੱਚ ਘਰ ਦੀ ਨੌਜੁਆਨ ਕੁੜੀ ਦਾ ਰੋਲ ਜ਼ਿਆਦਾ ਹੁੰਦਾ ਹੈ। ਇਸ ਤਰ੍ਹਾਂ ਚਾਰ ਪੰਜ ਸਾਲਾਂ ਵਿੱਚ ਪ੍ਰਿਤੂ ਪੰਦਰਾਂ ਸਾਲ ਨੂੰ ਪੁੱਜ ਗਿਆ। ਹੁਣ ਉਹ ਆਲੇ ਦੁਆਲੇ ਵਾਲੇ ਘਰਾਂ ਦੇ ਮੁੰਡਿਆਂ ਨੂੰ ਵੀ ਮਿਲਣ ਗਿਲਣ ਲੱਗ ਪਿਆ। ਪਿੰਡਾਂ ਵਿੱਚ ਖਾਂਦੇ ਪੀਂਦੇ ਘਰਾਂ ਦੇ ਈਰਖਾਲੂ ਵੀ ਪੈਦਾ ਹੋ ਜਾਂਦੇ ਹਨ। ਉਹਨਾਂ ਵਿੱਚੋਂ ਕਿਸੇ ਨੇ ਪ੍ਰਿਤੂ ਨੂੰ ਇਹ ਜਚਾਉਣਾ ਸ਼ੁਰੂ ਕਰ ਦਿੱਤਾ ਕਿ "ਤੇਰੀ ਮਾਂ ਦੇ ਭੱਜਣ, ਪਿਉ ਦੀ ਮੌਤ ਅਤੇ ਜ਼ਮੀਨ ਦੇ ਦੋ ਕਿੱਲੇ ਵਿਕਣ ਵਿੱਚ ਤੈਨੂੰ ਆਸਰਾ ਦੇ ਰਹੇ ਪ੍ਰੀਵਾਰ ਦਾ ਹੀ ਹੱਥ ਹੈ।" ਮਨ ਹੀ ਮਨ ਵਿੱਚ ਇਹ ਗੱਲਾਂ ਪ੍ਰਿਤੂ ਦੇ ਦਿਮਾਗ ਵਿੱਚ ਨਫਰਤ ਦੇ ਭਾਂਬੜ ਬਾਲ ਰਹੀਆਂ ਸਨ। ਉਸਨੇ ਆਪਣੇ ਮਨ ਵਿੱਚ ਚੱਲ ਰਹੀਆਂ ਗੱਲਾਂ ਹੀ ਪ੍ਰੀਵਾਰ ਨੂੰ ਦੱਸਣੀਆਂ ਸ਼ੁਰੂ ਕਰ ਦਿੱਤੀਆਂ। ਉਸਦਾ ਇਹ ਕਹਿਣਾ ਕਿ ਮੈਨੂੰ ਫੋਨ 'ਤੇ ਕਹਿੰਦਾ ਹੈ" ਤੇਰਾ ਘਰ ਨੀ ਵਾਰ ਨੀ। ਤੂੰ ਫੋਨ ਚੁੱਕਣ ਵਾਲਾ ਕੌਣ ਹੈ, "ਕਦੇ ਉਸਦਾ ਕਹਿਣਾ "ਪੱਚੀ ਪੱਚੀ ਲੱਖ ਰੁਪਏ ਚਾਰ ਜਗ੍ਹਾ ਜਮ੍ਹਾਂ ਕਰਵਾਉ" ਇਹ ਸਾਰੀਆਂ ਗੱਲਾਂ ਉਸਦੇ ਅਰਧ ਚੇਤਨ ਮਨ ਦੀਆਂ ਉਪਜਾਂ ਸਨ। ਉਹ ਬਦਲਾ ਲੈਣਾ ਚਾਹੁੰਦਾ ਸੀ ਪਰ ਕੁੱਝ ਕਰ ਨਹੀਂ ਸਕਦਾ ਸੀ। ਇਹਨਾਂ ਸੋਚਾਂ ਨੇ ਉਸਨੂੰ ਅਰਧ ਪਾਗਲ ਬਣਾ ਦਿੱਤਾ। ਜਦੋਂ ਮੈਂ ਉਸਨੂੰ ਆਪਣੇ ਵਿਸ਼ਵਾਸ ਲਿਆ ਤਾਂ ਉਸਨੇ ਵਾਅਦਾ ਕੀਤਾ ਕਿ ਉਹ ਮੁੜ ਅਜਿਹੀਆਂ ਘਟਨਾਵਾਂ ਨਹੀਂ ਕਰੇਗਾ। ਘਰ ਵਿੱਚੋਂ ਗੁੰਮ ਹੋਏ ਇੱਕ ਫੋਨ ਬਾਰੇ ਉਹ ਕਹਿਣ ਲੱਗਿਆ ਕਿ "ਉਹ ਦੂਰ ਹੈ ਮੈਂ ਦੋ ਦਿਨਾਂ 'ਚ ਲਿਆ ਕੇ ਘਰੇ ਰੱਖ ਦੇਵਾਂਗਾ।"

**ਪ੍ਰਿਤੂ ਨਾਲ ਵਤੀਰਾ** : ਪ੍ਰੀਵਾਰ ਦੇ ਮੈਂਬਰਾਂ ਦਾ ਪ੍ਰਿਤੂ ਨਾਲ ਵਤੀਰਾ ਬਹੁਤ ਹੀ ਨਿਖੇਧੀ ਯੋਗ ਸੀ। ਪਸ਼ੂਆਂ ਦਾ ਗੋਹਾ ਕੂੜਾ, ਕੱਖ ਕੰਡਾ, ਘਰ ਦੇ ਭਾਂਡੇ ਮਾਂਜਣਾ ਅਤੇ ਖੇਤਾਂ ਵਿੱਚ ਗੋਡੀ ਕਰਨਾ ਅਤੇ ਦਵਾਈਆਂ ਛਿੜਕਣਾ ਆਦਿ ਬਹੁਤ ਸਾਰੇ ਕੰਮ ਉਸਨੂੰ ਕਰਨੇ ਪੈਂਦੇ ਸਨ। ਇਹਨਾਂ ਕੰਮਾਂ ਨਾਲੋਂ ਵੱਧ ਦੁਖੀ ਤਾਂ ਕੰਮ ਸਮੇਂ ਦੀਆਂ ਗਾਲਾਂ, ਝਿੜਕਾਂ ਤੇ ਕੁੱਟਮਾਰ ਕਰਦੀਆਂ ਸਨ। ਇਨਾਂ ਸਾਰਾ ਕੁਝ ਹੋਣ ਦੇ ਬਾਵਜੂਦ ਵੀ ਖਾਣ ਪਿੱਛੇ ਦੂਹਰਾ ਮਿਆਰ ਆਪਦਿਆਂ ਲਈ ਹੋਰ ਤੇ ਨੌਕਰਾਂ ਲਈ ਹੋਰ।

**ਸਿੱਟਾ** : ਇਸ ਕੇਸ ਨੂੰ ਹੱਲ ਕਰਨ ਤੋਂ ਬਾਅਦ ਮੈਂ ਇਸ ਸਿੱਟੇ ਉੱਤੇ ਪੁੱਜਿਆ ਹੈ ਕਿ ਭਾਰਤ ਦੇ ਬਹੁਤ ਸਾਰੇ ਪਿੰਡਾਂ ਤੇ ਸ਼ਹਿਰਾਂ ਵਿੱਚ ਵਾਪਰਦੀਆਂ ਅਜਿਹੀਆਂ ਘਟਨਾਵਾਂ ਪਿੱਛੇ ਕਾਰਨ ਗਰੀਬੀ, ਦੂਹਰਾ ਮਿਆਰ ਜਾਂ ਈਰਖਾਂ ਹੀ ਹੁੰਦੀਆਂ ਹਨ। ਮੇਰੇ ਦੇਸ਼ ਦੇ ਮੌਜੂਦਾ ਤਾਣੇ ਬਾਣੇ ਨੇ ਮੇਰੇ ਦੇਸ਼ ਦੇ 70% ਲੋਕਾਂ ਨੂੰ ਗਰੀਬੀ ਰੇਖਾ ਤੋਂ ਥੱਲੇ ਪੁਚਾ ਦਿੱਤਾ ਹੈ। ਅੱਜ ਪੂਰੇ ਭਾਰਤ ਵਿੱਚ ਹਰ ਸਾਲ ਅੱਠ ਲੱਖ ਵਿਅਕਤੀ ਖੁਦਕੁਸੀ ਕਰ ਜਾਂਦੇ ਹਨ। ਜੇ ਕਿਤੇ ਇਹ ਲੋਕ ਹੀ ਆਪਣੇ ਜਥੇਬੰਦ ਹੋਕੇ ਕੇ ਮੈਦਾਨ ਵਿੱਚ ਆ ਨਿਤਰਣ ਤਾਂ ਸਾਡੇ ਦੇਸ਼ ਦੇ ਇਸ ਲੋਟੂ ਤਾਣੇ ਬਾਣੇ ਨੂੰ ਬਦਲਿਆ ਜਾ ਸਕਦਾ ਹੈ। ਇੱਕ ਪ੍ਰਿਤੂ ਵਲੋਂ ਲਾਈ ਇੱਕ ਚੰਗਿਆੜੀ, ਭਾਂਬੜ ਵੀ ਬਣ ਸਕਦੀ ਹੈ ਸੋ ਲੋੜ ਹੈ ਜਥੇਬੰਦਕ ਸੰਘਰਸ਼ਾਂ ਦੀ ਤਾਂ ਜੋ ਇਸ ਤਾਣੇ ਬਾਣੇ ਨੂੰ ਬਦਲ ਕੇ ਨਵੇਂ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

**-ਮੇਘ ਰਾਜ ਮਿੱਤਰ**

# ਆਓ ਟੂਣੇ ਟਾਮਣਾਂ ਵਿਰੋਧੀ ਬਿਲ ਨੂੰ ਪਾਸ ਕਰਵਾਉਣ ਦਾ ਯਤਨ ਕਰੀਏ

ਤਰਕਸ਼ੀਲ ਸੁਸਾਇਟੀ ਭਾਰਤ ਪਿਛਲੇ 29 ਵਰ੍ਹਿਆਂ ਤੋਂ ਲੋਕਾਂ ਨੂੰ ਅੰਧ ਵਿਸ਼ਵਾਸ਼ ਵਿਚੋਂ ਕੱਢਕੇ ਵਿਗਿਆਨਕ ਸੋਚ ਦੇ ਧਾਰਨੀ ਬਣਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਇਹ ਅੰਧ ਵਿਸ਼ਵਾਸ਼ ਸਾਡੀ ਤਰੱਕੀ ਦੇ ਰਾਹ ਵਿੱਚ ਰੋੜਾ ਹਨ। ਇਸ ਲਈ ਜੇ ਅਸੀਂ ਆਪਣੇ ਦੇਸ਼ ਨੂੰ ਦੂਸਰੇ ਦੇਸ਼ਾਂ ਦੇ ਹਾਣ ਦੇ ਬਣਾਉਣਾ ਚਾਹੁੰਦੇ ਹਾਂ ਤਾਂ ਲਾਜਮੀ ਤੌਰ ਤੇ ਸਾਡੇ ਲੋਕਾਂ ਨੂੰ ਅੰਧ ਵਿਸ਼ਵਾਸ਼ਾਂ ਤੋਂ ਮੁਕਤ ਕਰਨਾ ਹੀ ਪਵੇਗਾ। ਅੰਧ ਸ਼ਰਧਾ ਨਿਰਮੂਲਣ ਸੰਮਤੀ ਮਹਾਰਾਸ਼ਟਰ ਦੇ ਯਤਨਾਂ ਨਾਲ ਮਹਾਰਾਸ਼ਟਰ ਸਰਕਾਰ ਨੇ ਅੰਧ ਵਿਸ਼ਵਾਸ਼ਾਂ ਵਿਰੋਧੀ ਕਾਨੂੰਨ ਨੂੰ ਅਸੈਂਬਲੀ ਵਿੱਚ ਪਾਸ ਕਰ ਦਿੱਤਾ ਹੈ। ਜੇ ਦਿਲੋਂ ਚਾਹੁਣ ਤਾਂ ਸਰਕਾਰਾਂ ਇਸ ਸਬੰਧੀ ਵੱਡਾ ਰੋਲ ਅਦਾ ਕਰ ਸਕਦੀਆਂ ਹਨ।

ਪੰਜਾਬ ਸਰਕਾਰ ਤੋਂ ਅਜਿਹਾ ਬਿਲ ਪਾਸ ਕਰਵਾਉਣ ਲਈ ਮਹਾਰਾਸ਼ਟਰ ਦੀ ਤਰਜ ਤੇ ਪੰਜਾਬ ਦੀਆਂ ਹਾਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਇਸ ਬਿਲ ਦਾ ਇੱਕ ਮਸੌਦਾ ਤਿਆਰ ਕੀਤਾ ਹੈ। ਬਿਲ ਦਾ ਡ੍ਰਾਫਟ ਅਸੀਂ ਦੇ ਰਹੇ ਹਾਂ, ਅਸੀਂ ਇਹ ਮੰਗ ਕਰਦੇ ਹਾਂ ਡ੍ਰਾਫਟ ਬਿਲ ਵਿਚਲੀਆਂ ਗੱਲਾਂ ਅਨਸਾਰ ਅੰਧਵਿਸ਼ਵਾਸ ਫਲਾਉਣ ਵਾਲੇ ਵਿਅਕਤੀਆਂ ਤੇ ਪਾਬੰਦੀ ਲੱਗੇ ਅਤੇ ਅਜਿਹੇ ਵਿਅਕਤੀਆਂ ਖਿਲਾਫ਼ ਬਨਦੀ ਸਜ਼ਾ ਕਾਨੂੰਨ ਬਣਾਕੇ ਨਿਰਧਾਰਤ ਕੀਤੀ ਜਾਵੇ। ਅਸੀਂ ਇਹ ਮਸੌਦਾ ਪੰਜਾਬ ਵਿਧਾਨ ਸਭਾ ਦੇ ਪ੍ਰਤੀਨਿਧਾਂ ਨੂੰ ਭੇਜ ਰਹੇ ਹਾਂ ਅਤੇ ਉਹਨਾਂ ਨੂੰ ਬੇਨਤੀ ਕਰਦੇ ਹਾਂ ਕਿ ਇਸ ਮਸੌਦੇ ਨੂੰ ਪੰਜਾਬ ਵਿਧਾਨ ਸਭਾ ਵਿੱਚੋਂ ਪਾਸ ਕਰਵਾਉਣ ਲਈ ਤਰਕਸ਼ੀਲ ਸੁਸਾਇਟੀ ਭਾਰਤ ਦੀ ਮਦਦ ਕੀਤੀ ਜਾਵੇ, ਤਾਂ ਜੋ ਟੂਣੇ-ਟਾਮਣਾਂ ਵਿਰੋਧੀ ਇਹ ਮਸੌਦਾ ਬਿਲ ਦਾ ਰੂਪ ਅਖ਼ਤਿਆਰ ਕਰ ਸਕੇ ਤੇ ਆਮ ਲੋਕ ਅੰਧ-ਵਿਸਵਾਸ਼ਾਂ ਦੀ ਜਕੜ ਵਿੱਚੋਂ ਬਾਹਰ ਆ ਸਕਣ।

**ਡ੍ਰਾਫਟ ਬਿਲ**

1. ਭੂਤ ਭਜਾਉਣੇ ਜਾਂ ਕੱਢਣੇ।
2. ਚਮਤਕਾਰੀ ਸ਼ਕਤੀਆਂ ਦੇ ਡਰਾਵੇ ਨਾਲ ਟੂਣੇ ਟਾਮਣ ਕਰਨਾ।
3. ਭੂਤਾਂ ਨੂੰ ਕੱਢਣ ਲਈ ਸੁਆਹ ਦੀਆਂ ਪੁੜੀਆਂ, ਤਾਵੀਜ਼ ਦੇਣਾ, ਮੇਖਾਂ ਗਡਵਾਉਣਾ।
4. ਚਮਤਕਾਰੀ ਸ਼ਕਤੀਆਂ ਹੋਣ ਦਾ ਦਾਅਵਾ ਕਰਨਾ ਤੇ ਇਸ ਸਬੰਧੀ ਇਸ਼ਤਿਹਾਰ ਬਾਜੀ ਕਰਨਾ।
5. ਪਿਛਲੇ ਸਮੇਂ ਵਿੱਚ ਹੋਏ ਦੇਵੀ ਦੇਵਤਿਆਂ, ਸਾਧੂ ਸੰਤਾਂ ਦੇ ਅਵਤਾਰ ਹੋਣ ਦਾ ਦਾਅਵਾ ਕਰਕੇ ਉਹਨਾਂ ਨੂੰ ਬਦਨਾਮ ਕਰਨਾ ਤੇ ਲੋਕਾਂ ਨੂੰ ਇਸ ਬਹਾਨੇ ਠੱਗਣਾ।
6. ਬੁਰੀਆਂ ਜਾਂ ਚੰਗੀਆਂ ਰੂਹਾਂ ਵਾਲੀਆਂ ਚਮਤਕਾਰੀ ਸ਼ਕਤੀਆਂ ਹੋਣ ਦਾ ਦਾਅਵਾ ਕਰਨਾ।
7. ਭੂਤ ਕੱਢਣ ਦੇ ਬਹਾਨੇ ਮਾਨਸਿਕ ਰੋਗੀਆਂ ਨੂੰ ਤਸੀਹੇ ਤੇ ਸਜਾਵਾਂ ਦੇਣੀਆਂ।
8. ਕਾਲੇ ਇਲਮ ਦੇ ਪ੍ਰਚਾਰ ਨਾਲ ਆਮ ਲੋਕਾਂ ਵਿੱਚ ਡਰ ਪੈਦਾ ਕਰਨਾ।
9. ਮੁੰਡਾ ਪੈਦਾ ਕਰਨ ਲਈ ਸ਼ਰਤੀਆ ਦਵਾਈ ਦੇਣਾ, ਧਾਗੇ ਤਾਵੀਜ, ਸੇਬ, ਪਤਾਸੇ ਤੇ ਸੁਆਹ ਦੀਆਂ ਪੁੜੀਆਂ ਆਦਿ ਦੇਣਾ।
10. ਡਾਕਟਰੀ ਇਲਾਜ ਦਾ ਵਿਰੋਧ ਕਰਨਾ, ਲਾਈਲੱਗਾਂ ਨੂੰ ਸਾਧਾਂ ਸੰਤਾਂ ਕੋਲ ਭੇਜਣ ਲਈ ਉਤਸ਼ਾਹਤ ਕਰਨਾ।
11. ਮੁੰਗੇ, ਤਾਵੀਜ਼, ਰਾਖ, ਗੈਬੀ ਸ਼ਕਤੀ ਚੱਕਰ ਆਦਿ ਵੇਚਣਾ।
12. ਗੈਬੀ ਸ਼ਕਤੀਆਂ ਦੇ ਪ੍ਰਵੇਸ਼ ਕਰਨ ਦਾ ਦਾਅਵਾ ਕਰਕੇ ਲੋਕਾਂ ਨੂੰ ਇਸ ਹਾਲਤ ਵਿੱਚ ਦੱਸ ਪੁੱਛ ਕਰਨਾ।
13. ਦੇਵਤਿਆਂ ਤੇ ਪੀਰਾਂ ਨੂੰ ਖੁਸ਼ ਕਰਨ ਦੇ ਬਹਾਨੇ ਬੇਚਾਰੇ ਜਾਨਵਰਾਂ ਦੀ ਬਲੀ ਦੇਣਾ।
14. ਸੱਪ ਦੇ ਕੱਟੇ ਤੇ ਹਲਕੇ ਕੁੱਤੇ ਦਾ ਇਲਾਜ, ਟੂਣੇ ਟਾਮਣ ਤੇ ਮੰਤਰਾਂ ਦੇ ਉਚਾਰਣ ਨਾਲ ਕਰਨਾ।
15. ਸ਼ਰਤੀਆਂ ਬਾਂਝਪਣ ਨੂੰ ਦੂਰ ਕਰਨ ਲਈ ਤਾਵੀਜ ਤੇ ਰਾਖ ਆਦਿ ਦੇਣੇ।
16. ਇਸਤਰੀ ਪੁਰਸ਼ਾਂ ਦੇ ਮੁਠੀਕਰਨ ਤੇ ਵਸ਼ੀਕਰਨ ਦਾ ਦਾਅਵਾ ਕਰਨਾ।
17. ਮੁਠੀਕਰ, ਵਸ਼ੀਕਰਨ ਦੀ ਕਾਟ ਦਾ ਦਾਅਵਾ ਕਰਨਾ।
18. ਕਾਲੇ ਇਲਮ ਰਾਹੀਂ ਕਿਸੇ ਨੂੰ ਮੌਤ ਦੇ ਘਾਟ ਉਤਾਰਨ ਦਾ, ਸੌਂਕਣ ਤੇ ਦੁਸ਼ਮਣਾਂ ਨੂੰ ਤੜਫਾਉਣ ਦਾ, ਦੱਬਿਆ ਧਨ ਕਢਵਾਉਣ, ਪੱਥਰ ਦਿਲ ਮਹਿਬੂਬਾ ਨੂੰ ਪਿਘਲਾਉਣ ਦਾ ਅਤੇ ਮਨਚਾਹੀ ਸੰਤਾਨ ਪ੍ਰਾਪਤੀ ਦਾ ਦਾਅਵਾ ਕਰਨਾ।
19. ਆਪਣੇ ਸਰੀਰਾਂ ਨੂੰ ਦੁੱਖ ਪੁਚਾਉਣ ਵਾਲੀਆਂ, ਧੂੰਈਆਂ ਤਾਪਣਾ, ਸਰਦੀ ਦੇ ਮੌਸਮ ਵਿੱਚ 101 ਘੜੇ ਪਾਣੀ ਦੇ ਪਵਾਉਣੇ, ਇੱਕ ਟੰਗ ਤੇ ਸਾਲਾਂ ਬੱਧੀ ਖੜ੍ਹਾ ਹੋਣਾ।
20. ਬਲਦਾਂ, ਤੋਤਿਆਂ ਤੇ ਹੋਰ ਜਾਨਵਰਾਂ ਰਾਹੀਂ ਦੱਸ ਪੁੱਛ ਕਰਨ ਦਾ ਧੰਦਾ ਕਰਨਾ।

**ਵੱਲੋਂ: ਸੂਬਾ ਕਮੇਟੀ, ਤਰਕਸ਼ੀਲ ਸੁਸਾਇਟੀ ਭਾਰਤ (ਰਜਿ.)**
**ਸੰਪਰਕ ਪਤਾ: ਤਰਕਸ਼ੀਲ ਨਿਵਾਸ, ਗਲੀ ਨੰ: 8,**
**ਕੱਚਾ ਕਾਲਜ ਰੋਡ, ਬਰਨਾਲਾ, ਪੰਜਾਬ,**
**ਮਿਤੀ - 06-09-2013** **ਮੋਬਾ: 98887-87440**

**ਆਪਣੇ ਬੱਚਿਆਂ ਦੀ ਸੋਚ ਨੂੰ ਵਿਗਿਆਨਕ ਬਣਾਉਣ ਲਈ ਡਾ. ਜਤਿੰਦਰਪਾਲ ਦੁਆਰਾ ਲਿਖੀਆਂ ਹੇਠ ਲਿਖੀਆਂ ਕਿਤਾਬਾਂ ਜ਼ਰੂਰ ਪੜ੍ਹਾਓ**




ਕੁੱਲ ਕੀਮਤ
640/-

ਪੂਰੇ ਸੈੱਟ ਦੀ
ਡਿਸਕਾਊਂਟ ਕੀਮਤ
500/-

ਘਰ ਬੈਠੇ ਪੂਰਾ ਸੈੱਟ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744

## ਗ਼ਦਰ ਦੀ ਜਨਮ ਸ਼ਤਾਬਦੀ 'ਤੇ ਵਿਸ਼ੇਸ਼

# ਗ਼ਦਰ ਲਹਿਰ

ਅੰਗਰੇਜ਼ਾਂ ਨੇ 1850 ਵਿਚ ਪੰਜਾਬ ਵੀ ਕਬਜ਼ੇ ਵਿਚ ਕਰ ਲਿਆ ਸੀ। ਅੰਗਰੇਜ਼ੀ ਸਰਕਾਰ ਨੇ ਜ਼ਮੀਨੀ ਬੰਦੋਬਸਤ ਕਰਕੇ ਮਾਲੀਆ ਜਿਣਸ ਦੀ ਬਜਾਏ ਕਰੰਸੀ ਵਿਚ ਵਸੂਲਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਵੱਲੋਂ ਮਾਲੀਆਂ ਐਨਾ ਵਸੂਲਿਆ ਜਾਂਦਾ ਸੀ ਕਿ ਦੇਸ਼ ਦਾ ਕਿਸਾਨ ਕਰਜ਼ਈ ਹੋ ਗਿਆ ਅਤੇ ਉਸ ਕੋਲੋਂ ਜ਼ਮੀਨ ਖੁਸਣ ਲੱਗੀ। ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ ਸ਼ਾਹੂਕਾਰ ਅਤੇ ਜਾਗੀਰਦਾਰ, ਕਿਸਾਨਾਂ ਅਤੇ ਦਸਤਕਾਰਾਂ ਦਾ ਉਜਾੜਾ ਕਰਨ ਲੱਗੇ। ਪਲੇਗ ਅਤੇ ਕੁਦਰਤੀ ਆਫ਼ਤਾਂ ਦੀ ਮਾਰ ਵੀ ਲੋਕਾਂ ਨੂੰ ਭੁਗਤਣੀ ਪਈ। ਨਤੀਜੇ ਵਜੋਂ ਤੰਗੀ ਦੇ ਮਾਰੇ ਕਿਸਾਨ ਫ਼ੌਜ ਵਿਚ ਭਰਤੀ ਹੋਣ ਲੱਗੇ। ਅੰਗਰੇਜ਼ਾਂ ਨੇ ਪੰਜਾਬੀਆਂ ਨੂੰ ਫ਼ੌਜ ਵਿਚ ਭਰਤੀ ਕਰਕੇ ਚੀਨ, ਈਰਾਨ, ਅਫ਼ਗਾਨਿਸਤਾਨ, ਮਿਸਰ, ਬਰਮਾ ਤੇ ਸਿੰਘਾਪੁਰ ਆਦਿ ਦੇਸ਼ਾਂ 'ਤੇ ਕਬਜ਼ਾ ਕੀਤਾ। ਜੰਗਾਂ ਕਾਰਨ ਫ਼ੌਜ ਵੱਖ-ਵੱਖ ਦੇਸ਼ਾਂ ਵਿਚ ਗਈ। ਫੌਜੀਆਂ ਨੂੰ ਬਾਹਰਲੇ ਦੇਸ਼ਾਂ ਦਾ ਗਿਆਨ ਹੋਇਆ। ਮਲਾਇਆ, ਫਿਲਪੀਨ, ਚੀਨ ਨੂੰ ਜਾਣ ਮਗਰੋਂ ਪੰਜਾਬੀਆਂ ਨੇ ਅਮਰੀਕਾ ਅਤੇ ਕੈਨੇਡਾ ਵੱਲ ਮੂੰਹ ਕੀਤਾ।



19ਵੀਂ ਸਦੀ ਦੇ ਅਖੀਰ ਵਿਚ (ਲਗਭਗ 1880 ਦੇ ਨੇੜੇ) ਤੇ 20ਵੀਂ ਸਦੀ ਦੇ ਸ਼ੁਰੂ ਵਿਚ ਪੰਜਾਬੀ ਵਿਦੇਸ਼ਾਂ ਵਿਚ ਗਏ। ਇਨ੍ਹਾਂ ਖੁੱਲ੍ਹੇ ਸਮਾਜਾਂ ਵਿਚ ਜਾ ਕੇ ਉਨ੍ਹਾਂ ਨੂੰ ਆਜ਼ਾਦੀ, ਬਰਾਬਰੀ, ਗੁਲਾਮੀ ਦੇ ਅਰਥਾਂ ਦੀ ਸਮਝ ਆਈ। ਕੈਨੇਡਾ ਵਿਚ ਸਰਕਾਰ ਦੀਆਂ ਪਰਵਾਸੀ ਵਿਰੋਧੀ ਨੀਤੀਆਂ ਦੇ ਵਿਰੁੱਧ ਸੰਘਰਸ਼ ਉਭਰਨ ਲੱਗਾ। ਅਧਿਕਾਰਾਂ ਦੀ ਰਾਖੀ ਲਈ ਸੰਗਠਨ ਬਣੇ। ਪੰਜਾਬੀ ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਹੋਰ ਦੇਸ਼ਾਂ ਵਿਚ ਮਿਹਨਤ ਮੁਸ਼ੱਕਤ ਕਰਨ ਅਤੇ ਰੋਜ਼ੀ ਕਮਾਉਣ ਗਏ ਸਨ। ਇਨ੍ਹਾਂ ਦੇਸ਼ਾਂ ਵਿਚ ਜੰਗਲ ਕੱਟਦੇ ਅਤੇ ਜ਼ਮੀਨਾਂ ਪੱਧਰੀਆਂ ਕਰਦੇ। ਉਥੋਂ ਦੇ ਸਮਾਜਾਂ ਵਿਚ ਇਨ੍ਹਾਂ ਨੂੰ ਜ਼ਲੀਲ ਕੀਤਾ ਗਿਆ। ਇਸ ਵਕਤ ਹੀ ਇਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਹੋਇਆ। ਇਨ੍ਹਾਂ ਦੇਸ਼ਾਂ ਵਿਚ ਡਟੇ ਰਹਿਣ, ਹੱਕਾਂ ਲਈ ਲੜਾਈ ਅਤੇ ਮੁਲਕ ਦੀ ਗੁਲਾਮੀ ਦੂਰ ਕਰਨ ਦੇ ਸੰਕਲਪ ਨੇ ਗ਼ਦਰ ਲਹਿਰ ਨੂੰ ਜਨਮ ਦਿੱਤਾ। ਜ਼ਿੰਦਗੀ ਦੀ ਜੱਦੋ-ਜਹਿਦ ਨੇ ਉਨ੍ਹਾਂ ਨੂੰ ਜਥੇਬੰਦ ਹੋਣ ਲਈ ਮਜ਼ਬੂਰ ਕੀਤਾ।

21 ਅਪ੍ਰੈਲ 1913 ਨੂੰ ਅਸਟੋਰੀਆ (ਅਮਰੀਕਾ) ਵਿਖੇ ਭਾਰਤੀ ਪ੍ਰਵਾਸੀਆਂ ਨੇ 'ਹਿੰਦੀ ਐਸੋਸੀਏਸ਼ਨ ਔਫ ਪੈਸਿਫ਼ਿਕ ਕੋਸਟ' ਕਾਇਮ ਕਰ ਲਈ। ਇਹ ਐਸੋਸੀਏਸ਼ਨ ਬਾਅਦ ਵਿਚ 'ਹਿੰਦੁਸਤਾਨ ਗ਼ਦਰ ਪਾਰਟੀ' ਦੇ ਨਾਂ ਨਾਲ ਮਸ਼ਹੂਰ ਹੋਈ। ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ, ਲਾਲਾ ਹਰਦਿਆਲ ਜਨਰਲ ਸਕੱਤਰ, ਪੰਡਤ ਕਾਂਸ਼ੀ ਰਾਮ ਮੜੌਲੀ ਖ਼ਜਾਨਚੀ ਅਤੇ ਭਾਈ ਸੰਤੋਖ ਸਿੰਘ ਐਗਜੈਕਟਿਵ ਕਮੇਟੀ ਦੇ ਮੈਂਬਰ ਚੁਣੇ ਗਏ। ਨਵੰਬਰ 1913 ਵਿਚ ਪਾਰਟੀ ਨੇ 'ਗ਼ਦਰ' ਨਾਂ ਦਾ ਸਾਈਕਲੋਸਟਾਇਲ ਪਰਚਾ ਪੰਜਾਬੀ ਭਾਸ਼ਾ ਵਿਚ ਕੱਢਿਆ। 10 ਦਿਨ ਬਾਅਦ ਉਰਦੂ ਭਾਸ਼ਾ ਵਿਚ ਵੀ ਕੱਢਣਾ ਸ਼ੁਰੂ ਕੀਤਾ। ਫੇਰ ਗੁਜਰਾਤੀ ਅਤੇ ਹਿੰਦੀ ਵਿਚ ਵੀ ਲਾਲਾ ਹਰਦਿਆਲ 'ਗ਼ਦਰ' ਦੇ ਮੁੱਖ ਸੰਪਾਦਕ ਸਨ। ਇਹ ਪਰਚਾ ਜਨਵਰੀ 1914 ਤੋਂ ਹਫ਼ਤਾਵਾਰੀ ਛਪਣ ਲੱਗਾ। 8 ਭਾਸ਼ਾਵਾਂ ਵਿਚ ਛਪਦਾ ਰਿਹਾ। ਇਸ ਅਖ਼ਬਾਰ ਦੇ ਪੰਜਾਬੀ ਭਾਗ ਦੇ ਸੰਪਾਦਕ ਕਰਤਾਰ ਸਿੰਘ ਸਰਾਭਾ ਸਨ। ਗ਼ਦਰੀਆਂ ਨੇ ਪਾਰਟੀ ਦਾ ਨਾਂ 1857 ਦੇ ਗ਼ਦਰ ਤੋਂ ਪ੍ਰਭਾਵਤ ਹੋ ਕੇ ਰੱਖਿਆ ਸੀ ਗ਼ਦਰ ਪੰਜਾਬੀਆਂ ਦਾ ਹੀ ਨਹੀਂ ਸਗੋਂ ਉਸ ਸਮੇਂ ਭਾਰਤੀਆਂ ਦਾ ਅੰਤਰ-ਰਾਸ਼ਟਰੀ ਪੱਤਰ ਸੀ। ਇਸ ਨੂੰ ਬੜੀ ਮਿਸ਼ਨਰੀ ਸਪਿਰਟ ਨਾਲ ਵਿਦੇਸ਼ਾਂ ਵਿਚ ਬੈਠੇ ਪਾਠਕਾਂ ਕੋਲ ਪੁੱਜਦਾ ਕੀਤਾ ਜਾਂਦਾ ਸੀ। ਗ਼ਦਰ ਦੀ ਪ੍ਰਕਾਸ਼ਨਾ ਇੱਕ ਇਨਕਲਾਬੀ ਇਤਿਹਾਸਕ ਘਟਨਾ ਸੀ। ਗ਼ਦਰ ਦਾ ਮੰਤਵ-ਭਾਰਤ ਵਿਚ ਹਥਿਆਰਬੰਦ ਇਨਕਲਾਬ ਕਰਕੇ ਜਮਹੂਰੀ ਰਾਜ ਪ੍ਰਬੰਧ ਕਾਇਮ ਕਰਨਾ ਸੀ। ਜਥੇਬੰਦੀ ਦੇ ਵਿਧਾਨ ਵਿਚ ਮਜ਼੍ਹਬ ਨੂੰ ਨਿੱਜੀ ਮਾਮਲੇ ਵਜੋਂ ਦਰਜ ਕੀਤਾ ਗਿਆ। ਛੂਆਛਾਤ ਅਤੇ ਜਾਤ-ਪਾਤ ਵਿਚ ਵਿਸ਼ਵਾਸ ਰੱਖਣ ਵਾਲੇ ਦੀ ਮੈਂਬਰੀ 'ਤੇ ਰੋਕ ਲਾਈ ਗਈ। ਗ਼ਦਰ ਪਾਰਟੀ ਦੇ ਮੈਂਬਰ ਇੱਕ ਠੋਸ ਅਤੇ ਸਾਫ਼ ਰਾਜਸੀ ਵਿਚਾਰਧਾਰਾ ਲੈ ਕੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਵਿਦੇਸ਼ਾਂ ਤੋਂ ਵਾਪਸ ਆਏ। 1914 ਵਿਚ ਲਾਲਾ ਹਰਦਿਆਲ ਨੂੰ ਅਮਰੀਕਾ ਸਰਕਾਰ ਵੱਲੋਂ ਦੇਸ਼ ਛੱਡ ਜਾਣ ਦਾ ਹੁਕਮ ਹੋਇਆ। ਉਨ੍ਹਾਂ ਪਿੱਛੋਂ ਭਾਈ ਸੰਤੋਖ ਸਿੰਘ ਨੂੰ ਪਾਰਟੀ ਦੇ ਜਨਰਲ ਸਕੱਤਰ ਅਤੇ ਗ਼ਦਰ ਦੇ ਸੰਪਾਦਕੀ ਬੋਰਡ ਦੀ ਡਿਊਟੀ ਨਿਭਾਉਣੀ ਪਈ। ਗ਼ਦਰ ਪਾਰਟੀ ਨੇ ਆਪਣੀ ਯੋਜਨਾ ਮੁਤਾਬਕ ਗ਼ਦਰ ਕਰ ਦਿੱਤਾ। ਗ਼ਦਰ ਪਾਰਟੀ ਦਾ ਇਹ ਫਰਵਰੀ 1915 ਦਾ ਗ਼ਦਰ ਕਈ ਕਾਰਨਾਂ ਕਰਕੇ ਸਫ਼ਲ ਨਾ ਹੋ ਸਕਿਆ। ਪਰ ਆਗੂਆਂ ਦੀਆਂ ਕੁਰਬਾਨੀਆਂ, ਸ਼ਹਾਦਤਾਂ, ਤਸ਼ੱਦਦ ਅਤੇ ਤਿਆਗ ਭਾਰਤੀ ਦੇਸ਼ ਭਗਤਾਂ ਉਪਰ ਇੱਕ ਅਮਿਟ ਪ੍ਰਭਾਵ ਪਾ ਗਿਆ। ਗ਼ਦਰ ਲਹਿਰ ਨੇ ਭਾਰਤੀ ਸਿਆਸਤ ਵਿਚ ਅਤੇ ਕੌਮੀ ਮੁਕਤੀ ਘੋਲ ਵਿਚ ਇਤਿਹਾਸਕ ਅਤੇ ਬੁਨਿਆਦੀ ਯੋਗਦਾਨ ਪਾਇਆ। ਉਨ੍ਹਾਂ ਨੇ ਸੱਚੇ ਖਰ੍ਹੇ ਅਤੇ ਅਸਲੀ ਕੌਮਵਾਦ ਦੇ ਸੰਕਲਪ ਨੂੰ ਘੜਿਆ ਅਤੇ ਲਾਗੂ ਕੀਤਾ। ਗ਼ਦਰ, ਲਹਿਰ ਬਾਰੇ ਉਭਰੀਆਂ ਧਾਰਨਾਵਾਂ ਇਸ ਤਰ੍ਹਾਂ ਹਨ :-

(ੳ) ਪਹਿਲੀ ਧਾਰਨਾ :- ਉਨ੍ਹਾਂ ਨੇ ਅੰਗਰੇਜ਼ੀ ਰਾਜ ਅਤੇ ਉਨ੍ਹਾਂ ਦੇ ਪਿੱਠੂਆਂ ਦੇ ਰਾਜ ਮੁਕੰਮਲ ਖਾਤਮੇ ਦਾ ਨਾਅਰਾ ਦਿੱਤਾ।

(ਅ) ਦੂਜੀ ਧਾਰਨਾ :- ਧਰਮ ਨਿਰਪੱਖਤਾ।

(ੲ) ਤੀਜੀ ਧਾਰਨਾ :- ਜਾਤ-ਪਾਤ ਦਾ ਖੰਡਨ ਕਰਨਾ।

(ਸ) ਚੌਥੀ ਧਾਰਨਾ :- ਹਥਿਆਰਬੰਦ ਸੰਘਰਸ਼ ਦਾ ਸੰਕਲਪ ਲਿਆਂਦਾ।

(ੲ) ਪੰਜਵੀਂ ਧਾਰਨਾ :- ਕੌਮਾਂਤਰੀਵਾਦ ਜਿਸ ਤਹਿਤ ਉਹ ਦੁਨੀਆਂ ਭਰ ਦੇ ਕੌਮਪ੍ਰਸਤਾਂ ਅਤੇ ਦੇਸ਼ ਭਗਤਾਂ ਨਾਲ ਇੱਕਮੁੱਠਤਾ ਪੈਦਾ ਕਰਨ ਦਾ ਕਾਰਨ ਕਰਦੇ ਸਨ।

(ਕ) ਛੇਵੀਂ ਧਾਰਨਾ :- ਸੁਧਾਰਵਾਦ ਅਤੇ ਕਾਨੂੰਨਵਾਦ ਦਾ ਖੰਡਨ ਕਰਨਾ ਸੀ। ਭਾਵੇਂ ਸੁਧਾਰਾਂ ਲਈ ਉਹ ਕਾਨੂੰਨੀ ਘੋਲਾਂ ਦੀ ਵਰਤੋਂ ਦੇ ਪੱਖ ਵਿਚ ਵੀ ਸਨ। ਪਰ ਸਾਰੀ ਤਾਕਤ ਅਤੇ ਵਿਉਂਤਬੰਦੀ ਇਨ੍ਹਾਂ ਸੁਧਾਰਾਂ ਦੁਆਲ਼ੇ ਹੀ ਕੇਂਦਰਤ ਨਹੀਂ ਕਰਨਾ ਚਾਹੁੰਦੇ ਸਨ। ਉਨ੍ਹਾਂ ਦੀ ਵਿਉਂਤਬੰਦੀ ਅਤੇ ਤਿਆਰੀ ਦਾ ਕੇਂਦਰੀ ਬਿੰਦੂ ਹਥਿਆਰਬੰਦ ਸੰਘਰਸ਼ ਹੀ ਸੀ।

ਇਹ ਧਾਰਨਾਵਾਂ ਅੱਜ ਵੀ ਇਨਕਲਾਬੀ ਜਮਹੂਰੀ ਲਹਿਰ ਲਈ ਪ੍ਰਸੰਗਕ ਹਨ।

**ਅਜਮੇਰ ਸਿੱਧੂ**

ਪਹਿਲਾਂ ਗ਼ਦਰ ਪਾਰਟੀ ਫਰਾਂਸ ਦੇ ਇਨਕਲਾਬ ਦੇ ਅਸੂਲਾਂ (ਆਜ਼ਾਦੀ, ਬਰਾਬਰੀ ਅਤੇ ਭਰੱਪਣ) ਤੋਂ ਸੇਧ ਲੈਂਦੀ ਸੀ। ਅਕਤੂਬਰ 1917 ਦੇ ਰੂਸੀ ਇਨਕਲਾਬ ਪਿੱਛੋਂ ਗ਼ਦਰੀ ਸਿਆਸਤ ਵਿੱਚ ਤਿੱਖਾ ਮੋੜ ਆਇਆ। ਗ਼ਦਰ ਪਾਰਟੀ ਦੇ 1914-16 ਦੇ ਅਸਫ਼ਲ ਗ਼ਦਰ ਅਤੇ ਰੂਸ ਦੇ ਸਫ਼ਲ ਇਨਕਲਾਬ ਤੋਂ ਦਰੁਸਤ ਨਤੀਜਾ ਕੱਢਿਆ ਕਿ ਗ਼ਦਰ ਪਾਰਟੀ ਵੀ ਵਿਗਿਆਨਕ ਸਮਾਜਵਾਦ ਦੀ ਵਿਚਾਰਧਾਰਾ ਨੂੰ ਅਪਨਾਵੇ। ਗ਼ਦਰ ਪਾਰਟੀ ਨੂੰ ਮੁੜ 1919 ਵਿੱਚ ਜਥੇਬੰਦ ਕੀਤਾ ਗਿਆ। ਪ੍ਰਧਾਨ ਭਾਈ ਰਤਨ ਸਿੰਘ ਰਾਏਪੁਰ ਡੱਬਾ, ਜਨਰਲ ਸਕੱਤਰ ਭਾਈ ਸੰਤੋਖ ਸਿੰਘ ਧਰਦਿਓ ਨੂੰ ਚੁਣਿਆ ਗਿਆ। ਗ਼ਦਰ ਪਾਰਟੀ ਵਿੱਚ ਪਈ ਫੁੱਟ ਨੂੰ ਦੂਰ ਕਰਕੇ ਪਾਰਟੀ ਕਾਰਕੁਨਾਂ ਨੂੰ ਸਰਗਰਮੀ ਵਿੱਚ ਪਾਇਆ। ਵੱਖ-ਵੱਖ ਦੇਸ਼ਾਂ ਦੀਆਂ ਬ੍ਰਾਂਚਾਂ ਨੂੰ ਮੁੜ ਸੰਗਠਤ ਕੀਤਾ। ਗ਼ਦਰ ਪਾਰਟੀ ਨੂੰ ਮਾਰਕਸਵਾਦੀ ਵਿਚਾਰਧਾਰਾ ਨੂੰ ਏਜੰਡਾ ਬਣਾ ਕੇ ਨਵਾਂ ਪ੍ਰੋਗਰਾਮ

ਉਲੀਕਿਆ। ਇਸਦੇ ਪ੍ਰਚਾਰ ਲਈ ਸਤੰਬ 1920 ਵਿੱਚ ਸਾਨਫਰਾਂਸਿਸਕੋ ਤੋਂ ਅੰਗਰੇਜ਼ੀ ਰਸਾਲਾ 'ਇੰਡੀਪੈਂਡੈਂਟ ਹਿੰਦੁਸਤਾਨ' ਪ੍ਰਕਾਸ਼ਤ ਕੀਤਾ। ਇਹ ਪਰਚਾ ਜਮਹੂਰੀ ਇਨਕਲਾਬ ਦੀ ਵਿਚਾਰਧਾਰਾ ਨੂੰ ਸਮਰਪਿਤ ਸੀ। ਮੌਲਾਨਾ ਬਰਕਤ ਉੱਲਾ ਰੂਸ ਪੁੱਜਣ ਵਾਲੇ ਪਹਿਲੇ ਗ਼ਦਰੀ ਸਨ।

ਪਾਰਟੀ ਦੇ ਹੁਕਮ 'ਤੇ ਭਾਈ ਸੰਤੋਖ ਸਿੰਘ ਕਮਿਊਨਿਸਟ ਪ੍ਰਬੰਧ ਨੂੰ ਅੱਖੀਂ ਦੇਖਣ ਲਈ ਅਗਸਤ 1922 ਵਿੱਚ ਕੈਲੇਫੋਰਨੀਆਂ ਤੋਂ ਨਿਊਯਾਰਕ ਰਾਹੀਂ ਰੂਸ ਗਏ। ਰੂਸੀ ਅਧਿਕਾਰੀਆਂ ਅਤੇ ਆਗੂਆਂ ਨਾਲ ਉਨ੍ਹਾਂ ਦਾ ਸੰਪਰਕ ਅਮਰੀਕਾ ਦੀ ਕਮਿਊਨਿਸਟ ਪਾਰਟੀ ਦੇ ਕਾਰਜਕਾਰੀ ਸਕੱਤਰ ਐੱਲ. ਸੀ. ਵੀਟ ਦੇ ਖ਼ਤ ਰਾਹੀਂ ਹੋਇਆ। ਉਹ ਦੋਨੋਂ 24 ਸਤੰਬਰ 1922 ਨੂੰ ਰੂਸ ਦੀ ਰਾਜਧਾਨੀ ਮਾਸਕੋ ਪੁੱਜੇ। ਉੱਥੇ ਲਗਭਗ ਅੱਠ ਮਹੀਨੇ ਰਹੇ। ਮਾਸਕੋ ਵਿੱਚ 5 ਨਵੰਬਰ 1922 ਤੋਂ 5 ਦਸੰਬਰ 1922 ਤੱਕ ਹੋਈ ਤੀਜੀ ਕੌਮਾਂਤਰੀ ਦੀ ਚੌਥੀ ਕਾਂਗਰਸ ਵਿੱਚ ਸ਼ਾਮਲ ਹੋਏ। ਇੱਥੇ ਉਹ ਕੌਮਿਨਟਰਨ ਦੇ ਸੈਕਟਰੀ ਜਨਰਲ ਜ਼ਿਨੋਵੇਵ, ਰੂਸੀ ਲੀਡਰਾਂ ਅਤੇ ਵੱਖ-ਵੱਖ ਦੇਸ਼ਾਂ ਦੇ ਕਮਿਊਨਿਸਟ ਲੀਡਰਾਂ ਨੂੰ ਮਿਲੇ। ਇਸ ਕਾਂਗਰਸ ਵਿੱਚ ਫ਼ੈਸਲਾ ਹੋਇਆ ਕਿ ਗੁਲਾਮ ਦੇਸ਼ਾਂ ਦੇ ਕੌਮੀ ਆਜ਼ਾਦੀ ਦੇ ਸੰਘਰਸ਼ ਨੂੰ ਤੇਜ਼ ਕਰਨ ਲਈ ਕਮਿਊਨਿਸਟ ਪਾਰਟੀਆਂ ਬਣਾਈਆਂ ਜਾਣ। ਦੋਨਾਂ ਆਗੂਆਂ ਨੇ ਈਸਟਰਨ ਯੂਨੀਵਰਸਿਟੀ ਮਾਸਕੋ ਤੋਂ ਮਾਰਕਸਵਾਦ-ਲੈਨਿਨਵਾਦ ਦੀ ਪੜ੍ਹਾਈ ਵੀ ਕੀਤੀ। ਉਹ ਦੱਬੇ ਕੁਚਲੇ ਲੋਕਾਂ ਦਾ ਰਾਜ ਅਤੇ ਮਨੁੱਖ ਦੇ ਲੁੱਟ ਰਹਿਤ ਢਾਂਚੇ ਵਾਲੇ ਮਾਡਲ ਤੋਂ ਬੜਾ ਪ੍ਰਭਾਵਤ ਹੋਏ। ਉਨ੍ਹਾਂ ਸੋਵੀਅਤ ਯੂਨੀਅਨ ਦੇ ਨਮੂਨੇ ਦਾ ਰਾਜਨੀਤਕ ਢਾਂਚਾ ਕਾਇਮ ਕਰਨ ਦਾ ਫ਼ੈਸਲਾ ਲਿਆ। ਉਨ੍ਹਾਂ ਦੱਬੇ ਕੁਚਲੇ ਮਜ਼ਦੂਰਾਂ ਦਾ ਰਾਜ ਕਾਇਮ ਕਰਨ ਲਈ ਮਜ਼ਦੂਰਾਂ, ਕਿਸਾਨਾਂ ਅਤੇ ਕੌਮਪ੍ਰਸਤ ਤਾਕਤਾਂ ਦਾ ਜਥੇਬੰਦਕ ਮੋਰਚਾ ਬਣਾਉਣ ਦਾ ਰਾਹ ਕੱਢਿਆ।

ਇਹ ਦੋਨੋਂ ਆਗੂ ਮਈ 1923 ਨੂੰ ਰੂਸ ਤੋਂ ਚੱਲ ਪਏ। ਗੁਰਮੁਖ ਸਿੰਘ ਲਲਤੋਂ ਅਤੇ ਊਧਮ ਸਿੰਘ ਕਸੇਲ ਨੇ ਕਾਬਲ (ਅਫ਼ਗਾਨਿਸਤਾਨ) ਵਿੱਚ ਗ਼ਦਰ ਪਾਰਟੀ ਦਾ ਕੇਂਦਰ ਕਾਇਮ ਕੀਤਾ ਹੋਇਆ ਸੀ। ਦੋਹਾਂ ਦੀ ਮੀਟਿੰਗ ਹੋਈ। ਉਨ੍ਹਾਂ ਪਹਿਲੇ ਗ਼ਦਰ ਦੇ ਫ਼ੇਲ੍ਹ ਹੋਣ ਦਾ ਕਾਰਨ ਉਨ੍ਹਾਂ ਕੋਲ ਕੋਈ ਠੋਸ ਰਾਜਨੀਤਕ ਵਿਚਾਰਧਾਰਾ ਦਾ ਨਾ ਹੋਣਾ ਲੋਕਾਂ ਵਿੱਚ ਰਾਜਨੀਤਕ ਚੇਤਨਾ ਦੀ ਘਾਟ ਨੂੰ ਮੰਨਿਆ। ਹਥਿਆਰਬੰਦ ਇਨਕਲਾਬ ਕਰਨ ਤੋਂ ਪਹਿਲਾਂ ਹਿੰਦੁਸਤਾਨ ਵਿੱਚ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਵਾਲੀ ਪਾਰਟੀ ਬਣਾਉਣ ਦੀ ਲੋੜ ਮਹਿਸੂਸ ਕੀਤੀ ਗਈ। ਲੋਕਾਂ ਨੂੰ ਰਾਜਨੀਤਕ ਤੌਰ 'ਤੇ ਚੇਤਨ ਕਰਨ 'ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਹੇਠ ਲਿਖੇ ਫ਼ੈਸਲੇ ਲਏ:-

1. ਅਖਬਾਰ ਕੱਢਣਾ 2. ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ 3. ਕਿਰਤੀ ਕਿਸਾਨਾਂ ਦੀ ਪਾਰਟੀ ਬਣਾਉਣਾ।

ਇਸ ਕੰਮ ਲਈ ਊਧਮ ਸਿੰਘ ਕਸੇਲ ਨੂੰ ਅਫ਼ਗਾਨਿਸਤਾਨ ਅਤੇ ਹਿੰਦੁਸਤਾਨ ਵਿਚਕਾਰ ਤਾਲਮੇਲ ਰੱਖਣ, ਗੁਰਮੁਖ ਸਿੰਘ ਲਲਤੋਂ ਨੂੰ ਅਫ਼ਗਾਨਿਸਤਾਨ ਵਿਚਲੇ ਰੂਸੀ ਸਫ਼ੀਰ ਨਾਲ ਤਾਲਮੇਲ ਰੱਖਣ, ਭਾਈ ਸੰਤੋਖ ਸਿੰਘ ਨੂੰ ਪੰਜਾਬ ਵਿੱਚ ਅਖ਼ਬਾਰ ਕੱਢਣ ਅਤੇ ਭਾਈ ਰਤਨ ਸਿੰਘ ਨੂੰ ਵੱਖ ਵੱਖ ਦੇਸ਼ਾਂ 'ਚ ਗ਼ਦਰੀਆਂ ਦੀਆਂ ਬਰਾਂਚਾਂ ਨਾਲ ਤਾਲਮੇਲ ਕਰਕੇ ਉਹਨਾਂ ਨੂੰ ਮਾਰਕਸਵਾਦ ਦੀ ਪੜ੍ਹਾਈ ਲਈ ਰੂਸ ਭੇਜਣ ਅਤੇ ਗ਼ਦਰ ਪਾਰਟੀ ਨੂੰ ਕਮਿਊਨਿਸਟ ਲੀਹਾਂ 'ਤੇ ਜਥੇਬੰਦ ਕਰਨ ਦੀਆਂ ਡਿਊਟੀਆਂ ਵੰਡੀਆਂ ਗਈਆਂ। ਭਾਈ ਸੰਤੋਖ ਸਿੰਘ ਭਾਰਤ ਅੰਦਰ ਦਾਖ਼ਲੇ ਸਮੇਂ ਸਤੰਬਰ 1923 ਵਿੱਚ ਗ੍ਰਿਫ਼ਤਾਰ ਹੋ ਗਏ। ਉਨ੍ਹਾਂ ਨੂੰ ਪਿੰਡ ਧਰਦਿਓ (ਜ਼ਿਲ੍ਹਾਂ ਅੰਮ੍ਰਿਤਸਰ) ਵਿੱਚ ਜੂਹ-ਬੰਦ ਕਰ ਦਿੱਤਾ। ਰਿਹਾਈ ਉਪਰੰਤ 1926 ਵਿੱਚ ਉਨ੍ਹਾਂ ਡਾ. ਭਾਗ ਸਿੰਘ ਕੈਨੇਡੀਅਨ ਅਤੇ ਕਰਮ ਸਿੰਘ ਚੀਮਾ ਸਿੰਘ ਨਾਲ ਮਿਲ ਕੇ 'ਕਿਰਤੀ' ਰਸਾਲੇ ਦੀ ਨੀਂਹ ਰੱਖੀ। 'ਕਿਰਤੀ' ਦਾ ਪਹਿਲਾਂ ਅੰਕ 19 ਫਰਵਰੀ 1926 ਵਿੱਚ ਨਿਕਲਿਆ। 'ਕਿਰਤੀ' ਦਾ ਜ਼ੋਰ ਦੇਸ਼ ਅਤੇ ਵਿਦੇਸ਼ ਵਿੱਚ ਚਲ ਰਹੀਆਂ ਮਜ਼ਦੂਰ ਲਹਿਰਾਂ ਬਾਰੇ ਪੰਜਾਬੀਆਂ ਨੂੰ ਗਿਆਤ ਕਰਾਉਣ ਵੱਲ ਸੀ। ਭਾਈ ਸੰਤੋਖ ਸਿੰਘ ਦੀ ਮਈ 1927 ਵਿੱਚ ਮੌਤ ਹੋ ਗਈ। ਉਨ੍ਹਾਂ ਦੀ ਮੌਤ ਪਿੱਛੋਂ 'ਕਿਰਤੀ' ਦਾ ਸੰਪਾਦਕ ਸੋਹਣ ਸਿੰਘ ਜੋਸ਼ ਨੂੰ ਬਣਾ ਦਿੱਤਾ ਗਿਆ। 'ਕਿਰਤੀ' ਪੂਰਨ ਆਜ਼ਾਦੀ ਅਤੇ ਸਮਾਜਵਾਦੀ ਵਿਚਾਰਾਂ ਦਾ ਪ੍ਰਚਾਰ ਕਰਨ ਵਾਲਾ ਪੰਜਾਬੀ ਦਾ ਪਹਿਲਾਂ ਪਰਚਾ ਸੀ। ਇਸ ਵਿਚਾਰਧਾਰਕ ਕੇਂਦਰ ਨੂੰ ਖੜ੍ਹਾ ਕਰਨ ਲਈ ਪੰਜਾਬ ਦੇ ਇਨਕਲਾਬੀਆਂ ਨੂੰ ਅਨੇਕਾਂ ਮੁਸ਼ਕਲਾਂ ਵਿਚੋਂ ਗੁਜ਼ਰਨਾ ਪਿਆ।

ਕਾਬਲ ਵਾਲੀ ਮੀਟਿੰਗ ਤੋਂ ਬਾਅਦ ਭਾਈ ਰਤਨ ਸਿੰਘ ਅਫ਼ਗਾਨਿਸਤਾਨ ਤੋਂ ਤੁਰਕੀ ਦੇ ਸ਼ਹਿਰ ਇਸਤਨਬੁਲ ਤੇਜਾ ਸਿੰਘ ਸੁਤੰਤਰ ਕੋਲ ਪੁੱਜੇ। ਸੁਤੰਤਰ (1924 ਤੋਂ 1929 ਤੱਕ) ਤੁਰਕੀ ਦੀ ਫ਼ੌਜੀ ਅਕੈਡਮੀ ਤੋਂ ਮਿਲਟਰੀ ਗਰੈਜੂਏਟ ਬਣਕੇ ਫ਼ੌਜੀ ਟ੍ਰੇਨਿੰਗ ਲੈ ਰਿਹਾ ਸੀ। ਭਾਈ ਰਤਨ ਸਿੰਘ ਨੇ ਗ਼ਦਰ ਦੇ ਹੈਡਕੁਆਟਰ ਰਾਹੀਂ ਸਾਰੀਆਂ ਬਰਾਂਚਾਂ ਨਾਲ ਸੰਪਰਕ ਕੀਤਾ। ਯੂਰਪ ਵਿੱਚ ਦੁਬਾਰਾ ਸਰਗਰਮੀਆਂ ਸ਼ੁਰੂ ਹੋ ਗਈਆਂ। ਫੰਡ ਇਕੱਠਾ ਕਰਕੇ ਰੁਪਏ ਦੇਸ਼ ਭਗਤ ਕੈਦੀ ਪਰਿਵਾਰ ਸਹਾਇਕ ਕਮੇਟੀ ਅਤੇ 'ਕਿਰਤੀ' ਲਈ ਭਾਰਤ ਭੇਜਣੇ ਸ਼ੁਰੂ ਕੀਤੇ। ਕਮਿਊਨਿਜ਼ਮ ਦੀ ਪੜ੍ਹਾਈ ਲਈ ਜਥੇ ਈਸਟਰਨ ਯੂਨੀਵਰਸਿਟੀ ਮਾਸਕੋ ਭੇਜੇ ਜਾਣ ਲੱਗੇ। 1926 ਦੇ ਸ਼ੁਰੂ ਵਿੱਚ ਕੈਲੇਫੋਰਨੀਆਂ ਤੋਂ ਪੰਜ ਗਦਰੀਆਂ ਦਾ ਪਹਿਲਾਂ ਜਥਾ (ਹਰਜਾਪ ਸਿੰਘ ਮਾਹਿਲਪੁਰ, ਸੰਤਾ ਸਿੰਘ ਗੰਡੀਵਿੰਡ, ਪ੍ਰੀਤਮ ਸਿੰਘ ਕਸੇਲ, ਕਰਮ ਸਿੰਘ ਧੂਤ ਅਤੇ ਪ੍ਰੇਮ ਸਿੰਘ ਚੂੜ੍ਹਚੱਕ) ਗਿਆ। ਗ਼ਦਰੀ ਜਥਿਆਂ ਨੂੰ ਸੁਰੱਖਿਅਤ ਮਾਸਕੋ ਪਹੁੰਚਾਉਣ ਦੀ ਜ਼ੁੰਮੇਵਾਰੀ ਭਾਈ ਰਤਨ ਸਿੰਘ ਦੀ ਹੁੰਦੀ ਸੀ। ਉਨ੍ਹਾਂ ਦੇ ਅਮਰੀਕਾ ਅਤੇ ਜਰਮਨ ਦੀਆਂ ਕਮਿਊਨਿਸਟ ਪਾਰਟੀਆਂ ਨਾਲ ਗੂੜ੍ਹੇ ਸਬੰਧ ਸਨ। ਇਹ ਭਾਈ ਰਤਨ ਸਿੰਘ ਰਾਹੀਂ ਗ਼ਦਰੀ ਪਾਰਟੀ ਦੀ ਬੜੀ ਮਦਦ ਕਰਦੀਆਂ। ਜਹਾਜ਼ ਚੜ੍ਹਨ ਅਤੇ ਉਤਰਨ ਵਾਲੀਆਂ ਬੰਦਰਗਾਹਾਂ 'ਤੇ ਭਾਈ ਰਤਨ ਸਿੰਘ ਹਾਜ਼ਰ ਹੁੰਦੇ। ਉਹ ਸੋਵੀਅਤ ਸਰਕਾਰ ਨੂੰ ਪਹਿਲਾਂ ਹੀ ਭੇਜੇ ਜਾਣ ਵਾਲੇ ਗ਼ਦਰੀਆਂ ਦੇ ਨਾਵਾਂ ਦੀ ਸੂਚੀ ਭੇਜ ਦਿੰਦੇ। ਉਨ੍ਹਾਂ ਦੀ ਪ੍ਰੇਰਨਾ ਅਤੇ ਯਤਨਾਂ ਸਦਕਾ 1935 ਤੱਕ ਤਕਰੀਬਨ ਸਾਰੇ ਗ਼ਦਰੀ ਰੂਸ ਵਿੱਚ ਟ੍ਰੇਨਿੰਗ ਅਤੇ ਪੜ੍ਹਾਈ ਲਈ ਗਏ। ਮਾਸਕੋ ਤੋਂ ਹਿੰਦੁਸਤਾਨ ਵਿੱਚ ਸਿੱਧਾ ਦਾਖਲਾ ਔਖਾ ਸੀ। ਭਾਈ ਰਤਨ ਸਿੰਘ ਗ਼ਦਰੀਆਂ ਨੂੰ ਰੂਸ ਤੋਂ ਜਰਮਨ ਰਾਹੀਂ ਪੈਰਿਸ ਲੈ ਜਾਂਦਾ ਸੀ। ਪੈਰਿਸ ਤੋਂ ਪਾਂਡੀਚੇਰੀ ਜਾਂ ਕੋਲੰਬੋ ਦੇ ਰਸਤੇ ਹਿੰਦੁਸਤਾਨ ਭੇਜਦਾ ਸੀ।

ਤੇਜਾ ਸਿੰਘ ਸੁਤੰਤਰ ਫ਼ੌਜੀ ਟ੍ਰੇਨਿੰਗ ਪਿੱਛੋਂ ਭਾਈ ਰਤਨ ਸਿੰਘ ਨੂੰ ਬਰਲਿਨ ਮਿਲਿਆ ਅਤੇ 14 ਦਸੰਬਰ 1929 ਨੂੰ ਸਨਫਰਾਂਸਿਸਕੋ ਪਾਰਟੀ ਹੈਡਕੁਆਟਰ ਪਹੁੰਚ ਗਿਆ। ਗ਼ਦਰ ਪਾਰਟੀ ਦੀ ਕਾਰਜਕਾਰਨੀ ਦੀ ਮੀਟਿੰਗ ਹੋਈ ਸੀ। ਫ਼ੈਸਲਾ ਹੋਇਆ ਸੀ ਕਿ ਭਾਈ ਰਤਨ ਸਿੰਘ ਵੱਖ-ਵੱਖ ਦੇਸ਼ਾਂ ਵਿੱਚ ਗ਼ਦਰੀ ਬਰਾਂਚਾਂ ਦਾ ਦੌਰਾ ਕਰਨ। ਪਿੱਛੋਂ ਤੇਜਾ ਸਿੰਘ ਸੁਤੰਤਰ ਇਨ੍ਹਾਂ ਬਰਾਂਚਾਂ ਨੂੰ ਫੌਜੀ ਟ੍ਰੇਨਿੰਗ ਦੇਣ। ਗ਼ਦਰ ਪਾਰਟੀ ਵੱਲੋਂ ਦੁਬਾਰਾ ਫੇਰ ਆਪਣੇ ਮੁਲਕ ਪਰਤਣ ਅਤੇ ਇਨਕਲਾਬੀ ਘੋਲ ਕਰਨ ਦੀ ਅਪੀਲ ਕੀਤੀ ਜਾਵੇ। ਭਾਈ ਰਤਨ ਸਿੰਘ ਨੇ ਗ਼ਦਰੀ ਕੇਂਦਰਾਂ ਵਿੱਚ ਸਟੱਡੀ ਸਰਕਲ ਲਗਾਏ। ਜਥੇਬੰਦਕ ਉਸਾਰੀ ਕੀਤੀ। ਸੁਤੰਤਰ ਨੇ ਗੁਰੀਲਾ ਲੜਾਈ ਦੀ ਪ੍ਰੈਕਟੀਕਲ ਟ੍ਰੇਨਿੰਗ ਦਿੱਤੀ। ਸੁਤੰਤਰ ਦੀ ਸਰਗਰਮੀ ਨਾਲ ਪੰਜਾਬੀਆਂ ਵਿੱਚ ਬੜਾ ਰਾਜਸੀ ਉਭਾਰ ਆਇਆ।

ਅਰਜਨਟਾਈਨਾ ਵਿਖੇ ਭਾਈ ਰਤਨ ਸਿੰਘ, ਤੇਜਾ ਸਿੰਘ ਸੁਤੰਤਰ, ਚਾਚਾ ਅਜੀਤ ਸਿੰਘ, ਬੂਝਾ ਸਿੰਘ, ਭਗਤ ਸਿੰਘ ਬਿਲਗਾ ਅਤੇ ਹੋਰ ਸਰਗਰਮ ਆਗੂਆਂ ਦੀਆਂ ਵਿਚਾਰਾਂ ਹੋਈਆਂ। ਸੁਤੰਤਰ ਅਤੇ ਅਜੀਤ ਸਿੰਘ ਦਾ ਵਿਚਾਰ ਸੀ ਕਿ ਗੁਰੀਲਾ ਸਿਖਲਾਈ ਤੋਂ ਬਾਅਦ ਗ਼ਦਰੀਆਂ ਨੂੰ ਹਥਿਆਰਬੰਦ ਕਰਕੇ ਭਾਰਤ ਭੇਜਿਆ ਜਾਵੇ। ਭਾਈ ਰਤਨ ਸਿੰਘ ਦਾ ਕਹਿਣਾ ਸੀ ਕਿ ਗ਼ਦਰ ਪਾਰਟੀ ਦੇ 1914-16 ਵਾਲੇ ਗ਼ਦਰ ਦੇ ਫੇਲ੍ਹ ਹੋਣ ਦੇ ਕਾਰਨ ਠੋਸ ਸਿਆਸੀ ਵਿਚਾਰਧਾਰਾ ਦਾ ਨਾ ਹੋਣਾ, ਜਮਾਤੀ ਸੂਝ ਦੀ ਘਾਟ ਅਤੇ ਲੋਕਾਂ ਵੱਲੋਂ ਸਹਿਯੋਗ ਨਾ ਮਿਲਣਾ ਸੀ। ਗ਼ਦਰ ਪਾਰਟੀ ਵੱਲੋਂ ਇਨਕਲਾਬੀ ਰੁਝਾਨ ਨਾਲ ਜੰਗੇ ਆਜ਼ਾਦੀ ਦਾ ਹੋਇਆ ਆਰੰਭ ਦੂਜੇ ਗ਼ਦਰ ਲਈ ਤਿਆਰੀ ਕਰਨ ਲੱਗਾ। ਗ਼ਦਰ ਪਾਰਟੀ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਗ਼ਦਰੀਆਂ ਨੇ ਅਕਹਿ ਅਤੇ ਅਸਹਿ ਤਸੀਹੇ ਝੱਲੇ ਪਰ ਉਹ ਆਪਣੇ ਉਦੇਸ਼ ਤੋਂ ਦੂਰ ਨਾ ਗਏ। ਇੱਕ ਜਾਂ ਦੂਜੀ ਸ਼ਕਲ ਵਿੱਚ ਉਨ੍ਹਾਂ ਨੇ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ।

ਕਹਾਣੀ

# ਉਨ੍ਹੀਂ ਦੀ ਨਦੀ

**(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)**

ਇਕ ਰਾਤ ਰੌਲਾ ਪੈ ਗਿਆ। ਅੱਖ ਖੁੱਲ੍ਹੀ ਤਾਂ ਰੌਲੇ ਵਾਲੀ ਜਗ੍ਹਾ ਚਲੀ ਗਈ ਸੀ। ਇਕ ਨਾਂਗਾ ਸਾਧੂ ਲੰਮਾ ਪਾਇਆ ਹੋਇਆ ਸੀ। ਉਹਦੀ ਇੰਦਰੀ ਦਾ ਕੜਾ ਟੁੱਟਿਆ ਹੋਇਆ ਸੀ। ਉਸਨੇ ਨਾਲ ਪਏ ਇਕ ਸੇਵਾਦਾਰ ਨਾਲ ਬਦਫੈਲੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਨੰਗੇ ਹੋਏ ਸੇਵਾਦਾਰ ਨੇ ਰੌਲਾ ਪਾ ਦਿੱਤਾ ਸੀ। ਸੁਆਮੀ ਜੀ ਨੇ ਨਾਂਗੇ ਸਾਧ ਦੇ ਘੋਟਣਾ ਫੇਰਨਾ ਸ਼ੁਰੂ ਕੀਤਾ ਤਾਂ ਉਹ ਅੜਾਹਟ ਪਾਉਣ ਲੱਗ ਪਿਆ ਸੀ। ਮੈਂ ਪੀੜਤ ਸੇਵਾਦਾਰ ਕੋਲ ਬੈਠ ਗਈ। ਵਿਚਾਰਾ ਡਰਿਆ ਪਿਆ ਸੀ। ਰੰਗ ਪੀਲਾ ਭੂਕ। ਡਰ ਅਤੇ ਸ਼ਰਮ ਨਾਲ ਸਹਿਮਿਆ ਬੈਠਾ ਸੀ। ਕੁਟਾਪਾ ਕਰਨ ਤੋਂ ਪਿੱਛੋਂ ਨਾਂਗੇ ਸਾਧ ਨੂੰ ਮੱਠ ਤੋਂ ਭਜਾ ਦਿੱਤਾ ਸੀ। ਮੈਨੂੰ ਸਾਰੀ ਰਾਤ ਨੀਂਦ ਨਾ ਆਈ। ਜਦੋਂ ਮੇਰੀ ਅੱਖ ਲਗਦੀ, ਉਸ ਸੇਵਾਦਾਰ ਦੀ ਜਗ੍ਹਾ ਮੈਂ ਹੁੰਦੀ। ਨਾਂਗੇ ਸਾਧੂਆਂ ਦੇ ਸੰਗਲ, ਕੜੇ ਟੁੱਟ ਜਾਂਦੇ। ਮੈਨੂੰ...। ਉੱਠ ਕੇ ਬੈਠ ਜਾਂਦੀ। ਦੁਬਾਰਾ ਪੈਂਦੀ ਤਾਂ ਸੁਪਨਾ ਸ਼ੁਰੂ ਹੋ ਜਾਂਦਾ। ਮੱਠ ਵਾਲੇ ਸਾਧੂ ਉਨ੍ਹਾਂ ਦੀ ਥਾਂ ਲੈ ਲੈਂਦੇ।



ਅਗਲੀ ਰਾਤ ਮੈਂ ਭੈੜੇ ਸੁਪਨੇ ਦੀ ਸ਼ਿਕਾਰ ਹੋ ਗਈ। ਮੱਠ ਵਿਚ ਵੱਡੇ ਸ਼ਿਵਲਿੰਗ ਦੇ ਨਾਲ ਛੋਟੇ-ਛੋਟੇ ਸ਼ਿਵਲਿੰਗ ਵੀ ਹਨ। ਕਹਿੰਦੇ ਇਕ ਬਾਦਸ਼ਾਹ ਨੇ ਜੇਜੋਂ 'ਤੇ ਹਮਲਾ ਕੀਤਾ ਸੀ। ਸੈਨਿਕ ਮੱਠ ਲੁੱਟਣ ਆ ਗਏ। ਇਕ ਹਮਲਾਵਰ ਨੇ ਤਲਵਾਰ ਨਾਲ ਸ਼ਿਵਲਿੰਗ ਵੱਢ ਦਿੱਤਾ ਸੀ। ਜਿਥੇ-ਜਿਥੇ ਉਹ ਡਿੱਗਿਆ, ਉਥੇ-ਉਥੇ ਹੋਰ ਕਿੰਨੇ ਸ਼ਿਵਲਿੰਗ ਉੱਗ ਆਏ ਸਨ। ਮੈਂ ਸਾਰੀ ਰਾਤ ਅੱਧ ਸੁੱਤੀ ਰਹੀ। ਉਸ ਰਾਤ ਮੇਰੇ ਦੁਆਲੇ ਵੀ ਸ਼ਿਵਲਿੰਗ ਉੱਗ ਆਏ ਸਨ। ਸ਼ਿਵਲਿੰਗ ਮੇਰੇ ਵੱਲ ਨੂੰ ਉੱਚੇ ਹੋਣ ਲੱਗਦੇ। ਮੇਰੀ ਚੀਕ ਨਿਕਲ ਜਾਂਦੀ।

ਸਵੇਰਾ ਹੋਇਆ ਤਾਂ ਮੱਠ ਵਿਚ ਰਾਤ ਨਾ ਰਹਿਣ ਦਾ ਨਿਰਣਾ ਲੈ ਲਿਆ ਸੀ। ਘਰਦਿਆਂ ਨੇ, ਸੁਆਮੀ ਜੀ ਨੇ ਮੈਨੂੰ ਬਥੇਰਾ ਸਮਝਾਇਆ ਪਰ ਉਹ ਮੈਨੂੰ ਸਹਿਮ 'ਚੋਂ ਨਾ ਕੱਢ ਸਕੇ। ਮੈਂ ਕਿਹੋ ਜਿਹੀ ਸਾਧਣੀ ਸੀ। ਗੇਰੂਏ ਰੰਗ ਦੇ ਕੱਪੜੇ ਨਾ ਪਾਉਂਦੀ। ਸਵੇਰੇ ਸਕੂਲ ਜਾਂਦੀ। ਬੱਚੇ ਪੜ੍ਹਾਉਂਦੀ। ਸਕੂਲ ਤੋਂ ਮੱਠ। ਸ਼ਾਮ ਪੈਂਦੀ ਤਾਂ ਪਿੰਡ ਨੂੰ ਚਲੇ ਜਾਂਦੀ। ਰੋਜ਼ਾਨਾ ਪੰਜਾਹ ਕਿਲੋਮੀਟਰ ਦਾ ਸਫ਼ਰ ਸਰੀਰ ਦਾ ਚਕਨਾਚੂਰ ਕਰ ਦਿੰਦਾ। ਰਿਸ਼ੀ ਮੇਰੇ ਨਾਲ ਲੜ ਝਗੜ ਕੇ ਘਰ ਬਹਿ ਗਿਆ ਸੀ। ਪਰ ਉਹ ਹਮੇਸ਼ਾ ਮੈਨੂੰ ਮੇਰੇ ਸੰਗ ਲਗਦਾ। ਮੈਂ ਭਗਵਾਨ ਨਾਲ ਲਿਵ ਲਾ ਲੈਂਦੀ। ਭਗਵਾਨ ਦੇ ਧੜ ਉਤੇ ਉਹਦਾ ਮੂੰਹ ਲੱਗ ਜਾਂਦਾ। ਮੈਂ ਉਹਦੇ ਸੁਪਨਿਆਂ ਵਿਚ ਗੁੰਮ ਹੋ ਜਾਂਦੀ।

**ਅਜਮੇਰ ਸਿੱਧੂ**

ਉਹ ਜੋਗੀ ਹੋ ਜਾਂਦਾ। ਕੰਨਾਂ 'ਚ ਮੁੰਦਰਾਂ ਪਾ ਲੈਂਦਾ। ਦਰ-ਦਰ 'ਤੇ ਜਾ ਕੇ ਭਿੱਖਿਆ ਮੰਗਦਾ-

"ਮੈਂ ਰਾਂਝਾਂ ਜੋਗੀ ਬਣਿਆ। ਮੇਰੀ ਝੋਲੀ ਪਾਓ ਹੀਰ ਵੇ।"

ਭਗਵੇਂ ਕੱਪੜਿਆਂ ਵਿਚ ਸੋਹਣਾ ਲਗਦਾ। ਮੱਥੇ 'ਤੇ ਤੇਜ ਝਲਕਦਾ। ਚਿਹਰਾ ਜਿਉਂ ਅੱਗ ਦਾ ਗੋਲਾ ਇਉਂ ਮਘਦਾ।...ਆਖਦਾ 'ਪ੍ਰੇਮ ਦੀ ਲਾਲੀ ਮੇਰੇ ਮੁੱਖ 'ਤੇ ਛਾਈ। ਮੈਂ ਸੂਰਜ ਆਪਣੀ ਧਰਤੀ ਦਾ।' ਫਿਰ ਉਹ ਸੂਰਜ ਤੋਂ ਸਮੁੰਦਰ ਬਣ ਜਾਂਦਾ। ਉਸ ਵਿਚ ਮੈਂ ਇਕ ਮਛਲੀ ਹੁੰਦੀ। ਜਿਸ 'ਤੇ ਸਿਰ ਮੇਰਾ ਹੁੰਦਾ। ਮੈਂ ਆਖਦੀ-

"ਮਛਲੀ ਜਲ ਦੀ ਰਾਣੀ ਹੈ। ਜੀਵਨ ਉਸਦਾ ਪਾਣੀ ਹੈ। ਬਾਹਰ ਕੱਢੇਂਗਾ ਤਾਂ ਮਰ ਜਾਏਗੀ।"

ਏਨੇ ਨੂੰ ਮਗਰਮੱਛ ਆ ਜਾਂਦਾ। ਉਸਦਾ ਸਿਰ ਮੇਰੇ ਪਿਓ ਦਾ ਹੁੰਦਾ। ਨਾਲ ਭਰਾਵਾਂ ਦੇ ਸਿਰ ਲੱਗ ਜਾਂਦੇ। ਉਹ ਮੈਨੂੰ ਸਮੁੰਦਰ 'ਚੋਂ ਬਾਹਰ ਕੱਢ ਕੇ ਤਪਦੀ ਰੇਤ 'ਤੇ ਸੁੱਟ ਦਿੰਦੇ।

ਅਗਲੇ ਦਿਨ ਅਸੀਂ ਸ਼ਾਹ ਤਲਾਈ ਜਾਂਦੇ ਹਾਂ। ਚਰਨ ਗੰਗਾ ਪੁੱਜਦੇ ਹਾਂ। ਇਧਰ ਵੀ ਝਰਨਾ, ਉਧਰ ਵੀ ਝਰਨਾ। ਵਿਚਕਾਰ ਪੱਥਰ। ਚਾਨਣੀ ਰਾਤ। ਚੰਦ ਦੀ ਰੋਸ਼ਨੀ ਸਾਡੇ ਚਿਹਰਿਆਂ 'ਤੇ ਪੈ ਰਹੀ ਹੈ। ਉਹ ਚਰਨ ਗੰਗਾ ਤੋਂ ਪਾਣੀ ਦੀ ਚੂਲੀ ਭਰ ਕੇ ਲਿਆਉਂਦਾ। ਮੇਰੇ ਬੁੱਲ੍ਹਾਂ ਨੂੰ ਲਾਉਂਦਾ ਹੈ। ਪਾਣੀ ਵਾਸ਼ਪ ਬਣ ਕੇ ਉੱਡੀ ਜਾ ਰਿਹਾ। ਉਹ ਵਾਰ-ਵਾਰ ਪਾਣੀ ਲਾਈ ਜਾ ਰਿਹਾ ਹੈ। ਮੈਂ ਕਾਰਨ ਪੁੱਛਿਆ ਤਾਂ ਹੱਸ ਪਿਆ-

"ਬੁੱਲ੍ਹ ਸੁੱਚੇ ਹੁੰਦੇ ਹਨ, ਵਾਸ਼ਨਾ ਤੋਂ ਬਗੈਰ।"

ਮੈਂ ਉਹਦੇ ਸੁਪਨਿਆਂ ਵਿਚ ਜੀਉਂਦੀ ਹਾਂ। ਜਿਸ ਦਿਨ ਮੇਰੇ ਮੱਠ ਚੜ੍ਹਨ ਦੀ ਰਸਮ ਹੋਈ ਸੀ, ਸੜਿਆ ਜਿਹਾ ਰੂਪੋਸ਼ ਹੋ ਗਿਆ ਸੀ। ਮੈਂ ਤਾਂ ਪੂਨਮ ਭੈਣ ਕੋਲ ਵੀ ਮਿਲਣ ਲਈ ਸਿਫ਼ਾਰਸ਼ਾਂ ਪਾਈਆਂ ਤੇ ਜੀਜਾ ਜੀ ਕੋਲ ਵੀ। ਪਰ ਉਹ...। ਉਹਨੂੰ ਖ਼ਤ ਵੀ ਲਿਖੇ-

'ਤੂੰ ਏਨਾ ਨਿਰਮੋਹਾ ਹੋਏਂਗਾ, ਮੈਂ ਸੋਚਿਆ ਵੀ ਨ੍ਹੀਂ ਸੀ। ਤੇਰੇ ਤੋਂ ਬਗੈਰ ਟਿਕਾਅ ਨਹੀਂ ਆਉਂਦਾ। ਆਵੇਂ ਵੀ ਕਿਵੇਂ? ਮੇਰਾ ਮੁਰਸ਼ਦ ਹੀ ਖੋਹ ਲਿਆ ਗਿਆ। ਕਿਸੇ ਕੋਲ ਖੋਹਣ ਦੇ ਹੱਕ ਹੋਣਗੇ। ਪਰ ਤੂੰ ਕਿਉਂ ਖੋਹ ਹੋ ਜਾਣ ਵਾਲਿਆਂ ਵਿਚ ਸ਼ਾਮਿਲ ਹੋ ਗਿਆ। ਮੈਨੂੰ ਆਸ ਆ ਤੂੰ ਜ਼ਰੂਰ ਮਿਲਣ ਆਏਂਗਾ। ਤੇਰੀ....।'

ਸਕੂਲ ਵਿਚ ਅੱਧੀ ਛੁੱਟੀ ਹੋਈ ਸੀ। ਸਟਾਫ਼ ਚਾਹ ਦੁਆਲੇ ਹੋ ਗਿਆ ਸੀ। ਨਲਕੇ 'ਤੇ ਬੱਚੇ ਫੱਟੀਆਂ ਧੋਣ ਲੱਗੇ ਹੋਏ ਸੀ। ਮੈਂ ਗਰਾਊਂਡ ਵੱਲ ਨੂੰ ਆ ਨਿਕਲੀ। ਮਿੱਟੀ ਵਿਚ ਉਂਗਲਾਂ ਫੇਰਨ ਲੱਗੀ। ਉਹਦਾ ਨਾਂ ਲਿਖ ਹੋ ਗਿਆ। ਪਤਾ ਨ੍ਹੀਂ ਕੀ ਝੱਲ ਉੱਠਿਆ। ਉਹਦਾ ਨਾਂ ਲਿਖ-ਲਿਖ ਮਿਟਾਈ ਗਈ। ਕਈ ਰਿਸ਼ਤੇ ਫ਼ੱਟੀ 'ਤੇ ਲਿਖੀ ਇਬਾਰਤ ਵਰਗੇ ਹੁੰਦੇ ਹਨ, ਜੋ ਇਕ ਵਾਰ ਪੂੰਝਣ 'ਤੇ ਮਿਟ ਜਾਂਦੇ ਨੇ। ਪਰ ਕੰਬਖ਼ਤ ਨਾ ਉਹਦਾ ਨਾਂ ਮਿਟਦਾ ਐ ਤੇ ਨਾ ਈ ਰਿਸ਼ਤਾ। ਘਰ ਆ ਕੇ ਖ਼ਤ ਲਿਖਣ ਬਹਿ ਗਈ-

'ਮੈਨੂੰ ਪੂਨਮ ਨੇ ਦੱਸਿਆ ਕਿ ਤੂੰ ਸ਼ਰਾਬ ਪੀਣ ਲੱਗ ਪਿਆਂ। ਮੱਘੇ ਮਾਰਦਾਂ-

"ਸਾਲੇ ਹੱਟੇ ਕੱਟੇ ਸਾਧ ਮੇਰੀ ਉੱਤਰਾ ਨੂੰ ਉਧਾਲ ਕੇ ਲੈ ਗਏ।"

ਮੈਂ ਕਿਹੜਾ ਮਨੀ ਪਲਾਂਟ ਦੀ ਬੇਲ ਹਾਂ। ਤੇਰੇ ਖ਼ਤਾਂ 'ਚ ਊਟ ਪਟਾਂਗ ਲਿਖਿਆ ਹੁੰਦਾ। ਬਹੁਤੀ ਸਿੱਖਿਆ ਨਾ ਦਿਆ ਕਰ। ਅੱਖਾਂ ਤੋਂ ਓਹਲੇ ਤੇ ਮਰੇ ਹੋਏ ਬੰਦੇ ਵਿਚਕਾਰ ਬਹੁਤਾ ਫ਼ਰਕ ਨਹੀਂ ਹੁੰਦਾ।...ਤੂੰ ਉਸ ਦਿਨ ਪੱਤਰਕਾਰਾਂ ਨਾਲ ਮੱਠ ਵਿਚ ਆਇਆ ਸੀ। ਮੇਰੇ ਧਰਤੀ ਨਾਲ ਪੱਬ ਨਹੀਂ ਸੀ ਲਗਦੇ। ਇਸ ਜਿਸਮ ਵਿਚ ਜਾਨ ਪੈ ਗਈ ਸੀ। ਤੇਰਾ ਆਉਣਾ ਝੂਠ ਜਿਹਾ ਲੱਗਿਆ ਸੀ। ਜਿਵੇਂ ਮੈਂ ਸੁਪਨਾ ਦੇਖ ਰਹੀ ਹੋਵਾਂ। ਸੋਚਣ ਲੱਗੀ-ਇਹ ਇੱਥੇ ਕਿਵੇਂ? ਏਹੀ ਸੋਚਦੀ ਨੇ ਮੈਂ ਉਸ ਦਿਨ ਨੁਕਸਾਨ ਕਰਾ ਲਿਆ ਸੀ। ਤੁਸੀਂ ਤੁਰਦੇ ਬਣੇ ਸੀ। ਇਹ ਤਾਂ ਬਾਅਦ ਵਿਚ ਪਤਾ ਲੱਗਾ ਕਿ ਅੱਜ ਕੱਲ੍ਹ ਤੁਸੀਂ ਭਗਵਾਨ ਦੇ ਘਰਾਂ ਖਿਲਾਫ਼ ਮੁਹਿੰਮ ਵਿੱਢੀ ਹੋਈ ਹੈ-ਉੱਤਰਾ।'

ਰਿਸ਼ੀ ਵਿਆਹਿਆ ਗਿਆ। ਅਗਲੀ ਕੀ ਸੋਚੂ। ਮੈਂ ਇਹ ਸੋਚ ਕੇ ਪਿੱਛੇ ਹਟ ਗਈ। ਮੇਰੀ ਕਿਸਮਤ ਨੇ ਤਾਂ ਸਾਥ ਨ੍ਹੀਂ ਦਿੱਤਾ। ਉਹ ਰਾਜ਼ੀ ਰਹੇ। ਸਕੂਲ ਵਿਚ ਬੱਚਿਆਂ ਨਾਲ ਮਨ ਪਰਚਾਅ ਲਈਦਾ ਸੀ। ਨਾਲੇ ਮੱਠ ਦੀ ਹਰ ਵਸਤੂ ਵਿਚ ਰਚਮਿਚ ਗਈ ਸੀ।

ਲੋਕ ਸੁੱਖੀਆਂ ਸੁੱਖਾਂ ਲਾਹੁਣ ਆਉਂਦੇ। ਇਕ ਵਾਰ ਇਕ ਟੱਬਰ ਸੁੱਖ ਦੇਣ ਆਇਆ। ਮੇਰੇ ਬਾਰੇ ਜਾਣ ਕੇ ਉਨ੍ਹਾਂ ਦਾ ਬਜ਼ੁਰਗ ਬੜਾ ਹੈਰਾਨ ਹੋਇਆ-

"ਪੁੱਤ ਚੜ੍ਹਾਉਂਦੇ ਸੁਣੇ ਸੀ ਤੇ ਦੇਖੇ ਵੀ। ਪਰ ਧੀ ਚੜ੍ਹਾਈ

ਪਹਿਲੀ ਵਾਰ ਦੇਖੀ ਹੈ।"

ਮੱਠ ਵਿਚ ਸਾਰੇ ਆਪਣੇ ਆਪ ਨੂੰ ਸ਼ੁੱਧ ਬ੍ਰਾਹਮਣ ਦਸਦੇ ਸਨ। ਸਿਰਫ਼ ਵੱਡੇ ਸੰਤ ਪਰਮਾ ਨੰਦ ਜੀ ਨੂੰ ਸੁਆਮੀ ਜੀ ਕਹਿੰਦੇ। ਬਾਕੀ ਇਕ ਦੂਜੇ ਨੂੰ ਪੰਡਤ ਜੀ-ਪੰਡਤ ਜੀ ਕਹਿ ਕੇ ਬੁਲਾਉਂਦੇ। ਮੈਨੂੰ ਪੁੱਛ ਲੈਂਦੇ-

"ਆਪ ਕੌਣ ਸੇ ਬ੍ਰਾਹਮਨ ਵੰਸ਼ ਸੇ ਹੈਂ?"

ਮੈਂ ਇਨ੍ਹਾਂ ਨੂੰ ਕੀ ਦਸਦੀ। ਪਿਓ ਲੋਕਾਂ ਦਾ ਲਾਗਪੁਣਾ ਕਰਦਾ ਸੀ। ਅਗਾਂਹ ਭਰਾ ਵਾਲ ਕੱਟਣ ਲੱਗ ਪਏ। ਸਾਡੇ ਗੋਤ ਵਾਲਿਆਂ ਨੂੰ ਬਰਾਦਰੀ ਵਿਚ ਬੜਾ ਮਾਣ ਮਿਲਦਾ। ਪਰ ਮੱਠ ਵਿਚ...। ਇਹ ਲੋਕ ਗੱਲਾਂ ਏਹੋ ਜਿਹੀਆਂ ਕਰਦੇ ਰਹਿੰਦੇ। ਮੈਂ ਚਾਹੁੰਦੀ ਸੀ ਮੱਠ ਸਭਨਾਂ ਲੋਕਾਂ ਲਈ ਹੋਵੇ। ਮੈਂ ਸੁਆਮੀ ਜੀ ਅੱਗੇ ਮੱਠ ਵਿਚ ਲਾਇਬਰੇਰੀ ਖੋਲ੍ਹਣ ਅਤੇ ਸਕੂਲ ਚਲਾਉਣ ਦੀ ਤਜਵੀਜ਼ ਰੱਖੀ। ਆਮਦਨ ਥੋੜ੍ਹੀ ਸੀ? ਦੋ ਸੌ ਅੱਸੀ ਖੇਤ ਜ਼ਮੀਨ ਦੇ। ਚੜ੍ਹਾਵਾ ਵੱਖਰਾ। ਮੈਂ ਤਨਖਾਹ ਦਿੰਦੀ ਸੀਗੀ। ਪਰ ਉਨ੍ਹਾਂ ਨੂੰ ਵਿਹਲ ਕਿੱਥੋਂ। ਸੁਆਮੀ ਜੀ ਤਾਂ ਮਾਤਾ ਨਿਰਜਲਾ ਨਾਲ ਵਚਨ ਬਿਲਾਸ ਕਰਦੇ ਰਹਿੰਦੇ। ਬ੍ਰਹਮਚਾਰੀ ਬੰਦਾ ਤੇ...। ਇਕ ਰਿਸ਼ੀ ਵਰਗਾ ਸ਼ੰਕਰਨੰਦ ਹੈਗਾ। ਬੋਲ ਪੈਂਦਾ-

"ਮਾਤਾ ਜੀ ਤਾਂ ਸੁਆਮੀ ਜੀ ਦੀ ਰਾਧਾ ਆ।"

ਕਈ ਵਾਰ ਉਹ ਮੈਨੂੰ ਰਿਸ਼ੀ ਲੱਗਣ ਲੱਗ ਪੈਂਦਾ। ਉਹਨੂੰ ਦੇਖਕੇ ਮੇਰਾ ਸਰੀਰ ਭਖਣ ਲੱਗ ਪੈਂਦਾ। ਚਿਹਰਾ ਲਾਲ ਹੋ ਜਾਂਦਾ। ਸੁਆਮੀ ਜੀ ਝੱਟ ਮੇਰੇ ਸਿਰ 'ਤੇ ਹੱਥ ਰੱਖ ਦਿੰਦੇ।

"ਉੱਤਰਾ ਬੇਟਾ। ਘਬਰਾਉਣਾ ਨ੍ਹੀਂ। ਇਹ ਮੱਠ ਤੇਰਾ ਆਪਣਾ ਆ। ਮੇਰੇ ਹੁੰਦਿਆਂ...।"

ਉਨ੍ਹਾਂ ਦਾ ਹੱਥ ਮੇਰੀ ਪਿੱਠ 'ਤੇ ਆ ਜਾਂਦਾ। ਮੇਰੇ ਤਨ 'ਚੋਂ ਲਹਿਰ ਉਠਦੀ। ਤਨ ਮਨ ਮੱਚ ਉਠਦਾ। ਸੁਆਮੀ ਜੀ ਦੇ ਹੱਥਾਂ ਦੀ ਤਪਸ਼ ਮੈਤੋਂ ਝੱਲੀ ਨਾ ਜਾਂਦੀ। ਮੈਂ ਪ੍ਰੇਸ਼ਾਨ ਹੋ ਉਠਦੀ।

ਮੇਰਾ ਚਿੱਤ ਖ਼ਰਾਬ ਹੋ ਜਾਂਦਾ। ਸ਼ਰਧਾਲੂ ਆਉਂਦੇ। ਸਾਰੀਆਂ ਸਮਾਧਾਂ 'ਤੇ ਮੰਦਰਾਂ ਵਿਚ ਮੱਥਾ ਟੇਕਦੇ। ਫੇਰ ਸਾਰਿਆਂ ਦੇ ਪੈਰੀਂ ਹੱਥ ਲਾਉਂਦੇ। ਜਦੋਂ ਸ਼ਰਧਾਲੂ ਮੇਰੇ ਪੈਰਾਂ ਨੂੰ ਸਪਰਸ਼ ਕਰਦੇ, ਮੈਂ ਤੜਫ਼ਣ ਲਗਦੀ। ਸ਼ੰਕਰਾਨੰਦ ਵਲ ਦੇਖਦੀ। ਹੋਰ ਪਾਗਲ ਹੋ ਜਾਂਦੀ। ਮੈਤੋਂ ਮੇਰੇ ਸਰੀਰ ਦਾ ਸੇਕ ਨਾ ਝੱਲਿਆ ਜਾਂਦਾ। ਮੈਂ ਉੱਠ ਕੇ ਸਰੋਵਰ ਵੱਲ ਚਲੇ ਜਾਂਦੀ। ਕੱਪੜੇ ਵੀ ਨਾ ਲਾਹੁੰਦੀ। ਠੰਡਾ ਪਾਣੀ ਆਪਣੇ ਸਰੀਰ 'ਤੇ ਪਾਉਣ ਲੱਗ ਪੈਂਦੀ। ਮਸੀਂ ਸ਼ਾਂਤ ਹੁੰਦੀ। ਘਰ ਜਾਂਦੀ। ਉੱਥੇ ਹੋਰ ਵੀ ਮਾੜਾ ਹਾਲ ਹੁੰਦਾ। ਨਾਲ ਦੇ ਕਮਰਿਆਂ ਵਿਚ ਭਰਾ ਭਰਜਾਈਆਂ ਹੁੰਦੇ। ਮੇਰੇ ਕੰਨ ਬੜੇ ਤੇਜ਼ ਨੇ। ਕੰਧਾਂ ਵਿਚੋਂ ਵੀ ਆਵਾਜ਼ਾਂ ਸੁਣ ਲੈਂਦੇ। ਭਰਾ ਭਰਜਾਈਆਂ ਤਾਂ ਮਿੰਟਾਂ ਵਿਚ ਸ਼ਾਂਤ ਹੋ ਕੇ ਸੌਂ ਜਾਂਦੇ। ਪਰ ਮੈਂ ਸਾਰੀ ਰਾਤ ਨਾ ਸੌਂਦੀ। ਪਾਸੇ ਮਾਰਦੀ ਦੀ ਰਾਤ ਨਿਕਲ ਜਾਂਦੀ।

ਮਾਤਾ ਨਿਰਜਲਾ ਜੀ ਤੀਰਥ ਯਾਤਰਾ 'ਤੇ ਸੰਤਾਂ ਦੀ ਇਕ ਟੋਲੀ ਨਾਲ ਚਲੇ ਗਏ। ਉਨ੍ਹਾਂ ਦਿਨਾਂ ਵਿਚ ਮੇਰੀ ਹਾਲਤ ਵਿਗੜੀ ਹੋਈ ਸੀ। ਇਕ ਦਿਨ ਤਾਂ ਮੈਂ ਰੋ ਹੀ ਪਈ। ਸੁਆਮੀ ਜੀ ਮੈਨੂੰ ਚੁੱਪ ਕਰਾਉਣ ਲੱਗ ਪਏ। ਮੇਰੀ ਪਿੱਠ 'ਤੇ ਉਨ੍ਹਾਂ ਦਾ ਹੱਥ ਤੇਜ਼ ਹੋ ਗਿਆ। ਮੇਰੇ ਸਰੀਰ ਵਿਚੋਂ ਤਾਂ ਅੱਗ ਦੀਆਂ ਲਪਟਾਂ ਨਿਕਲਣ। ਸੁਆਮੀ ਜੀ ਤੋਂ ਤਾਂ ਬਚਾਅ ਕਰ ਲਿਆ। ਰਾਤ ਉਥੇ ਰਹਿ ਪਈ। ਮੈਤੋਂ ਰਿਹਾ ਨਾ ਗਿਆ। ਮੈਂ ਸ਼ੰਕਰਾਨੰਦ ਨੂੰ ਆਪਣੇ ਕੋਲ ਸੱਦ ਲਿਆ ਸੀ। ...ਮਸਾਂ ਸ਼ਾਂਤ ਹੋਈ ਸੀ।

ਜਿਂਦਾਂ-ਜਿਂਦਾਂ ਉਮਰ ਵਡੇਰੀ ਹੁੰਦੀ ਜਾ ਰਹੀ ਹੈ, ਮੇਰੇ ਅੰਦਰਲੀ ਗਰਮੀ ਵਧਦੀ ਜਾ ਰਹੀ ਹੈ। ਉੱਨੀ ਸਾਲ ਦੀ ਨੌਕਰੀ 'ਚ ਆਈ ਸੀ। ਉਦੋਂ ਹੀ ਮੱਠ ਚਾੜ੍ਹ ਦਿੱਤੀ ਗਈ। ਮੈਨੂੰ ਨੌਕਰੀ ਤੇ... ਨੇ ਨਿਗਲ ਲਿਆ। ਡੈਪਰੈਸ਼ਨ ਦੀ ਮਰੀਜ਼ ਬਣ ਗਈ। ਜਲ਼ ਜਾਣਾ ਬਲੱਡ ਪ੍ਰੈਸ਼ਰ ਤਾਂ ਥੱਲੇ ਆਉਂਦਾ ਈ ਨ੍ਹੀਂ।

ਪੰਜਾਹ ਸਾਲ ਦੀ ਉਮਰ ਵਿਚ ਆ ਕੇ ਮੈਂ ਦੋ ਫ਼ੈਸਲੇ ਕੀਤੇ। ਪਹਿਲਾਂ ਨੌਕਰੀ ਤੋਂ ਪ੍ਰੀਮਿਚਿਊਰ ਰਿਟਾਇਰਮੈਂਟ ਲਈ। ਦੂਜਾ ਪੱਕੇ ਤੌਰ 'ਤੇ ਮੱਠ ਰਹਿਣ ਲੱਗੀ। ਭਰਾ ਭਰਜਾਈਆਂ ਵੀ ਏਹੀ ਚਾਹੁੰਦੇ ਸਨ ਕਿ ਮੈਂ ਮੱਠ ਰਵਾਂ। ਸ਼ਾਮ ਲਾਲ ਦੇ ਦੋ ਮੁੰਡੇ ਹਨ। ਹਰੀਸ਼ ਦੇ ਮੁੰਡਾ ਕੁੜੀ ਹੈ। ਦੋਨੋਂ ਭਰਾ ਮੈਨੂੰ ਇਕ-ਇਕ ਬੱਚਾ ਦੇਣ ਲਈ ਤਿਆਰ ਹਨ। ਸ਼ਾਮ ਲਾਲ ਕਹਿੰਦਾ ਮੱਠ ਲਈ ਮੇਰਾ ਮੁੰਡਾ ਲੈ ਲੈ। ਹਰੀਸ਼ ਕਹਿੰਦਾ ਦੋਨਾਂ ਨਿਆਣਿਆਂ 'ਚੋਂ ਜਿਹੜਾ ਮਰਜ਼ੀ ਲੈ ਲੈ। ਉਹ ਕੁੜੀ ਨੂੰ ਮੋਹਰੇ ਕਰ ਦਿੰਦਾ ਹੈ। ਜਦੋਂ ਦੇ ਪਿਤਾ ਤੇ ਝਾਈ ਜੀ ਦੁਨੀਆਂ ਤੋਂ ਚਲਦੇ ਹੋਏ ਹਨ, ਇਹ ਸਵੇਰੇ ਮੱਠ ਆ ਜਾਂਦੇ ਤੇ ਸ਼ਾਮ ਨੂੰ ਚਲੇ ਜਾਂਦੇ ਨੇ। ਪ੍ਰਬੰਧਕੀ ਕੰਮਾਂ ਵਿਚ ਦਖ਼ਲ ਦਿੰਦੇ ਹਨ। ਹੁਣ ਤਾਂ ਦੋਨੋਂ ਭਰਾ ਰਹਿੰਦੇ ਹੀ ਮੱਠ ਵਿਚ ਹਨ, ਜਿੰਦਣ ਦਾ ਇਹ ਬਣਨ ਲੱਗਾ। ਇਹਨੀਂ ਦੁਕਾਨਾਂ ਦੇ ਆਪਣੇ ਕੰਮ ਛੱਡੇ ਹੋਏ ਹਨ। ਨਵਾਂ ਮੱਠ ਬਣਾਉਣ ਵਿਚ ਲੱਗੇ ਰਹੇ। ਹੁਣ ਸਮਾਗਮ ਦੀ ਤਿਆਰੀ ਵਿਚ ਖੁਭੇ ਹੋਏ ਹਨ। ਜਦ ਕਿ ਮੈਂ ਕੁਝ ਹੋਰੇ ਸੋਚੀ ਜਾ ਰਹੀ ਹਾਂ।

ਕੱਲ੍ਹ ਮੈਡੀਕਲ ਕਾਲਿਜ ਦਾ ਇਕ ਡਾਕਟਰ ਮੱਥਾ ਟੇਕਣ ਆਇਆ ਸੀ। ਸੁਆਮੀ ਸ਼ੰਕਰਾਨੰਦ ਰੂਹਾਂ, ਪੁਨਰ-ਜਨਮ ਤੇ ਬੰਦੇ ਦੇ ਮਨ ਬਾਰੇ ਪ੍ਰਵਚਨ ਸੁਣਾ ਰਹੇ ਸਨ। ਉਸ ਡਾਕਟਰ ਨੇ ਦੱਸਿਆ-

"ਮੈਂ ਅੱਜ ਤੋਂ ਅਠਾਰਾਂ ਸਾਲ ਪਹਿਲਾਂ ਮੈਡੀਕਲ ਕਾਲਿਜ ਪੜ੍ਹਾਉਣ ਲੱਗਾ ਸੀ। ਉਦੋਂ ਇਕ ਪ੍ਰੇਮੀ ਜੋੜਾ ਮੇਰੇ ਸਟੂਡੈਂਟ ਸਨ। ਐਕਸੀਡੈਂਟ ਵਿਚ ਕੁੜੀ ਮਾਰੀ ਗਈ। ਮੁੰਡਾ ਇਹ ਕਹਿ ਕੇ ਕਾਲਿਜ ਛੱਡ ਗਿਆ - 'ਮੈਂ ਅਨੁਸ਼ਿਕਾ ਤੋਂ ਬਿਨਾਂ ਨਹੀਂ ਰਹਿ ਸਕਦਾ। ਉਹ ਮੁੜ ਕੇ ਜਨਮ ਲਏਗੀ। ਪੜ੍ਹੇਗੀ। ਮੈਡੀਕਲ ਕਾਲਿਜ ਵਿਚ ਦਾਖ਼ਲਾ ਲਊਗੀ। ਮੈਂ ਉਹਦਾ ਪਿਆਰ ਪਾਉਣ ਲਈ ਤਦ ਪੜ੍ਹਨ ਲੱਗਾਂਗਾ।' ਇਸ ਸੈਸ਼ਨ ਵਿਚ ਉਹਨੇ ਇਹ ਕਹਿ ਕੇ ਕਾਲਿਜ ਜੁਆਇਨ ਕਰ ਲਿਆ ਕਿ ਅਨੁਸ਼ਿਕਾ ਅਨੂਦੀਪ ਦੇ ਨਾਂ ਹੇਠ ਦਾਖ਼ਲ ਹੋ ਚੁੱਕੀ ਹੈ।"

ਡਾਕਟਰ ਦੀ ਇਸ ਗੱਲ ਨੇ ਮੈਨੂੰ ਚੱਕਰ ਵਿਚ ਪਾਇਆ ਹੋਇਆ। ਸੋਚਿਆ ਕਿ ਜਿਹੜਾ ਰਿਸ਼ੀ ਇਨ੍ਹਾਂ ਗੱਲਾਂ ਨੂੰ ਮੰਨਦਾ ਨ੍ਹੀਂ, ਧਾਰਮਿਕ ਸਥਾਨਾਂ ਖਿਲਾਫ਼ ਪ੍ਰੋਪੇਗੰਡਾ ਕਰਦਾ ਪਿਆ, ਇਨ੍ਹਾਂ ਨਾਲ ਗੱਲ ਕਰਾਵਾਂ? ਫੇਰ ਸੋਚਿਆ, ਉਹਨੇ ਕਿਹੜਾ ਮੰਨਣਾ। ਕਹੇਗਾ-

"ਮੁੰਡਾ ਮਾਨਸਿਕ ਰੋਗੀ ਆ।"

ਉਹ ਮਾਨਸਿਕ ਰੋਗੀ ਹੋਵੇ ਜਾਂ ਨਾ ਪਰ ਮੇਰਾ ਦਿਮਾਗ ਖ਼ਰਾਬ ਹੋ ਗਿਆ ਸੀ। ਗੱਲ ਪੁਨਰ ਜਨਮ ਦੀ ਨ੍ਹੀਂ ਹੈ। ਮਹੱਤਤਾ ਤਾਂ ਅਠਾਰਾਂ ਸਾਲ ਇੰਤਜ਼ਾਰ ਕਰਨ ਦੀ ਹੈ। ਅੱਜ ਵੀ ਉਹ ਅਨੁਸ਼ਿਕਾ ਨੂੰ ਅਨੂਦੀਪ ਵਿਚੋਂ ਲੱਭ ਰਿਹਾ। ਮੈਂ ਵੀ ਤਾਂ ਇਥੇ ਹਰ ਆਉਣ ਵਾਲੇ ਮਰਦ ਵਿਚੋਂ ਰਿਸ਼ੀ ਲੱਭਦੀ ਹਾਂ। ਪਰ ਉਹ...। ਜਦੋਂ ਦੀ ਮੈਂ ਇਥੇ ਪੱਕੇ ਤੌਰ 'ਤੇ ਰਹਿਣ ਲੱਗੀ ਹਾਂ, ਉਹ ਹੋਰ ਚਿੜ੍ਹ ਗਿਆ ਹੈ। ਕਿਤੇ ਉਹਨੂੰ ਸ਼ੰਕਰਾਨੰਦ ਦਾ ਨਾ ਪਤਾ ਲੱਗ ਗਿਆ ਹੋਵੇ?

ਸੁਤੰਤਰ ਤੇ ਪੂਨਮ ਫਗਵਾੜੇ ਝੁੱਗੀ ਝੌਂਪੜੀ ਵਾਲੇ ਬੱਚਿਆਂ ਲਈ ਸਕੂਲ ਚਲਾਉਂਦੇ ਹਨ। ਨਿਆਣਿਆਂ ਨੂੰ ਭੀਖ ਮੰਗਣ, ਚੋਰੀਆਂ ਕਰਨ, ਲਿਫ਼ਾਫ਼ੇ ਚੁਗਣ, ਕਬਾੜ ਦੇ ਕੰਮਾਂ ਤੋਂ ਹਟਾ ਕੇ ਪੜ੍ਹਨ ਲਾਇਆ ਹੋਇਆ। ਦਸਤਕਾਰੀ ਕੰਮ ਵੀ ਕਰਾਉਂਦੇ ਹਨ। ਤਾਂ ਕਿ ਬੱਚਿਆਂ ਦਾ ਗੁਜ਼ਾਰਾ ਤੇ ਸਕੂਲ ਦਾ ਪ੍ਰਬੰਧ ਚੱਲੇ। ਇਸ ਕੰਮ ਲਈ ਮੈਂ ਸੁਆਮੀ ਪਰਮਾਨੰਦ ਜੀ ਦੀਆਂ ਮਿੰਨਤਾਂ ਕਰਦੀ ਰਹੀ। ਪਤਾ ਨ੍ਹੀਂ ਉਹ ਲੋਕਾਂ ਨੂੰ ਗਿਆਨ ਦੇਣ ਤੋਂ ਡਰਦੇ ਸੀ ਜਾਂ ਪੈਸਾ ਖਰਚਣ ਤੋਂ। ਪਰ ਉਹ ਧੰਨ ਐ। ਸਭ ਕੁਝ ਗਰੀਬ ਬੱਚਿਆਂ ਲਈ ਕਰਦੇ ਹਨ। ਜਿੰਦਣ ਮੈਂ ਉਦਾਸ ਹੋਵਾਂ, ਉਨ੍ਹਾਂ ਦੇ ਸਕੂਲ ਚਲੇ ਜਾਂਦੀ ਹਾਂ। ਪਿੱਛੇ ਜਿਹੇ ਗਈ ਤਾਂ ਰਿਸ਼ੀ ਵੀ ਆਇਆ ਹੋਇਆ ਸੀ।

ਮੈਂ ਗੇਰੂਏ ਰੰਗ ਦਾ ਕੁੜਤਾ ਤੇ ਧੋਤੀ ਪਹਿਨੇ ਹੋਏ ਸਨ। ਸਿਰ 'ਤੇ ਦੁਪੱਟਾ ਬੰਨ੍ਹ ਲੈਂਦੀ ਹਾਂ। ਗਲ ਵਿਚ ਮਾਲਾ ਪਾ ਕੇ ਰੱਖਦੀ ਹਾਂ। ਬਾਹਾਂ ਵਿਚ ਰੁਦਰਾਸ ਦੇ ਮਣਕਿਆਂ ਦੀ ਮਾਲਾ। ਮਣਕਿਆਂ ਵਿਚ ਚਿੱਟੇ ਰੰਗ ਦਾ ਧਾਗਾ। ਉਂਗਲੀਆਂ ਵਿਚ ਸੁੱਚੇ ਮੋਤੀ, ਮੂੰਗਾ ਤੇ ਪੁਖਰਾਜ ਵਾਲੀਆਂ ਮੁੰਦੀਆਂ-ਛੱਲੇ। ਪੈਰਾਂ ਵਿਚ ਲੱਕੜ ਦੀਆਂ ਖੜਾਵਾਂ। ਉਹਨੂੰ ਦੇਖ ਕੇ ਮੇਰੀ ਯਾਤਰਾ ਸਫ਼ਲ ਹੋ ਗਈ ਸੀ। ਉਨ੍ਹਾਂ ਦਾ ਸਕੂਲ ਤੀਰਥ ਸਥਾਨ ਲੱਗਿਆ ਸੀ।

ਮੇਰੇ ਕੋਲ ਢੇਰ ਸਾਰੀਆਂ ਗੱਲਾਂ ਸਨ। ਜਿਵੇਂ ਕਈ ਜਨਮਾਂ ਦੀਆਂ ਇਕੱਠੀਆਂ ਹੋਈਆਂ ਹੋਣ। ਉਹਦਾ ਧਿਆਨ ਮੇਰੀਆਂ ਗੱਲਾਂ ਵਿਚ ਨ੍ਹੀਂ ਸੀ। ਕਦੇ ਮੇਰੇ ਕੱਪੜਿਆਂ ਵੱਲ ਵੇਖਦਾ। ਕਦੇ ਮਾਲਾਵਾਂ ਵੱਲ ਤੇ ਕਦੇ ਖੜਾਵਾਂ ਵੱਲ। ਮੈਂ ਬੋਲੀ ਜਾ ਰਹੀ ਸੀ। ਉਹ ਤੁਰਦਾ ਬਣਿਆ। ਜੇ ਚਾਰ ਬੋਲ ਸਾਂਝੇ ਕਰ ਜਾਂਦਾ। ਉਹਦਾ ਕੀ ਵਿਗੜ ਜਾਣਾ ਸੀ? ਮੇਰੀ ਇਕ ਜਨਮ ਦੀ ਪਿਆਸ ਬੁਝ ਜਾਣੀ ਸੀ। ਮੇਰੇ ਹਿੱਸੇ ਦਾ ਸਾਰਾ ਪਿਆਰ ਆਪਣੀ ਪਤਨੀ ਦੀ ਝੋਲੀ ਪਾ ਦਿੱਤਾ। ਪਚਵੰਜਾ ਸਾਲ ਨੂੰ ਟੱਪੀਓ ਆਂ। ਮੈਂ ਵੀ ਉਹਦੀ ਪਤਨੀ ਦੀ ਤਰ੍ਹਾਂ ਮਾਂ ਬਣਨਾ ਚਾਹੁੰਦੀ ਸੀ। ਕਿਉਂਕਿ ਔਰਤ ਬੱਚਾ ਪੈਦਾ ਕਰਕੇ ਵੱਡਾ ਕਾਰਜ ਕਰਦੀ ਹੈ। ਮਰਦ ਖੋਜਾਂ ਕਰਦੇ ਹਨ। ਪਰ ਮਾਂ ਨਾਲੋਂ ਵੱਡਾ ਕੰਮ ਨਹੀਂ ਕਰਦੇ। ਇਥੇ ਸ਼ਰਧਾਲੂ ਆਉਂਦੇ ਹਨ, ਬੱਚਿਆਂ ਦਾ ਮੱਥਾ ਟਿਕਾਉਣ। ਮੈਂ ਕਿਹਦਾ ਮੱਥਾ ਟਿਕਾਵਾਂ? ਮੇਰੇ ਬੱਚੇ...।

ਅੱਜ ਦਾ ਇਹ ਜੇਜੋਂ ਖਾਣ ਨੂੰ ਪੈਂਦਾ। ਘਰਦਿਆਂ ਤੋਂ ਚੋਰੀ ਰਿਸ਼ੀ ਨਾਲ ਆ ਜਾਂਦੀ ਹੁੰਦੀ ਸੀ। ਜੇ ਕਿਤੇ ਆ ਨਾ ਹੋਣਾ, ਤਾਂ ਚੈਨ ਨਾ ਆਉਣਾ। ਉਦੋਂ ਇਹ ਮੇਰੇ ਲਈ ਸੈਰ ਸਪਾਟੇ ਦਾ ਕੇਂਦਰ ਸੀ। ਇਹਦੇ ਆਲੇ ਦੁਆਲੇ ਪਹਾੜੀਆਂ ਅਤੇ ਚਰਾਦਾਂ ਨੇ ਮਨ ਮੋਹ ਲੈਣਾਂ। ਬੜਾ ਸਕੂਨ ਮਿਲਣਾ। ਰਿਸ਼ੀ ਨੇ ਚਾਮ੍ਹਲ ਜਾਣਾ–

"ਮੱਲੋ ਮੱਲੀ ਸਾਧ ਹੋਣ ਨੂੰ ਚਿੱਤ ਕਰਦਾ।"

ਕੀ ਪਤਾ ਸੀ ਮਾੜੀ ਕਿਸਮਤ ਦਾ। ਇਹ ਵੀ ਮੇਰੀ ਕਿਸਮਤ ਵਿਚ ਲਿਖ ਹੋਣਾ ਸੀ। ਜਦੋਂ ਪਹਿਲਾਂ ਪਹਿਲ ਪਿਤਾ ਜੀ ਤੇ ਝਾਈ ਜੀ ਨਾਲ ਮੱਠ ਆਉਣਾ ਸ਼ੁਰੂ ਕੀਤਾ ਸੀ। ਉਦੋਂ ਮੇਰੇ ਲਈ ਮੱਠ ਵਿਚਲਾ ਸਰੋਵਰ, ਮੰਦਰ, ਟੱਲ, ਬਹੁਤ ਸਾਰੀਆਂ ਸਮਾਧਾਂ ਅਜੂਬਾ ਸਨ। ਸਾਡੀ ਸ਼ਰਧਾ ਬੇਈਂ ਹਾਰੇ ਵੱਲ ਸਾਧੂਆਂ ਦੇ ਕੱਚੇ ਪੱਕੇ ਭੋਰਿਆਂ ਵੱਲ ਲੈ ਤੁਰਦੀ। ਪਿਤਾ ਜੀ ਜੇਜੋਂ ਬਾਰੇ ਦੱਸਦੇ–

"ਇਸ ਨਗਰ ਨੂੰ ਫਲੇਆਲੀ ਵੀ ਕਹਿੰਦੇ ਸੀ। ਖੱਡ ਵਿਚੋਂ ਇਕ ਰਾਹ ਜਾਂਦਾ ਸੀ। ਜਿਸ ਨੂੰ ਰਾਤ ਸਮੇਂ ਫਲਾਅ ਭਾਵ ਲੱਕੜੀ ਦਾ ਫਾਟਕ ਲਾ ਕੇ ਬੰਦ ਕਰ ਦਿੱਤਾ ਜਾਂਦਾ ਸੀ।"

ਅੱਜ ਕੱਲ੍ਹ ਮੇਰੇ ਲਈ ਵੀ ਫਾਟਕ ਲੱਗੇ ਹੋਏ ਹਨ। ਰਿਸ਼ੀ ਦਸਦਾ ਸੀ–ਉਹਦੇ ਨਾਨਕਿਆਂ ਦਾ ਬਾਬਾ ਠਾਕੁਰ ਦਾਸ ਕੁਤਬੇਵਾਲ ਮਨੁੱਖਤਾ ਦੀ ਆਜ਼ਾਦੀ ਤੇ ਖੁਸ਼ਹਾਲੀ ਲਈ ਲੜਦਾ ਰਿਹਾ। ਪੁਲਿਸ ਬਾਬੇ ਨੂੰ ਜੂਹ ਬੰਦ ਕਰ ਦਿੰਦੀ ਸੀ। ਮੈਨੂੰ ਕਾਸ ਲਈ ਜੂਹ ਬੰਦ ਕੀਤਾ ਹੋਇਆ? ਦੱਖਣ ਵਾਲੇ ਪਾਸੇ ਇਕ ਖੂਹ ਹੈ। ਇਹ ਜੇਠੇ ਬੱਚੇ ਦੀ ਬਲੀ ਮੰਗਦਾ। ਮੈਂ ਵੀ ਜੇਠੀ ਹਾਂ। ਸ਼ਾਇਦ ਮੇਰੀ ਵੀ ਬਲੀ ਦਿੱਤੀ ਹੋਈ ਹੈ।

ਇਹਨਾਂ ਅੱਥਰੂਆਂ ਨੂੰ ਕਿੰਞ ਰੋਕਾਂ। ਜਿਸ ਕੁੜੀ ਦੀ ਬਲੀ ਦਿੱਤੀ ਗਈ ਹੋਵੇ, ਉਹ ਰੋ ਵੀ ਨਹੀਂ ਸੀ ਸਕਦੀ? ਮੇਰੇ ਰਾਹ ਵਿਚ ਤਾਂ ਕੱਚੇ ਪੱਕੇ ਭੋਰੇ ਨੇ। ਜਦੋਂ ਤੁਰਾਂਗੀ, ਉਨ੍ਹਾਂ ਵਿਚ ਡਿੱਗਾਂਗੀ। ਲੱਤਾਂ ਬਾਹਾਂ ਦੇ ਹੁੰਦਿਆਂ ਹੋਇਆਂ ਵੀ ਪੂਰਨ ਵਾਂਗ ਖੂਹ ਵਿਚ ਡਿੱਗੀ ਰਹਾਂਗੀ। ਕੋਈ ਗੋਰਖ ਨਾਥ ਵੀ ਨੀਂ ਬਹੁੜਿਆ। ਜਿਹੜਾ ਖੂਹ 'ਚੋਂ ਕੱਢ ਲੈਂਦਾ। ਇਥੇ ਤਾਂ ਸਾਰਿਆਂ ਨੂੰ ਆਪੋ ਆਪਣੀ ਪਈ ਹੋਈ ਹੈ। ਭਰਾ ਟੱਬਰ ਸਮੇਤ ਮੱਠ ਆ ਬੈਠੇ ਹਨ।

ਇਕ ਦਿਨ ਸੁਪਨੇ ਵਿਚ ਰਿਸ਼ੀ ਆ ਗਿਆ। ਉਹਨੇ ਚਾਰ ਗੱਲਾਂ ਕਹੀਆਂ–

–"ਭਗਵਾਨ ਦੇ ਨਾਂ 'ਤੇ ਕਾਰੋਬਾਰ 'ਚ ਕਦੇ ਘਾਟਾ ਨ੍ਹੀਂ ਪੈਂਦਾ।"

–"ਇਹ ਮੱਠ ਦੀਆਂ ਖੱਟੀਆਂ ਖਾਂਦੇ ਆ। ਇਹਨਾਂ ਤੈਨੂੰ ਚਾੜ੍ਹਿਆ ਇਸੇ ਲਈ ਸੀ।"

–"ਆਉਣ ਵਾਲੇ ਸਾਲਾਂ ਵਿਚ ਮੱਠ ਨੂੰ ਤੇਰੇ ਭਰਾ ਚਲਾਉਣਗੇ।"

ਚੌਥੀ ਗੱਲ ਮੈਨੂੰ ਭੁੱਲ ਗਈ। ਬਿਮਾਰੀਆਂ ਨੇ ਯਾਦਾਸ਼ਤ ਖੋ ਦਿੱਤੀ ਹੈ। ਉਂਞ ਰਿਸ਼ੀ ਦੀਆਂ ਗੱਲਾਂ ਸੱਚੀਆਂ ਲਗਦੀਆਂ ਨੇ। ਇਕ ਦਿਨ ਬਾਜ਼ਾਰ ਵਿਚੋਂ ਲੰਘੀ ਸੀ। ਕਿਸੇ ਹੋਰ ਨੇ ਵੀ ਮਿਹਣਾ ਮਾਰਿਆ ਸੀ :–

"...ਨੇ ਮੱਠ ਸਾਂਭਣਾ ਐ। ਤਾਹੀਓਂ ਨੱਠੇ, ਭੱਜੇ ਫਿਰਦੇ ਐ।"

ਸੁਆਮੀ ਪਰਮਾਨੰਦ ਜੀ ਕੈਂਸਰ ਤੋਂ ਪੀੜਤ ਸੀ। ਜਦੋਂ ਉਹ ਇਸ ਦੁਨੀਆਂ ਤੋਂ ਗਏ, ਮੱਠ 'ਤੇ ਕਬਜ਼ਾ ਕਰਨ ਲਈ ਕਈ ਸਰਗਰਮ ਹੋ ਗਏ ਸਨ। ਨਿਰਜਲਾ ਚਾਹੁੰਦੀ ਸੀ ਉਹਨੂੰ ਜਾਂ ਉਹਦੇ ਮੁੰਡੇ ਨੂੰ ਗੱਦੀ ਸੰਭਾਲੀ ਜਾਏ। ਚਾਰ–ਪੰਜ ਹੋਰ ਬ੍ਰਾਹਮਣ ਉਹਦੇ ਨਾਲੋਂ ਵੀ ਕਾਹਲੇ ਸਨ। ਮੇਰੇ ਭਰਾ ਮੇਰਾ ਹੱਕ ਜਤਾ ਰਹੇ ਸਨ। ਇਨ੍ਹਾਂ ਨੇ ਲੋਕਲ ਪੱਧਰ 'ਤੇ ਸਰਗਰਮੀਆਂ ਵਿੱਢੀਆਂ। ਥਾਂ–ਥਾਂ ਮੇਰੇ ਸਤਿਸੰਗ ਕਰਾਏ। ਝੂਠੀਆਂ ਸੱਚੀਆਂ ਕਰਾਮਾਤਾਂ ਮੇਰੇ ਨਾਂ ਲਾਈਆਂ। ਪ੍ਰਚਾਰੀਆਂ ਵੀ।

ਮੱਠ ਬਨਾਰਸ ਦੇ ਅੰਡਰ ਆਉਂਦਾ ਸੀ। ਗੱਦੀ ਬਾਰੇ ਉਨ੍ਹਾਂ ਫ਼ੈਸਲਾ ਕਰਨਾ ਹੁੰਦਾ ਹੈ। ਦਾਅਵੇਦਾਰਾਂ ਨੂੰ ਗੱਦੀ ਨਸੀਬ ਨਾ ਹੋਈ। ਯੂ. ਪੀ. ਤੋਂ ਇਕ ਸੁਆਮੀ ਗੋਬਰਧਨ ਦਾਸ ਭੇਜੇ ਗਏ ਹਨ। ਵੈਸੇ ਮੈਨੂੰ ਯਕੀਨ ਨ੍ਹੀਂ ਆਉਂਦਾ। ਸ਼ੰਕਰਾਨੰਦ ਦਸਦਾ ਸੀ–

"ਬਨਾਰਸ ਡੇਰਿਆਂ ਦੀ ਬੋਲੀ ਲਗਦੀ ਆ। ਜਿਹੜਾ ਵੱਧ ਬੋਲੀ ਦੇ ਜਾਵੇ, ਉਹ ਮੱਠ ਦਾ ਸੁਆਮੀ ਬਣ ਜਾਂਦਾ। ਦੋ ਸੌ ਅੱਸੀ ਖੇਤਾਂ ਦੇ ਚੜ੍ਹਾਵੇ ਦਾ ਮਸਲਾ। ਯੂ. ਪੀ. ਵਾਲੇ ਗੋਬਰਧਨ ਦਾਸ ਨੇ ਮੱਲ ਮਾਰ ਲਈ। ਨਾਲੇ ਮੰਤਰੀ ਦੀ ਸਿਫ਼ਾਰਸ਼ ਵੀ ਆ।...ਹੈਰਾਨ ਕਿਉਂ ਹੁੰਦੇ ਹੋ, ਮਾਤਾ ਸ੍ਰੀ। ਅਗਲਿਆਂ ਨੇ ਵੋਟਾਂ ਨ੍ਹੀਂ ਲੈਣੀਆਂ?"

ਧਰਮ, ਵਪਾਰ ਤੇ ਸਿਆਸਤ ਦੇ ਸੰਬੰਧਾਂ ਬਾਰੇ ਵਿਚ ਪੈ ਕੇ ਪਤਾ ਲੱਗਦਾ। ਮੈਂ ਐਵੇਂ ਰਿਸ਼ੀ ਨੂੰ ਦੋਸ਼ ਦੇਈ ਜਾਂਦੀ ਸੀ। ਉਹ ਸੱਚਾ ਆ–

"ਘਰਾਂ ਲਈ ਤਾਂ ਇਨਸਾਨਾਂ ਦੀ, ਰਿਸ਼ਤਿਆਂ ਦੀ ਤੇ ਮੋਹ ਦੀਆਂ ਕੰਧਾਂ ਦੀ ਲੋੜ ਹੁੰਦੀ ਹੈ। ਮੱਠਾਂ ਨੂੰ, ਡੇਰਿਆਂ ਨੂੰ ਲੋੜ ਹੁੰਦੀ ਹੈ ਝੂਠੇ ਵਿਸ਼ਵਾਸਾਂ ਦੀ, ਅਹੰਕਾਰ ਦੀ, ਸਿਆਸਤ ਦੀ, ਧਨ ਦੀ ਤੇ...ਤੇਰੇ ਜਿਹੀਆਂ ਨਿਮਾਣੀਆਂ ਦੀ।"

ਮੈਨੂੰ ਇਕ ਗੱਲ ਸਮਝ ਨ੍ਹੀਂ ਲੱਗੀ। ਰਿਸ਼ੀ ਮੇਰੇ ਜ਼ਿਹਨ ਵਿਚ ਕਿਉਂ ਫਸਿਆ ਹੋਇਆ? ਉਹ ਤਾਂ ਮੁਰਦਾ। ਮੈਂ ਕਿਆਮਤ ਦਾ ਉਹ ਦਿਨ ਉਡੀਕਦੀ ਰਹੀ। ਜਿਸ ਦਿਨ ਪਰਲੋਂ ਆਏਗੀ ਤੇ ਮੁਰਦੇ ਉਠ ਬੈਠਣਗੇ। ਮੈਨੂੰ ਨਿਮਾਣੀ ਨੂੰ ਕੀ ਪਤੈ। ਮੁਰਦੇ ਵੀ ਕਦੇ ਉੱਠੇ ਆ? ਜੀਉਂਦੇ ਹੋਏ ਆ? ਐਵੇਂ ਭਰਮ ਵਿਚ ਜੀਉਂਦੀ ਰਹੀ।

ਬਨਾਰਸ ਵਾਲਿਆਂ ਵਲੋਂ ਸੁਆਮੀ ਗੋਬਰਧਨ ਦਾਸ ਜੀ ਨੂੰ ਗੱਦੀ 'ਤੇ ਬਿਠਾਉਣ ਦੀ ਦੇਰ ਸੀ, ਭਰਾਵਾਂ ਨੇ ਹੰਗਾਮਾ ਕਰ ਦਿੱਤਾ। ਸੇਵਕ ਤੇ ਇਲਾਕੇ ਦੇ ਸ਼ਰਧਾਲੂ ਉਨ੍ਹਾਂ ਦੇ ਨਾਲ ਹਨ। ਮੇਰੀ ਰਾਇ ਵੀ ਨਹੀਂ ਲਈ। ਇਕ ਤਰ੍ਹਾਂ ਘੋਸ਼ਣਾ ਈ ਕਰਤੀ–

"ਜੇ ਮਾਤਾ ਸ੍ਰੀ ਉੱਤਰਾ ਜੀ ਨੂੰ ਗੱਦੀ ਨ੍ਹੀਂ ਸੌਂਪਣੀ। ਅਸੀਂ ਹੋਰ ਮੱਠ ਦੀ ਉਸਾਰੀ ਕਰ ਲਵਾਂਗੇ।"

ਮੈਂ ਨਾਂਹ ਨੁੱਕਰ ਕਰੀ ਜਾਵਾਂ। ਭਰਾਵਾਂ ਨੇ ਸੇਵਕਾਂ ਨੂੰ ਮੇਰੇ ਮਗਰ ਪਾ ਦਿੱਤਾ। ਸੁਆਮੀ ਸ਼ੰਕਰਾਨੰਦ ਨੇ ਵੀ ਮੇਰੇ ਹੱਕ ਵਿਚ ਸਟੈਂਡ ਲੈ ਲਿਆ। ਮੈਂ ਲਾਇਬਰੇਰੀ ਲਈ ਜ਼ਿੱਦ ਕੀਤੀ। ਹਰੀਸ਼ ਹੱਸ ਕੇ ਬੋਲਿਆ–

"ਮਾਤਾ ਸ੍ਰੀ, ਮੱਠ ਵਿਚ 'ਕੱਲਾ ਗਿਆਨ ਦਾ ਖ਼ਜ਼ਾਨਾ ਨ੍ਹੀਂ ਹੋਣਾ। ਅਸੀਂ ਇਹਨੂੰ ਸਟੱਡੀ ਸੈਂਟਰ ਵਜੋਂ ਸਥਾਪਤ ਕਰਾਂਗੇ।"

ਮੈਂ ਸਕੂਲ ਬਾਰੇ ਬੋਲਣ ਹੀ ਲੱਗੀ ਸੀ। ਸ਼ਾਮ ਲਾਲ ਨੇ ਪਹਿਲੋਂ ਹੀ ਹੱਥ ਜੋੜ ਦਿੱਤੇ–

"ਪ੍ਰਾਚੀਨ ਸਮੇਂ ਵਿਚ ਵਿੱਦਿਆ ਮੰਦਰਾਂ ਵਿਚ ਹੀ ਦਿੱਤੀ ਜਾਂਦੀ ਸੀ, ਮਾਤਾ ਸ੍ਰੀ।"

ਮੈਂ ਉਨ੍ਹਾਂ ਦੀਆਂ ਗੱਲਾਂ ਵਿਚ ਨਹੀਂ ਆਉਣਾ ਚਾਹੁੰਦੀ ਸੀ। ਸ਼ੰਕਰਾਨੰਦ ਨੇ ਜ਼ਿਆਦਾ ਜ਼ੋਰ ਪਾਇਆ ਤਾਂ ਮੈਂ ਮੰਨ ਗਈ। ਸਤਿਸੰਗ ਹੋਣ ਲੱਗੇ। ਭਰਾਵਾਂ ਦਾ ਪ੍ਰਾਪੇਗੰਡਾ ਬੜਾ ਜ਼ਬਰਦਸਤ ਸੀ। ਸ਼ਰਧਾਲੂਆਂ ਦਾ ਹੜ੍ਹ ਆ ਗਿਆ। ਮਾਇਆ ਦੇ ਢੇਰ ਲਾ ਦਿੱਤੇ। ਭੱਠਿਆਂ ਵਾਲੇ ਇੱਟਾਂ ਸੁੱਟ ਗਏ। ਦੁਕਾਨਦਾਰ ਸੀਮੇਂਟ ਸਰੀਏ ਦੇ ਟਰੱਕ ਭਰ–ਭਰ ਛੱਡ ਗਏ। ਸ਼ਰਧਾਲੂਆਂ ਵਿਚੋਂ ਮਿਸਤਰੀ ਮਜ਼ਦੂਰ ਨਿੱਤਰ ਆਏ। ਭੂਮੀ ਪੂਜਨ ਕਰਨ ਦੀ ਦੇਰ ਸੀ। ਮੱਠ ਦੀ ਉਸਾਰੀ ਲਈ ਬੱਚੇ, ਬੁੱਢੇ, ਔਰਤਾਂ ਤੇ ਮਰਦਾਂ ਦਾ ਹੜ੍ਹ ਉੱਮੜ ਆਇਆ। ਜੇ ਰਿਸ਼ੀ ਕੋਲ ਹੁੰਦਾ। ਉਸਨੇ ਕਹਿਣਾ ਸੀ–

"ਕਿਰਤ ਦੀ ਲੁੱਟ ਸਭ ਤੋਂ ਵੱਧ ਡੇਰਿਆਂ ਵਿਚ ਹੁੰਦੀ ਆ।"

ਜਦੋਂ ਇਹ ਮੈਂ ਸੋਚ ਰਹੀ ਸੀ, ਤਦ ਸ਼ੰਕਰਾਨੰਦ ਨੇ ਮੇਰੇ ਮਨ ਦੀ ਬਾਤ ਬੁੱਝ ਲਈ ਸੀ। ਉਸਨੇ ਕਿਰਤ ਅਤੇ ਸੇਵਾ ਦਾ ਅੰਤਰ ਸਪੱਸ਼ਟ ਕੀਤਾ ਸੀ।

"ਇਹ ਤਾਂ ਚੰਗੇ ਫਲ ਦੀ ਪ੍ਰਾਪਤੀ ਲਈ ਸੇਵਾ ਕਰ ਰਹੇ ਨੇ।"

ਕੁਝ ਮਹੀਨਿਆਂ ਵਿੱਚ ਹੀ ਸ਼ਰਧਾਲੂਆਂ ਨੇ ਮੱਠ ਦੀ ਇਮਾਰਤ ਉਸਾਰ ਦਿੱਤੀ ਹੈ। ਪਰਸੋਂ ਨੂੰ ਮੂਰਤੀ ਸਥਾਪਨਾ ਦਿਵਸ ਹੈ। ਭਗਵਾਨ ਸ਼ਿਵਜੀ ਅਤੇ ਸੁਆਮੀ ਪਰਮਾਨੰਦ ਜੀ ਦੀਆਂ ਮੂਰਤੀਆਂ ਹਨ। ਮੇਰੀ ਸਿਹਤ ਵਿਗੜੀ ਹੋਈ ਹੈ। ਨੈਣਾਂ 'ਚ ਨੀਂਦ ਨ੍ਹੀਂ। ਜਿਵੇਂ ਸਦੀਆਂ ਤੋਂ ਉਣੀਂਦੀ ਹੋਵਾਂ। ਪਤਾ ਨ੍ਹੀਂ ਕਿਉਂ ਮੈਂ ਸਵੇਰ ਦੀ ਉਲਝੀ ਹੋਈ ਆ। ਹਾਅ ਪੋਸਟਰ ਮੇਰੀਆਂ ਕਰਾਮਾਤਾਂ ਨਾਲ ਭਰਿਆ ਪਿਆ। ਕੀ ਮੈਂ ਸੱਚ ਮੁੱਚ ਦੇਵੀ ਆਂ? ਸ਼ਕਤੀਆਂ ਨਾਲ ਭਰਪੂਰ।

ਮੈਨੂੰ ਕਈ ਦਿਨਾਂ ਦਾ ਆਪਣਾ ਆਪ ਝੂਠਾ–ਝੂਠਾ ਲੱਗਣ ਲੱਗ ਪਿਆ। ਅੱਜ ਕੁਝ ਜ਼ਿਆਦਾ ਈ ਲਗਦਾ। ਐਨਾ ਝੂਠ ਤੂਫ਼ਾਨ। ਉਹ ਵੀ ਭਗਵਾਨ ਦੇ ਨਾਂ 'ਤੇ। ਮੈਂ ਹਾਰੀ ਹੋਈ ਔਰਤ ਤੇ ਕਰਾਮਾਤਾਂ...! ਤੌਬਾ! ਤੌਬਾ! ਮੈਨੂੰ ਵੱਡੀ ਸਾਧਣੀ...ਮਾਤਾ ਸ੍ਰੀ ਦੀ ਉਪਾਧੀ ਦਿੱਤੀ ਗਈ ਹੈ। ਮੈਂ ਬਗੀਚੀ ਵਿਚੋਂ ਉੱਠੀ ਹਾਂ। ਮੁੜ ਦੁਆਰ ਕੋਲ ਆ ਗਈ ਹਾਂ। ਪੋਸਟਰ 'ਤੇ ਨਿਗ੍ਹਾ ਗੱਡ ਲਈ ਹੈ। ਦੁਬਾਰਾ ਪੋਸਟਰ ਪੜ੍ਹਣ ਲੱਗ ਪਈ ਹਾਂ।...ਇਹ ਕੀ? ਮੇਰੇ ਹੱਥ ਤੇਜ਼–ਤੇਜ਼ ਚੱਲਣ ਲੱਗ ਪਏ ਨੇ। ਪੋਸਟਰ ਪਾੜਨ ਲੱਗ ਪਈ ਹਾਂ। ਕੋਈ ਵੀ ਪੋਸਟਰ ਦੀਵਾਰ 'ਤੇ ਰਹਿਣ ਨ੍ਹੀਂ ਦੇਣਾ। ਮੈਨੂੰ ਸਾਹ ਚੜ੍ਹ ਗਿਆ ਹੈ। ਸਾਰੇ ਪੋਸਟਰ ਪਾੜ ਸੁੱਟੇ ਨੇ। ਸਾਹੋ ਸਾਹ ਹੋਈ ਜ਼ਮੀਨ 'ਤੇ ਬਹਿ ਗਈ ਹਾਂ।

***

# ਵਿਗਿਆਨਕ ਖ਼ਬਰਾਂ

## * ਬੰਦ ਹੋਵੇਗਾ ਪਾਰੇ ਦਾ ਥਰਮਾਮੀਟਰ

140 ਦੇਸ਼ਾਂ ਦੇ ਪ੍ਰਤੀਨਿਧੀਆਂ ਨੇ ਪਾਰੇ ਦਾ ਇਸਤੇਮਾਲ ਖਤਮ ਕਰਨ ਦੇ ਲਈ ਪਹਿਲੀ ਵਾਰ ਸੰਯੁਕਤ ਰਾਸ਼ਟਰ ਦੇ ਇੱਕ ਸਮਝੌਤੇ 'ਤੇ ਦਸਤਖਤ ਕੀਤੇ ਹਨ। ਜਾਪਾਨ ਨੇ ਤਾਂ ਗਰੀਬ ਦੇਸ਼ਾਂ ਨੂੰ ਪ੍ਰਦੂਸ਼ਣ ਨਾਲ ਲੜਨ ਦੇ ਲਈ 2 ਅਰਬ ਡਾਲਰ ਦੀ ਸਹਾਇਤਾ ਦੇਣ ਦੀ ਵੀ ਕਸਮ ਖਾ ਰੱਖੀ ਹੈ। ਜਾਪਾਨ ਦੇ ਮਿਨਾਮਾਤਾ ਸ਼ਹਿਰ ਵਿੱਚ ਪ੍ਰਤੀਨਿਧੀ ਜਮ੍ਹਾ ਹੋਏ ਅਤੇ ਬੇਹੱਦ ਜਹਿਰੀਲੀ ਧਾਤੂ ਪਾਰੇ ਦੇ ਲਈ ਪਹਿਲੀ ਵਾਰ ਦੁਨੀਆ ਵਿੱਚ ਕਾਨੂੰਨੀ ਤੌਰ 'ਤੇ ਮਜ਼ਬੂਰੀ ਦੇ ਸਮਝੌਤੇ 'ਤੇ ਦਸਤਖ਼ਤ ਹੋਏ।





ਮਿਨਾਮਾਤਾ ਕਨਵੇਂਸ਼ਨ ਆਨ ਮਰਕਰੀ ਨੂੰ ਇਹ ਨਾਮ ਜਾਪਾਨ ਦੇ ਉਸ ਸ਼ਹਿਰ ਵਿੱਚ ਮਿਲਿਆ ਹੈ ਜਿੱਥੇ ਬਹੁਤ ਜ਼ਿਆਦਾ ਲੋਕ ਇਸ ਜ਼ਹਿਰੀਲੀ ਧਾਤੂ ਦੀ ਲਪੇਟ ਵਿੱਚ ਆਏ। ਇਸ ਸਥਾਨ ਦੀ ਫੈਕਟਰੀ ਤੋਂ ਨਿਕਲਣ ਵਾਲੇ ਕਚਰੇ ਤੋਂ ਪ੍ਰਦੂਸ਼ਣ ਪਾਣੀ ਦੀਆਂ ਮੱਛੀਆਂ ਅਤੇ ਘੋਗੇ ਖਾਣ ਦੇ ਕਾਰਨ ਇਨ੍ਹਾਂ ਵਿੱਚੋਂ ਹੁਣ ਤੱਕ 2000 ਤੋਂ ਜ਼ਿਆਦਾ ਲੋਕਾਂ ਦੀ ਜਾਨ ਜਾ ਚੁੱਕੀ ਹੈ।



ਇਹ ਸਮਝੌਤਾ ਉਦੋਂ ਲਾਗੂ ਹੋਵੇਗਾ ਜਦੋਂ 50 ਦੇਸ਼ ਇਸਦੀ ਪੁਸ਼ਟੀ ਕਰ ਦੇਣਗੇ। ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੇ ਆਯੋਜਕਾਂ ਨੂੰ ਉਮੀਦ ਹੈ ਕਿ ਇਸ ਕੰਮ ਵਿੱਚ 3-4 ਸਾਲ ਲੱਗਣਗੇ। ਕਾਨਫਰੰਸ ਦੇ ਚੇਅਰਮੈਨ ਅਤੇ ਜਾਪਾਨ ਦੇ ਵਾਤਾਵਰਣ ਮੰਤਰੀ ਨੋਬੁਤੇਰੂ ਇਸ਼ਿਹਾਰਾ ਨੇ ਪੱਤਰਕਾਰਾਂ ਨੂੰ ਕਿਹਾ, "ਪਾਰੇ ਦੇ ਖਤਰੇ ਨੂੰ ਘੱਟ ਕਰਨ ਦੀ ਦਿਸ਼ਾ ਵਿੱਚ ਮਨੁੱਖ ਜਾਤੀ ਦਾ ਇਹ ਪਹਿਲਾ ਕਦਮ ਹੈ। ਅਸੀਂ ਸਖ਼ਤ ਮੇਹਨਤ ਕਰਾਂਗਾ ਜਿਸ ਨਾਲ ਜ਼ਿਆਦਾ ਦੇਸ਼ ਇਸਦੀ ਤੁਰੰਤ ਪੁਸ਼ਟੀ ਕਰ ਦੇਣ। ਇਸ ਮਹੀਨੇ ਸ਼ੁਰੂ ਹੋਏ ਇਸ ਪ੍ਰੋਗਰਾਮ ਵਿੱਚ ਭੇਜੇ ਆਪਣੇ ਵੀਡੀਓ ਸੰਦੇਸ਼ ਵਿੱਚ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਨੇ ਗਰੀਬ ਵਿਕਾਸ਼ੀਲ ਦੇਸ਼ਾਂ ਨੂੰ ਪ੍ਰਦੂਸ਼ਣ ਦੀ ਸਮਰੱਥਾ ਨਾਲ ਨਿਪਟਣ ਦੇ ਲਈ ਅਗਲੇ 3 ਸਾਲਾਂ ਵਿੱਚ 2 ਅਰਬ ਡਾਲਰ ਦੀ ਸਹਾਇਤਾ ਦੇਣ ਦੀ ਮਨਜ਼ੂਰ ਦਿੱਤੀ ਹੈ। ਆਬੇ ਨੇ ਕਿਹਾ, "ਅਸੀਂ ਪਾਰੇ ਦਾ ਨੁਕਸਾਨ ਝੱਲਿਆ ਹੈ ਅਤੇ ਉਸ ਵਿੱਚ ਉਲਝੇ ਹਾਂ, ਅਜਿਹੇ ਵਿੱਚ ਜਾਪਾਨ ਦੀ ਜ਼ਿੰਮੇਵਾਰੀ ਹੈ ਕਿ ਦੁਨੀਆ ਤੋਂ ਇਸ ਨੂੰ ਮਿਟਾਉਣ ਦੀਆਂ ਕੋਸ਼ਿਸ਼ਾਂ ਵਿੱਚ ਅੱਗੇ ਵੱਧ ਕੇ ਹਿੱਸਾ ਲਿਆ ਜਾਵੇ।" ਜਦੋਂਕਿ ਪ੍ਰਧਾਨ ਮੰਤਰੀ ਦੇ ਇਸ ਬਿਆਨ ਦੀ ਮਿਨਾਮਾਤਾ ਵਿੱਚ ਕਾਫੀ ਆਲੋਚਨਾ ਵੀ ਹੋਈ।



## * ਐਕਸੀਡੈਂਟ ਤੋਂ ਆਪਣੇ ਆਪ ਬਚਾਏਗੀ ਕਾਰ

ਛੇਤੀ ਹੀ ਤੁਹਾਡੇ ਕੋਲ ਇਕ ਅਜਿਹੀ ਕਾਰ ਹੋਵੇਗੀ ਜੋ ਸਾਹਮਣੇ ਕੋਈ ਚੀਜ਼ ਦੇ ਆਉਣ ਨਾਲ ਆਪਣੇ ਆਪ ਕਾਰ ਨੂੰ ਦੂਜੀ ਦਿਸ਼ਾ ਵਿੱਚ ਮੋੜ ਦੇਵੇਗੀ। ਜਰਮਨੀ ਵਿੱਚ ਇੱਕ ਅਜਿਹੀ ਕਾਰ ਦਾ ਨਿਰਮਾਣ ਕੀਤਾ ਗਿਆ ਹੈ ਜੋ ਸਾਹਮਣੇ ਕਿਸੇ ਸਾਧਨ ਦੇ ਆਉਣ ਤੇ ਪਹਿਲਾਂ ਹੀ ਕਾਰ ਦੇ ਸਟੇਅਰਿੰਗ ਨੂੰ ਕੰਟਰੋਲ ਕਰ ਲੈਂਦੀ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਟੱਕਰ ਹੋਣ ਤੋਂ ਬਚਾਅ ਲੈਂਦੀ ਹੈ। ਕਾਰ ਨਿਰਮਾਤਾ ਕੰਪਨੀ ਫ਼ੋਰਡ ਦਾ ਕਹਿਣਾ ਹੈ ਕਿ ਕਾਰ ਵਿੱਚ ਲਗਾਇਆ ਗਿਆ ਇਹ ਨਵਾਂ ਸਿਸਟਮ ਪਹਿਲਾ ਤਾਂ ਡਰਾਇਵਰ ਨੂੰ ਸੁਚੇਤ ਕਰਦਾ ਹੈ ਜੇਕਰ ਡਰਾਇਵਰ ਦਾ ਫਿਰ ਵੀ ਧਿਆਨ ਨਹੀਂ ਜਾਂਦਾ ਤਾਂ ਸਿਸਟਮ ਖ਼ੁਦ ਹੀ ਸਟੇਅਰਿੰਗ 'ਤੇ ਆਪਣਾ ਕੰਟਰੋਲ ਬਣਾ ਲੈਂਦਾ ਹੈ।

ਇੱਕ ਮਾਹਿਰ ਵਿਅਕਤੀ ਦਾ ਕਹਿਣਾ ਹੈ ਕਿ ਇਹ ਸਿਸਟਮ 'ਚਾਲਕਵਿਹੀਨ ਕਾਰ' ਦੇ ਨਿਰਮਾਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਸ ਸਿਸਟਮ ਵਿੱਚ ਤਿੰਨ ਰਡਾਰ, ਕਈ ਅਲਟ੍ਰਾਸੋਨਿਕ ਸੇਂਸਰ ਅਤੇ ਇੱਕ ਕੈਮਰਾ ਲੱਗਿਆ ਹੋਇਆ ਹੈ ਜਿਸਦੀ ਮਦਦ ਨਾਲ ਇਹ 200 ਮੀਟਰ ਤੱਕ ਹੋਣ ਵਾਲੀ ਕਿਸੇ ਵੀ ਪ੍ਰਕਾਰ ਦੀ ਦੁਰਘਟਨਾ ਦੀ ਪਹਿਚਾਣ ਕਰ ਲੈਂਦਾ ਹੈ ਅਤੇ ਡਰਾਇਵਰ ਨੂੰ ਸੁਚੇਤ ਕਰਦਾ ਹੈ। ਇਸ ਤੋਂ ਇਲਾਵਾ ਸਾਹਮਣੇ ਲੱਗੀ ਤਸਵੀਰ 'ਤੇ ਚੇਤਾਵਨੀ ਚਿੰਨ੍ਹ ਵੀ ਬਣਿਆ ਹੋਇਆ ਹੈ ਜੋ ਕਿ ਖ਼ਤਰੇ ਦੀ ਸਥਿਤੀ ਵਿੱਚ ਚਮਕਣ ਲੱਗ ਪੈਂਦਾ ਹੈ। ਇਸ ਤੋਂ ਬਾਅਦ ਜੇਕਰ ਜ਼ਰੂਰਤ ਪਵੇ ਤਾਂ ਇਹ ਸਿਸਟਮ ਕਾਰ ਵਿੱਚ ਬ੍ਰੇਕ ਵੀ ਲਾ ਦਿੰਦਾ ਹੈ ਜਾਂ ਫਿਰ ਖੁੱਲ੍ਹੀ ਥਾਂ ਵੱਲ ਨੂੰ ਮੋੜ ਦਿੰਦਾ ਹੈ ਤੇ ਕਿਸੇ ਵੀ ਦੁਰਘਟਨਾ ਤੋਂ ਕਾਰ ਅਤੇ ਉਸ ਵਿੱਚ ਬੈਠੇ ਲੋਕਾਂ ਨੂੰ ਬਚਾਅ ਲੈਂਦਾ ਹੈ। ਫ਼ੋਰਡ ਦੇ ਯੂਰੋਪਿਅਨ ਡਿਵੀਜ਼ਨ ਦੇ ਉਪਾਧਅਕਸ਼ ਬਾਰਡ ਸਮਾਰਡਿਕ ਕਹਿੰਦੇ ਹਨ, "ਗੱਡੀ ਦੇ ਸਾਹਮਣੇ ਜੇਕਰ ਕੋਈ ਪੈਦਲ ਵਿਅਕਤੀ ਆ ਰਿਹਾ ਹੋਵੇ ਜਾਂ ਫਿਰ ਕੋਈ ਚੀਜ਼ ਆ ਜਾਵੇ ਤਾਂ ਪਹਿਲਾਂ ਕਾਰ ਵਿੱਚ ਲੱਗਿਆ ਅਲਾਰਮ ਸਿਸਟਮ ਖ਼ਤਰੇ ਦੀ ਚੇਤਾਵਨੀ ਦਿੰਦਾ ਹੈ ਅਤੇ ਉਸਦੇ ਬਾਅਦ ਵਿੱਚ ਸਟੇਅਰਿੰਗ ਨੂੰ ਆਪਣੇ ਕੰਟਰੋਲ ਵਿੱਚ ਕਰ ਲੈਂਦਾ ਹੈ।"






**ਪ੍ਰਦਰਸ਼ਨ** : ਕੰਪਨੀ ਨੇ ਇਸ ਸਿਸਟਮ ਦਾ ਪ੍ਰਦਰਸ਼ਨ ਇਸ ਹਫਤੇ ਬੇਲਿਜਅਮ ਵਿੱਚ ਕੀਤਾ। ਫ਼ੋਰਡ ਕੰਪਨੀ ਨੇ ਪਿਛਲੇ ਸਾਲ ਹੀ ਇਕ ਅਜਿਹਾ ਸਿਸਟਮ ਬਣਾਇਆ ਸੀ ਜੋ ਗੱਡੀ ਦੀ ਲਾਇਨ ਭਾਵ ਜਿਸ ਪਟੜੀ 'ਤੇ ਚੱਲ ਰਹੀ ਹੈ ਉਸਦੇ ਬਾਰੇ ਵਿੱਚ ਚੇਤਾਵਨੀ ਜਾਰੀ ਕਰਦਾ ਸੀ ਪਰ ਇਹ ਸਿਸਟਮ ਸਿਰਫ਼ ਚੇਤਾਵਨੀ ਦਿੰਦਾ ਸੀ, ਉਸਨੂੰ ਕੰਟਰੋਲ ਵਿੱਚ ਨਹੀਂ ਕਰਦਾ ਸੀ। ਫੋਰਡ ਕੰਪਨੀ ਦੀ ਗੱਡੀਆਂ ਵਿੱਚ ਹੁਣ ਵੀ ਇਕ ਅਜਿਹਾ ਸਿਸਟਮ ਹੈ ਜੋ ਕਿ ਸਾਹਮਣੇ ਕਿਸੇ ਚੀਜ਼ ਜਾਂ ਖ਼ਤਰਾ ਹੋਣ ਦੇ ਸੰਕੇਤ ਨਾਲ ਕਾਰ ਵਿੱਚ ਖ਼ੁਦ-ਬ-ਖ਼ੁਦ ਬਰੇਕ ਲਗਾਅ

ਦਿੰਦਾ ਹੈ। ਇਹ ਸਿਸਟਮ ਸਿਰਫ਼ ਸਥਾਈ ਅਵਰੋਧੋਂ ਦੀ ਸਥਿਤੀ ਵਿੱਚ ਕੰਮ ਕਰਦਾ ਹੈ ਜਾਂ ਫਿਰ ਬਹੁਤ ਘੱਟ ਗਤੀ ਨਾਲ ਆ ਰਹੇ ਕਿਸੇ ਚੀਜ਼ ਦੇ ਸਾਹਮਣੇ। ਹੁਣ ਕੰਪਨੀ ਦਾ ਕਹਿਣਾ ਹੈ ਕਿ ਇਹ ਨਵਾਂ ਸਿਸਟਮ ਉਸ ਅਵਰੋਧ ਦੇ ਬਾਰੇ ਵਿੱਚ ਸੂਚਿਤ ਕਰ ਦਿੰਦਾ ਹੈ ਜੋ ਸੱਠ ਕਿਮੀ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਸਾਹਮਣੇ ਆ ਰਿਹਾ ਹੋਵੇ।

**ਦਿਕਤਾਂ** : ਬੀਐੱਮਡਬਲਯੂ (2) ਫਿਏਟ, ਵੋਲਵੋ ਅਤੇ ਫ਼ੋਕਸਵੈਗਨ ਵਰਗੀਆਂ ਅਨੇਕਾਂ ਕੰਪਨੀਆਂ ਵੀ ਸ਼ਾਮਿਲ ਹਨ। ਜਦੋਂਕਿ ਇਸ ਬਾਰੇ ਵਿੱਚ ਕੁਝ ਸਵਾਲ ਵੀ ਉੱਠ ਰਹੇ ਹਨ ਕਿ ਗੱਡੀ ਚਲਨ ਸਮੇਂ ਮਸ਼ੀਨ ਡਰਾਇਵਰ ਦੇ ਹੱਥ ਵਿੱਚ ਨਿਯੰਤਰਣ ਆਪਣੇ ਹੱਥ ਵਿੱਚ ਲੈ ਲਵੇਗੀ। ਪਰ ਇਸ ਬਾਰੇ ਵਿੱਚ ਫ਼ੋਰਡ ਦਾ ਕਹਿਣਾ ਹੈ ਕਿ ਬਹੁਤ ਘੱਟ ਅਜਿਹੇ ਲੋਕ ਹੁੰਦੇ ਹਨ ਜੋ ਅਚਾਨਕ ਸਾਹਮਣੇ ਕਿਸੇ ਅਵਰੋਧ ਦੇ ਆ ਜਾਣ 'ਤੇ ਇਸ ਤੋਂ ਬਚ ਪਾਉਂਦੇ ਹਨ। ਕੰਪਨੀ ਨੇ ਇਹ ਅੰਕੜੇ ਜਰਮਨ ਦੇ ਸਰਕਾਰੀ ਵਿਭਾਗ ਨਾਲ ਜੋੜਿਆ ਹੈ। ਜਦੋਂਕਿ ਫ਼ੋਰਡ ਕੰਪਨੀ ਦਾ ਕਹਿਣਾ ਹੈ ਕਿ ਇਸ ਸਿਸਟਮ ਨੂੰ ਕਾਰ ਦਾ ਹਿਸਾ ਬਣਾਉਣ ਦੇ ਲਈ ਹੋਰ ਪ੍ਰਯੋਗਾਂ (ਟੈਸਟਾਂ) ਦੀ ਜ਼ਰੂਰਤ ਹੈ।

## * ਡਾਇਟਿੰਗ ਨਹੀਂ, ਨੀਂਦ ਘਟਾਵੇਗੀ ਮੋਟਾਪਾ

ਮੋਟਾਪਾ ਘੱਟ ਕਰਨ ਦੇ ਲਈ ਦੁਨੀਆਂ ਭਰ ਦੇ ਲੋਕ ਡਾਇਟਿੰਗ ਅਤੇ ਕਸਰਤ 'ਤੇ ਧਿਆਨ ਦਿੰਦੇ ਹਨ ਪਰ ਰਾਤ ਦੀ ਨੀਂਦ 'ਤੇ ਧਿਆਨ ਨਹੀਂ ਦਿੰਦੇ। ਮਾਹਰਾਂ ਦੇ ਅਨੁਸਾਰ ਰਾਤ ਨੂੰ ਅੱਛੀ ਨੀਂਦ ਲੈਣਾ ਬਹੁਤ ਜ਼ਰੂਰੀ ਹੈ। ਬ੍ਰਿਟੇਨ ਵਿੱਚ ਮੋਟਾਪਾ ਇੱਕ ਸਮੱਸਿਆ ਹੈ ਅਤੇ ਇੱਥੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਦੇ ਲਈ ਅਨੇਕਾਂ ਅਭਿਆਨ ਚਲ ਰਹੇ ਹਨ। ਕੋਸ਼ਿਸ਼ ਹੋ ਰਹੀ ਹੈ ਕਿ ਲੋਕ ਆਪਣਾ ਭੋਜਨ ਨਿਯੰਤਰਣ ਕਰਨ ਅਤੇ ਖੂਬ ਆਪਣਾ ਕੰਮ ਕਰਨ। ਪਰ ਹੁਣ ਤੱਕ ਆਈਆਂ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਮੋਟਾਪਾ ਘੱਟ ਕਰਨ 'ਤੇ ਕੋਈ ਖ਼ਾਸ ਅਸਰ ਨਹੀਂ ਪੈ ਰਿਹਾ। ਕਈ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਬੱਚੇ ਅਤੇ ਵੱਡਿਆਂ ਦੋਨਾਂ ਵਿੱਚ ਘੱਟ ਨੀਂਦ ਅਤੇ ਜ਼ਿਆਦਾ ਵਜ਼ਨ ਜਾਂ ਮੋਟਾਪੇ ਦਾ ਡੂੰਘਾ ਸੰਬੰਧ ਹੈ। ਇਹ ਕੇਵਲ ਸੰਯੋਗ ਨਹੀਂ ਹੈ ਕਿ ਪਿਛਲੇ 40 ਸਾਲਾਂ ਵਿੱਚ ਇੱਕ ਪਾਸੇ ਸਾਡੀ ਨੀਂਦ ਘੱਟ ਗਈ ਹੈ ਅਤੇ ਦੂਜੇ ਪਾਸੇ ਮੋਟਾਪੇ ਦੀ ਸਮੱਸਿਆ ਵਧ ਗਈ ਹੈ। ਫੰਕਸ਼ਨਲ ਮੈਗਨੇਟਿਕ ਰੇਜ਼ੋਨੈਂਸ ਇਮੇਜਿੰਗ (ਐਫਐਮਆਰਆਈ) ਦੀ ਵਰਤੋਂ ਤੋਂ ਪਤਾ ਲੱਗਦਾ ਹੈ ਕਿ ਅੱਛੀ ਨੀਂਦ ਨਾ ਆਉਣ ਦੇ ਕਾਰਨ ਅਨੇਕਾਂ ਸਮੱਸਿਆਵਾਂ ਨੂੰ ਹੱਲ ਕਰਨ ਵਾਲੇ ਦਿਮਾਗ ਦੇ ਹਿੱਸੇ 'ਤੇ ਅਸਰ ਪੈਂਦਾ ਹੈ ਅਤੇ ਲੋਕਾਂ ਦੀ ਅਸੰਤੁਲਿਤ ਭੋਜਨ ਵੱਲ ਖਿਚ ਵਧਦੀ ਹੈ।





**ਵਧ ਜਾਂਦੀ ਹੈ ਭੁੱਖ** : ਖ਼ਰਾਬ ਨੀਂਦ ਭਾਵ ਚੰਗੀ ਨੀਂਦ ਨਾ ਆਉਣ ਦੇ ਕਾਰਨ ਭੁੱਖ ਮਹਿਸੂਸ ਕਰਾਉਣ ਵਾਲੇ ਹਰਮੋਨ ਦੇ ਸਤਰ ਵਿੱਚ ਵੀ ਬਦਲਾਅ ਹੁੰਦਾ ਹੈ। ਇਸ ਨਾਲ ਲੇਪਟਿਨ (ਇਹ ਪੇਟ ਭਰਨ ਅਤੇ ਖਾਣੇ ਦੀ ਮਾਤਰਾ ਨੂੰ ਨਿਯੰਤਰਣ ਕਰਦਾ ਹੈ) ਦੇ ਸਤਰ ਵਿੱਚ ਘਾਟ ਅਤੇ ਗ੍ਰੇਲਿਨ (ਭੁੱਖ, ਚਰਬੀ ਅਤੇ ਮੋਟਾਪੇ ਨੂੰ ਵਧਾਉਂਦਾ ਹੈ) ਦਾ ਸਤਰ ਵਧ ਜਾਂਦਾ ਹੈ। ਖੋਜਕਾਰੀਆਂ ਦਾ ਕਹਿਣਾ ਹੈ ਕਿ ਇਸ ਕਾਰਨ ਭੁੱਖ ਵਿੱਚ 24 ਫੀਸਦੀ, ਖਾਣੇ (ਭੋਜਨ) ਦੀ ਇੱਛਾ ਵਿੱਚ 23 ਫੀਸਦੀ ਹੋਰ ਮੋਟੇ ਹੋਣ ਦੀ ਇੱਛਾ ਵਿੱਚ 33 ਫੀਸਦੀ ਵਾਧਾ ਹੁੰਦਾ ਹੈ। ਇਸ ਵਿੱਚ ਕਾਰਬੋਹਾਇਡ੍ਰੇਟ ਭਰਪੂਰ ਭੋਜਨ ਕਰਨ ਨਾਲ ਇਨਸਾਨ ਨੂੰ ਲਗਦਾ ਹੈ ਕਿ ਉਸਨੇ ਜ਼ਰੂਰੀ ਭੋਜਨ ਕਰ ਲਿਆ ਹੈ, ਇਸ ਤਰ੍ਹਾਂ ਇਨਸਾਨ ਨੂੰ ਜ਼ਿਆਦਾ ਭੋਜਨ ਖਾਣ ਦੇ ਲਈ ਉਤਸ਼ਾਹ ਮਿਲਦਾ ਹੈ। ਘਟ ਨੀਂਦ ਦੇ ਕਾਰਨ ਵੀ ਇਨਸਾਨ ਭੋਜਣ ਖਾਣ ਦੇ ਬਾਅਦ ਹਰ ਸਮੇਂ ਖਾਣੇ ਦੀ ਮੰਗ ਕਰਦਾ ਹੈ। ਇਸ ਤਰ੍ਹਾਂ ਉਹ ਜ਼ਿਆਦਾ ਜੰਕ ਫੂਡ ਖਾਣ ਲਗਦਾ ਹੈ। ਇਸ ਕਾਰਨ ਉਹ ਜ਼ਿਆਦਾ ਮਾਤਰਾ ਵਿੱਚ ਫ਼ਲ, ਸਬਜੀਆਂ ਨਹੀਂ ਖਾ ਪਾਉਂਦਾ। ਅਸਲ ਗੱਲ ਇਹ ਹੈ ਕਿ ਜਦ ਤੁਸੀਂ ਘਟ ਸੌਂਦੇ ਹੋ ਤਾਂ ਤੁਹਾਡੀ ਇੱਛਾ ਜੰਕ ਫੂਡ ਖਾਣ ਦੀ ਹੁੰਦੀ ਹੈ, ਪਰ ਜਦੋਂ ਤੁਸੀਂ ਭਰਪੂਰ ਨੀਂਦ ਲਈ ਹੋਵੇਗੀ ਤਾਂ ਤੁਹਾਡੀ ਇੱਛਾ ਸੇਬ ਜਾਂ ਕੇਕ ਖਾਣ ਦੀ ਹੋਵੇਗੀ ਅਤੇ ਇਸਦਾ ਸਿੱਧਾ ਅਸਰ ਤੁਹਾਡੀ ਸਿਹਤ 'ਤੇ ਪੈਂਦਾ ਹੈ।

## * ਦੁਪਹਿਰ ਦੀ ਨੀਂਦ ਨਾਲ ਵਧਦੀ ਹੈ ਬੱਚਿਆਂ ਦੀ ਯਾਦਦਸ਼ਤ

ਅਮਰੀਕਾ ਵਿੱਚ ਹੋਏ ਇੱਕ ਅਧਿਐਨ ਦੇ ਅਨੁਸਾਰ ਦੁਪਹਿਰ ਵਿੱਚ ਭੋਜਨ ਖਾਣ ਦੇ ਬਾਅਦ ਲਗਭਗ ਇੱਕ ਘੰਟੇ ਦੀ ਨੀਂਦ ਲੈਣ ਨਾਲ ਬੱਚੇ ਦੀ ਯਾਦਦਾਸ਼ਤ ਵਧਦੀ ਹੈ। ਖੋਜਕਾਰੀਆਂ ਨੇ ਖੋਜ ਦੌਰਾਨ ਇਹ ਗੱਲ ਦਾ ਪਤਾ ਲਗਾਇਆ ਹੈ ਕਿ ਨੀਂਦ ਲੈਣ ਵਾਲੇ ਤਿੰਨ ਤੋਂ ਪੰਜ ਸਾਲ ਦੇ ਬੱਚਿਆਂ ਨੇ ਬੇਹਤਰ ਤਰੀਕੇ ਨਾਲ ਆਪਣੇ ਪਾਠ ਯਾਦ ਕੀਤੇ। ਯੂਨੀਵਰਸਿਟੀ ਆਫ ਮੈਸਾਚਯੂਸੇਟ੍ਸ ਦੇ ਸੋਧਕਾਰੀਆਂ ਨੇ 40 ਬੱਚਿਆਂ 'ਤੇ ਅਧਿਐਨ ਕੀਤਾ ਅਤੇ ਆਪਣੀ ਰਿਪੋਰਟ ਨੈਸ਼ਨਲ ਅਕੈਡਮੀ ਆਫ ਸਾਇੰਸੇਜ਼ ਨੂੰ ਭੇਜੀ। ਖੋਜਕਾਰੀਆਂ ਦਾ ਕਹਿਣਾ ਹੈ ਕਿ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਦਿਮਾਗ਼ ਨੂੰ ਮਜ਼ਬੂਤ ਬਣਾਉਣ ਅਤੇ ਸਿੱਖਣ ਦੇ ਲਈ ਦੁਪਹਿਰ ਦੀ ਨੀਂਦ ਬੇਹੱਦ ਅਹਿਮ ਹੈ। ਸੋਧਕਾਰੀਆਂ ਨੇ ਪਾਇਆ ਹੈ ਕਿ ਖਾਣਾ ਖਾਣ ਦੇ ਬਾਅਦ ਆਰਾਮ ਕਰਨ ਵਾਲੇ ਬੱਚਿਆਂ ਨੇ ਆਪਣੇ ਟਾਸਕ ਨੂੰ ਉਹਨਾਂ ਬੱਚਿਆਂ ਦੀ ਤੁਲਨਾ ਵਿੱਚ ਬੇਹਤਰ ਤਰੀਕੇ ਨਾਲ ਪੂਰਾ ਕੀਤਾ, ਜਿਹਨਾਂ ਨੇ ਦੁਪਹਿਰ ਵਿੱਚ ਨੀਂਦ ਨਹੀਂ ਲਈ ਸੀ। ਨੀਂਦ ਲੈਣ ਦੇ ਬਾਅਦ ਇਹਨਾਂ ਬੱਚਿਆਂ ਨੇ ਨਾ ਸੌਣ ਵਾਲੇ ਬੱਚਿਆਂ ਦੀ ਤੁਲਨਾ ਵਿੱਚ 10 ਫੀਸਦੀ ਗੱਲਾਂ ਜ਼ਿਆਦਾ ਯਾਦ ਰੱਖੀਆਂ ਸਨ। ਇਸ ਤਰ੍ਹਾਂ ਖੋਜਕਾਰੀਆਂ ਨੇ ਪ੍ਰਯੋਗਸ਼ਾਲਾ ਵਿੱਚ ਆਏ 14 ਬੱਚਿਆਂ ਦੀ ਨਜ਼ਦੀਕ ਤੋਂ ਨਿਗਰਾਨੀ ਕੀਤੀ। ਖੋਜਕਾਰੀਆਂ ਨੇ ਦੱਸਿਆ ਕਿ ਨੀਂਦ ਦੇ ਦੌਰਾਨ ਦਿਮਾਗ਼ ਚਲਦਾ ਰਹਿੰਦਾ ਹੈ। ਖੋਜਕਾਰੀਆਂ ਦੇ ਅਨੁਸਾਰ ਦੁਪਹਿਰ ਨੂੰ ਸੌਣ ਵਾਲੇ ਬੱਚਿਆਂ ਦੇ ਦਿਮਾਗ਼ ਨੂੰ ਸਿੱਖਣ ਅਤੇ ਨਵੀਂ ਸੂਚਨਾ ਇਕੱਠੀ ਕਰਨ ਵਾਲੇ ਹਿੱਸੇ ਦੀਆਂ ਗਤੀਵਿਧੀਆਂ ਵਧ ਜਾਂਦੀਆਂ ਹਨ।

**ਨਰਸਰੀ ਸਕੂਲ ਇਕਮਤ ਨਹੀਂ** : ਸਿੱਖਣ ਦੀ ਪ੍ਰਕ੍ਰਿਆ ਦੀ ਜਾਂਚ ਕਰਨ ਵਾਲੇ ਰੇਬੇਕਾ ਸਪੇਂਸਰ ਨੇ ਕਿਹਾ, "ਨਿਸ਼ਚਿਤ ਤੌਰ 'ਤੇ ਪ੍ਰੀ-ਸਕੂਲ ਦੇ ਬੱਚਿਆਂ ਦੇ ਲਈ ਦੁਪਹਿਰ ਦੀ ਨੀਂਦ ਦੀ ਅਹਿਮੀਅਤ ਦੇ ਬਾਰੇ ਵਿੱਚ ਸਾਡੀ ਪਹਿਲੀ ਖੋਜ ਹੈ। ਸਾਡੇ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਛੋਟੇ ਬੱਚੇ ਪ੍ਰੀ-ਸਕੂਲ ਵਿੱਚ ਜੋ ਚੀਜ਼ਾਂ ਸਿੱਖਦੇ ਹਨ ਉਹਨਾਂ ਨੂੰ ਬਿਹਤਰ ਤਰੀਕੇ ਨਾਲ ਯਾਦ ਰੱਖਣ ਵਿੱਚ ਦੁਪਹਿਰ ਦੀ ਨੀਂਦ ਮਦਦ ਕਰਦੀ ਹੈ। ਖੋਜਕਾਰੀਆਂ ਦਾ ਕਹਿਣਾ ਹੈ ਕਿ ਛੋਟੇ ਬੱਚਿਆਂ ਨੂੰ ਦੁਪਹਿਰ ਦੀ ਨੀਂਦ ਦੇ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਰਾਹੁਲ ਕਾਲਜ ਆਫ ਪੀਡਿਏਟ੍ਰਿਕਸ ਐਂਡ ਚਾਇਲਡ ਹੈਲਥ ਦੇ ਡਾ. ਰਾਬਰਟ ਸਕਾਟ ਜਪ ਨੇ ਕਿਹਾ, "ਇਹ ਗੱਲ ਸਾਲਾਂ ਤੋਂ ਪਤਾ ਹੈ ਕਿ ਝਪਕੀ ਨਾਲ ਜਵਾਨ ਲੋਕਾਂ ਦੀ ਯਾਦਦਾਸ਼ਤ ਤੇਜ ਹੁੰਦੀ ਹੈ। ਮਿਸਾਲ ਦੇ ਲਈ ਨਾਇਟ ਸਿਫਟ ਵਿੱਚ ਕੰਮ ਕਰਨ ਵਾਲੇ ਡਾਕਟਰ ਪਰ ਹੁਣ ਤੱਕ ਕਿਸੇ ਨੇ ਇਹ ਚੀਜ਼ ਬੱਚਿਆਂ ਵਿੱਚ ਨਹੀਂ ਦੇਖੀ ਸੀ। ਇਹ ਮਹੱਤਵਪੂਰਨ ਹੈ ਕਿਉਂਕਿ ਨਰਸਰੀ ਸਕੂਲ ਬੱਚਿਆਂ ਨੂੰ ਦੁਪਹਿਰ ਦੀ ਨੀਂਦ ਨੂੰ ਲੈ ਕੇ ਇਕਮਤ ਨਹੀਂ ਹੈ।" ਉਹਨਾਂ ਦਾ ਕਹਿਣਾ ਹੈ ਕਿ, "ਇੱਕ ਬੱਚੇ ਦੇ ਦਿਮਾਗ਼ ਨੂੰ ਬੇਹਤਰ ਬਣਾਉਣ ਦੇ ਲਈ ਉਸਨੂੰ ਹਰ ਰੋਜ 10-13 ਘੰਟੇ ਦੀ ਨੀਂਦ ਦੀ ਜ਼ਰੂਰਤ ਹੁੰਦੀ ਹੈ ਤਾਂ ਕਿ ਉਹ ਆਪਣਾ ਦਿਮਾਗ਼ ਰਿਚਾਰਜ ਕਰ ਸਕਣ ਅਤੇ ਅਗਲੇ ਦਿਨ ਦੀਆਂ ਚੁਣੌਤੀਆਂ ਨਾਲ

ਨਿਪਟਣ ਦੇ ਲਈ ਖੁਦ ਨੂੰ ਤਿਆਰ ਕਰ ਸਕਣ।”



## * ਕੈਂਸਰ ਦੀ ਰੋਕਥਾਮ ਕਰੇਗੀ ਬਲੱਡ ਪ੍ਰੈਸ਼ਰ ਦੀ ਦਵਾਈ

ਆਮ ਤੌਰ ’ਤੇ ਬਲੱਡ ਪ੍ਰੈਸ਼ਰ ਦੇ ਲਈ ਵਰਤੀ ਜਾਣ ਵਾਲੀ ਇਕ ਦਵਾਈ ਕੈਂਸਰ ਨਾਲ ਲੜਨ ਵਿੱਚ ਮਦਦਗਾਰ ਸਾਬਤ ਹੋ ਸਕਦੀ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਲੋਸਾਟਰਨ ਨਾਮ ਦੀ ਇਹ ਦਵਾਈ ਠੋਸ ਟਿਊਮਰ ਦੀਆਂ ਖੂਨ ਦੀਆਂ ਕੋਸ਼ਿਕਾਵਾਂ ਨੂੰ ਖੋਲਕੇ ਕੈਂਸਰ ਦੇ ਰੋਗੀਆਂ ਨੂੰ ਲਾਭ ਪਹੁੰਚਾਉਂਦੀ ਹੈ। ਉਹਨਾਂ ਦੇਖਿਆ ਕਿ ਕੈਂਸਰ ਦੀ ਪਰੰਪਰਾਗਤ ਦਵਾਈਆਂ ਦੇ ਨਾਲ ਹੀ ਲੋਸਾਟਰਨ ਦੀ ਵਰਤੋਂ ਨਾਲ ਮਰੀਜਾਂ ਦੀ ਉਮਰ ਵਧ ਜਾਂਦੀ ਹੈ। ਇੱਕ ਰਿਪੋਰਟ ਦੇ ਅਨੁਸਾਰ ਚੂਹਿਆਂ ’ਤੇ ਸਫ਼ਲ ਅਧਿਐਨ ਕਰਨ ਤੋਂ ਬਾਅਦ ਹੁਣ ਡਾਕਟਰਾ ਦੀ ਯੋਜਨਾ ਅਗਨਾਸ਼ਅ ਦੇ ਕੈਂਸਰ ਦੇ ਰੋਗੀਆਂ ਨੂੰ ਲੋਸਾਟਰਨ ਦੇਣ ਦੀ ਹੈ। ਅਗਨਾਸ਼ਅ ਦੇ ਕੈਂਸਰ ਦਾ ਇਲਾਜ ਕਾਫ਼ੀ ਮੁਸ਼ਕਿਲ ਹੈ ਅਤੇ ਇਸ ਬੀਮਾਰੀ ਦੇ ਕੇਵਲ ਪੰਜ ਪ੍ਰਤੀਸ਼ਤ ਮਰੀਜ਼ ਹੀ ਬੀਮਾਰੀ ਹੋਣ ਦੇ ਬਾਅਦ ਪੰਜ ਸਾਲ ਤੱਕ ਜਿੰਦਾ ਰਹਿ ਸਕਦੇ ਹਨ। ਇਸਦਾ ਖਾਸ ਕਾਰਨ ਹੈ ਕਿ ਇਸ ਬੀਮਾਰੀ ਦੇ ਦਸ ਰੋਗੀਆਂ ਵਿੱਚ ਕੇਵਲ ਇਕ ਦੇ ਟਿਊਮਰ ਦਾ ਹੀ ਅਪਰੇਸ਼ਨ ਸੰਭਵ ਹੋ ਪਾਉਂਦਾ ਹੈ।



**ਉਮੀਦਾਂ ਭਰਿਆ ਭਵਿੱਖ :** ਅਮਰੀਕਾ ਵਿੱਚ ਜਨਰਲ ਹਸਪਤਾਲ ਦੇ ਜਾਂਚ ਕਰਤਾ ਅਜਿਹੇ ਮਰੀਜਾਂ ਦੀ ਭਰਤੀ ਕਰ ਰਹੇ ਹਨ ਜਿਹਨਾਂ ਨੂੰ ਅਗਨਾਸ਼ਅ ਦੇ ਕੈਂਸਰ ਦਾ ਅਪਰੇਸ਼ਨ ਸੰਭਵ ਨਹੀਂ ਹੈ। ਇਨ੍ਹਾਂ ਮਰੀਜਾਂ ’ਤੇ ਲੋਸਾਟਰਨ ਅਤੇ ਕੀਮੋਥੈਰੇਪੀ ਦੇ ਸੰਯੋਜਨ ਵਾਲੀ ਨਵੀਂ ਦਵਾਈ ਦਾ ਪਰੀਖਣ ਕੀਤਾ ਜਾਵੇਗਾ। ਜਦੋਂਕਿ ਇਸ ਇਲਾਜ ਨਾਲ ਉਹ ਪੂਰੀ ਤਰ੍ਹਾਂ ਠੀਕ ਨਹੀਂ ਹੋ ਸਕਦੇ, ਪਰ ਖੋਜਕਾਰੀਆਂ ਨੂੰ ਉਮੀਦ ਹੈ ਕਿ ਇਸ ਦਵਾਈ ਨਾਲ ਉਹਨਾਂ ਦੇ ਜੀਵਨ ਦੇ ਕੁਝ ਮਹੀਨੇ ਜਾਂ ਸਾਲ ਹੋਰ ਵਧ ਜਾਣਗੇ। ਇਕ ਦਹਾਕੇ ਤੋਂ ਵਧ ਸਮੇਂ ਤੋਂ ਲੋਸਾਟਰਨ ਦੀ ਵਰਤੋਂ ਬਲੱਡ ਪ੍ਰੈਸ਼ਰ ਦੀ ਦਵਾਈ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਇਸ ਦਵਾਈ ਨਾਲ ਖੂਨ ਕੋਸ਼ਿਕਾਵਾਂ ਨੂੰ ਆਰਾਮ ਮਿਲਦਾ ਹੈ, ਜਿਸ ਨਾਲ ਉਹ ਵੱਧ ਖੂਨ ਦਾ ਸੰਚਾਰ ਕਰ ਪਾਉਂਦੀਆਂ ਹਨ ਅਤੇ ਦਬਾਅ ਘਟ ਹੋ ਜਾਂਦਾ ਹੈ।

**ਚੂਹਿਆਂ ’ਤੇ ਸਫਲ ਪਰੀਖਣ :** ਖੋਜਕਾਰੀਆਂ ਨੇ ਪਾਇਆ ਕਿ ਇਸ ਦਵਾਈ ਨਾਲ ਸਤਨ ਅਤੇ ਅਗਨਾਸ਼ਅ ਕੈਂਸਰ ਨਾਲ ਪੀੜਿਤ ਚੂਹਿਆਂ ਨੂੰ ਫਾਇਦਾ ਮਿਲਿਆ। ਇਸਦੀ ਵਰਤੋਂ ਨਾਲ ਟਿਊਮਰ ਵਿੱਚ ਅਤੇ ਉਸਦੇ ਆਸ ਪਾਸ ਖੂਨ ਦੇ ਪ੍ਰਵਾਹ ਵਿੱਚ ਸੁਧਾਰ ਦੇਖਿਆ ਗਿਆ। ਇਸ ਸਥਿਤੀ ਵਿੱਚ ਟੀਚੇ ਤੱਕ ਵੱਧ ਮਾਤਰਾ ਵਿੱਚ ਕੀਮੋਥੈਰੇਪੀ ਦੀ ਦਵਾਈ ਪਹੁੰਚਾਈ ਜਾ ਸਕਦੀ ਹੈ। ਸਿਰਫ਼ ਪ੍ਰਚਲਿਤ ਕੀਮੋਥੈਰੇਪੀ ਇਲਾਜ ਦੇ ਬਜਾਏ ਚੂਹਿਆਂ ਨੂੰ ਇਹ ਇਲਾਜ ਦਿੱਤਾ ਗਿਆ ਅਤੇ ਉਹ ਲੰਬੇ ਸਮੇਂ ਤੱਕ ਜਿਉਂਦੇ ਰਹੇ। ਕੈਂਸਰ ਰਿਸਰਚ ਯੂਕੇ ਦੇ ਸਿਮਥ ਦਾ ਕਹਿਣਾ ਹੈ, “ਚੂਹਿਆਂ ’ਤੇ ਕੀਤਾ ਗਿਆ ਇਹ ਰੋਚਕ ਅਧਿਐਨ ਇਸ ਗੱਲ ’ਤੇ ਰੋਸ਼ਨੀ ਪਾਉਂਦਾ ਹੈ ਕਿ ਹਾਈਪਰਟੇਂਸ਼ਨ ਦੀ ਦਵਾਈ ਆਖ਼ਿਰ ਕਿਉਂ ਕੀਮੋਥੇਰਪੀ ਦੇ ਅਸਰ ਨੂੰ ਵਧਾ ਸਕਦੀ ਹੈ ਪਰ ਹੁਣ ਤੱਕ ਅਸੀਂ ਇਹ ਨਹੀਂ ਜਾਣਦੇ ਕਿ ਉਹ ਠੀਕ ਉਸੇ ਤਰ੍ਹਾਂ ਮਨੁੱਖਾਂ ’ਤੇ ਵੀ ਕੰਮ ਕਰੇਗੀ।”

**ਸੰਗ੍ਰਿਹ ਕਰਤਾ: ਜਸਪ੍ਰੀਤ ਅਤੇ ਸ਼ਿੰਦਰਪਾਲ ਕੌਰ**

# ਹਿੰਗਸ ਬੋਸੋਨ ਨੂੰ ਨੋਬਲ ਪੁਰਸਕਾਰ



ਬ੍ਰਿਟੇਨ ਦੇ 80 ਸਾਲ ਦੇ ਵਿਗਿਆਨਕ ਪੀਟਰ ਹਿੰਗਸ ਅਤੇ ਬੇਲਿਜਅਮ ਦੇ ਫ੍ਰਾਂਸੋਆ ਆਗਲੇਆ ਨੂੰ ਭੌਤਿਕੀ ਦੇ ਲਈ 2013 ਦਾ ਨੋਬਲ ਪੁਰਸਕਾਰ ਦਿੱਤਾ ਜਾਵੇਗਾ। ਉਨ੍ਹਾਂ ਨੇ ਇਸ ਅਤਿ ਸੂਖਮ ਕਣ ਹਿੰਗਸ ਬੋਸੋਨ ਦੀ ਹੋਂਦ ਦੇ ਬਾਰੇ ਵਿੱਚ 1964 ਵਿੱਚ ਹੀ ਭਵਿੱਖਬਾਣੀ ਦੀ ਸੀ। ਨੋਬਲ ਪੁਰਸਕਾਰ ਸਥਿਤੀ ਨੇ ਕਿਹਾ ਹੈ ਕਿ ਇਸ ਭਵਿੱਖਬਾਣੀ ਦੇ ਬਾਅਦ ਇਹ ਦੱਸਣਾ ਸੰਭਵ ਹੋਇਆ ਕਿ ਦੈਵੀ ਕਣ ਦਾ ਵੀ ਪੁੰਜ ਹੁੰਦਾ ਹੈ। ਦੋਨਾਂ ਵਿਗਿਆਨੀਆਂ ਨੂੰ 80 ਲੱਖ ਕ੍ਰੋਨਰ ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ। ਪਿਛਲੇ ਸਾਲ ਜੁਲਾਈ ਵਿੱਚ ਦੁਨੀਆ ਦੇ ਸਭ ਤੋਂ ਵੱਡੇ ਪ੍ਰਯੋਗ ਦੇ ਬਾਅਦ ਸਵਿਟਜ਼ਰਲੈਂਡ ਦੀ ਸਰਨ ਪ੍ਰਯੋਗਸ਼ਾਲਾ ਨੇ ਇਸ ਸੂਖਮ ਕਣ ਦੀ ਹੋਂਦ ਦਾ ਐਲਾਨ ਕੀਤਾ ਸੀ। ਇਸਦੇ ਬਾਅਦ ਹੀ ਇਨ੍ਹਾਂ ਦੋਨਾਂ ਨੂੰ ਨੋਬਲ ਪੁਰਸਕਾਰ ਦਾ ਦਾਅਵੇਦਾਰ ਦੱਸਿਆ ਜਾਣ ਲੱਗਾ। ਪੁਰਸਕਾਰ ਦੀ ਘੋਸ਼ਣਾ ਕਰਦੇ ਹੋਏ ਰਾਇਲ ਸਵੀਡਿਸ਼ ਅਕਾਦਮੀ ਆਫ਼ ਸਾਇੰਸੇਜ ਨੇ ਇੱਕ ਬਿਆਨ ਵਿੱਚ ਕਿਹਾ, “ਪੁਰਸਕਾਰ ਸਿਧਾਂਤ ਪਾਰਟੀਕਲ ਫੀਜਿਕਸ ਦੇ ਮਿਆਰ ਦਾ ਕੇਂਦਰੀ ਹਿਸਾ ਹੈ, ਜੋ ਦੱਸਿਆ ਹੈ ਕਿ ਸਾਡੇ ਬ੍ਰਹਿਮੰਡ ਦਾ ਨਿਰਮਾਣ ਕਿਵੇਂ ਹੋਇਆ।”

ਹਿੰਗਸ ਕਣ ਦਾ ਸਿਧਾਂਤ 1964 ਵਿੱਚ ਐਡਿਨਬਰਾ ਯੂਨੀਵਰਸਿਟੀ ਦੇ ਵਿਗਿਆਨਕ ਪ੍ਰੋਫੈਸਰ ਪੀਟਰ ਹਿੰਗਸ ਨੇ ਹੁਣ ਕਿਹਾ ਸੀ ਕਿ ਇੱਕ ਦਿਨ ਵਿਗਿਆਨ ਹਿੰਗਸ ਕਣਾਂ ਤੱਕ ਪਹੁੰਚ ਜਾਵੇਗਾ। ਉਨ੍ਹਾਂ ਨੇ ਇਸ ਦਿਨ ਦੇ ਬਾਰੇ ਵਿੱਚ ਕਦੇ ਕਿਹਾ ਸੀ, “ਮੈਨੂੰ ਆਪਣੇ ਜੀਵਨ ਵਿੱਚ ਅਜਿਹਾ ਹੋਣ ਦੀ ਉਮੀਦ ਹੈ ਅਤੇ ਮੈਂ ਆਪਣੇ ਪਰਿਵਾਰ ਵਾਲਿਆਂ ਨੂੰ ਕਹੂੰਗਾ ਕਿ ਇਹ ਫਰਿਜ ਵਿੱਚ ਕੁਝ ਸ਼ੈਮਪੇਨ ਰੱਖ ਦੇਣ।” ਇੱਕ ਨਾ ਇੱਕ ਦਿਨ ਵਿਗਿਆਨ ਇਥੋਂ ਤੱਕ ਪਹੁੰਚ ਹੀ ਜਾਵੇਗਾ। ਤਦ ਤੱਕ ਫਰਿਜ ਵਾਲੀ ਸ਼ੈਂਪੇਨ ਕੱਢ ਕੇ ਜਸ਼ਨ ਮਨਾਇਆ ਜਾਵੇਗਾ। ਬੋਸੋਨ ਕਣਾਂ ਦਾ ਸਿਧਾਂਤ ਭਾਰਤੀ ਵਿਗਿਆਨ ਸਤਯੇਂਦ੍ਰ ਨਾਥ ਬੋਸ ਨੇ ਖੋਜਿਆ। ਬੋਸ ਦੇ ਹੀ ਨਾਮ ’ਤੇ ਇਨ੍ਹਾਂ ਕਣਾਂ ਨੂੰ ਬੋਸੋਨ ਕਿਹਾ ਜਾਂਦਾ ਹੈ।

ਜਦੋਂ ਕਿ ਹਿੰਗਸ ਦੇ ਜਿਉਂਦੇ ਜੀ ਨਾ ਸਿਰਫ਼ ਇਸ ਕਣ ਦੀ ਹੋਂਦ ਦਾ ਪਤਾ ਚੱਲਿਆ, ਜਦੋਂਕਿ ਉਨ੍ਹਾਂ ਨੇ ਇਸ ਵਿਸ਼ਾਲ ਖੋਜ ਦੇ ਲਈ ਨੋਬਲ ਪੁਰਸਕਾਰ ਵੀ ਦਿੱਤਾ ਜਾ ਰਿਹਾ ਹੈ। ਯਾਨੀ ਉਨ੍ਹਾਂ ਦੇ ਲਈ ਫਰਿਜ ਤੋਂ ਸੈਂਪੇਨ ਕੱਢਣ ਦਾ ਸਮਾਂ ਆ ਗਿਆ ਹੈ। ਇਸ ਸਾਲ ਨੋਬਲ ਪੁਰਸਕਾਰਾਂ ਦੀ ਲੜੀ ਵਿੱਚ ਇਹ ਦੂਸਰਰਾ ਪੁਰਸਕਾਰ ਹੈ। ਸੋਮਵਾਰ ਨੂੰ ਚਿਕਿਤਸਾ ਦਾ ਨੋਬਲ ਤਿੰਨ ਵਿਗਿਆਨੀਆਂ ਨੂੰ ਦਿੱਤਾ ਗਿਆ ਹੈ। ਭੌਤਿਕੀ ਦਾ ਪਹਿਲਾ ਨੋਬਲ ਪੁਰਸਕਾਰ 1901 ਵਿੱਚ ਐਕਸਰੇ ਦੀ ਖੋਜ ਕਰਨ ਵਾਲੇ ਜਰਮਨੀ ਦੇ ਵਿਲਹੇਲਮ ਕੋਨਕਾਂਡ ਰੋਐਂਟਗੇਨ ਨੂੰ ਦਿੱਤਾ ਗਿਆ ਸੀ।

# ਇਹ ਹਿੰਦੁਸਤਾਨ ਦੀ ਧਰਤੀ ਨਿਰੀ ਵਹਿਮਾਂ ਦੀ ਧਰਤੀ ਹੈ

ਇਹ ਹਿੰਦਸਤਾਨ ਦੀ ਧਰਤੀ ਨਿਰੀ ਵਹਿਮਾਂ ਦੀ ਧਰਤੀ ਹੈ। ਇਥੇ ਇਨਕਲਾਬ ਦੀ ਗੱਲ ਕਰਨਾ ਮੱਝ ਅੱਗੇ ਬੀਨ ਵਜਾਉਣ ਦੇ ਤੁੱਲ ਹੈ। ਇਸਦਾ ਭਾਵ ਇਹ ਨਹੀਂ ਕਿ ਇਨਕਲਾਬੀ ਲੋਕ ਆਪਣੀਆਂ ਮੁਹਿੰਮਾਂ ਬੰਦ ਕਰ ਦੇਣ। ਮਰਹੂਮ ਸ਼ਾਇਰ ਹਰਭਜਨ ਹਲਵਾਰਵੀ ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਬਨਣ ਤੋਂ ਪਹਿਲਾਂ ਨਕਸਲਬਾੜੀ ਲਹਿਰ ਦਾ ਸਰਗਰਮ ਆਗੂ ਸੀ । ਉਸ ਸਮੇਂ ਉਹ ਗੁਪਤ ਪਰਚਾ 'ਲੋਕ ਯੁੱਧ' ਕਢਿਆ ਕਰਦਾ ਸੀ। ਉਸ ਤੋਂ ਬਾਦ ਉਸਦੀ ਲਿਖੀ ਕਵਿਤਾ ਦੀਆਂ ਲਾਈਨਾ ਹਨ ' ਸਾਥੋਂ ਕੁਝ ਕਦਮਾਂ ਦੀ ਵਿਥ 'ਤੇ ਵਗਦੀ ਰਹੀ , ਸੰਭਾਵਨਾਵਾਂ ਸ਼ੂਕਦੀ ਅਥਰੀ ਨਦੀ।' ਇਹ ਸੱਤਰਵਿਆਂ ਦੇ ਸਮੇਂ ਦੀਆਂ ਗੱਲਾਂ ਹਨ। ਅਸੀਂਵਿਆਂ 'ਚ ਅੱਤਵਾਦ ਸ਼ੁਰੂ ਹੋ ਗਿਆ । ਇਕ ਦਿਨ ਹਾਸੇ 'ਚ ਹਲਵਾਰਵੀ ਸਾਹਿਬ ਮੈਨੂੰ ਕਹਿਣ ਲੱਗੇ ' ਅਸੀਂ ਉਲੂ ਸੀ ਜੋ ਦੇਸੀ ਪਿਸਤੌਲਾਂ ਨਾਲ ਇਨਕਲਾਬ ਕਰਨ ਤੁਰ ਪਏ,ਖਾੜਕੂਆਂ ਬਾਰੇ ਉਹਨਾਂ ਕਿਹਾ ਕਿ ਉਲੂ ਦੇ ਪੱਠੇ ਹਨ। ਇਹਨਾਂ ਨੂੰ ਪਤਾ ਹੀ ਨਹੀਂ ਕਿ ਸਾਡਾ ਉਦੇਸ਼ ਕੀ ਹੈ। ਭਾਰਤੀ ਫੌਜ ਦੇ ਮੁਕਾਬਲੇ ਇਹ ਏ ਕੇ 47 ਨੂੰ ਹੀ ਵੱਡੀ ਸਮਝੀ ਜਾ ਰਹੇ ਹਨ। ਗੱਲ ਹਲਵਾਰਵੀ ਸਾਹਿਬ ਦੀ ਕਵਿਤਾ ਦੀ ਕਰ ਰਹੇ ਸਾਂ,ਉਹ ਸੰਭਾਵਨਾਵਾਂ ਦੀ ਅੱਥਰੀ ਨਦੀ( ਇਨਕਲਾਬ) ਜੋ ਉਦੋਂ ਕੁਝ ਕਦਮਾਂ ਦੀ ਵਿਥ ਤੇ ਵਗਦੀ ਲਗਦੀ ਸੀ , ਹੁਣ ਤਾਂ ਹਜਾਰਾਂ ਮੀਲ ਦੂਰ ਜਾ ਚੁਕੀ ਹੈ। ਅੱਜ ਹਾਲਾਤ ਉਸ ਤੋਂ ਵੀ ਜਿਆਦਾ ਬਦਤਰ ਹਨ । ਵਿਗਿਆਨਕ ਚੇਤਨਾ ਫੈਲਾਉਣ ਵਾਲੇ ਤਰਕਸ਼ੀਲ ਕਾਫ਼ਲੇ ਵੀ ਜਿਵੇਂ ਹੰਭ ਹਾਰ ਕੇ ਬੈਠ ਗਏ ਹੋਣ। ਅੰਧਵਿਸ਼ਵਾਸ਼ੀ ਪ੍ਰਚਾਰ ਮਾਧਿਅਮ ਦੇ ਮੁਕਾਬਲੇ ਤਰਕਸ਼ੀਲ ਤਾਂ ਨੇਫ਼ੇ ਦੀ ਜੂੰ ਜਿੰਨੇ ਹਨ। ਅਜੇ ਵੀ ਦਸ ਲੱਖ ਮਗਰ ਮਸਾਂ ਇਕ ਸੱਚਾ ਤਰਕਸ਼ੀਲ ਜਾਂ ਵਿਗਿਆਨਕ ਵਿਚਾਰਧਾਰਾ ਦਾ ਧਾਰਨੀ ਹੈ। ਤੁਸੀਂ ਅੱਜ ਵੀ ਭਾਰਤ ਵਿਚ 90 ਪ੍ਰਤੀਸ਼ਤ ਲੋਕਾਂ ਨੂੰ ਇਹ ਨਹੀਂ ਮਨਾ ਸਕਦੇ ਕਿ ਧਰਤੀ ਘੁੰਮਦੀ ਹੈ। ਅਨਪੜ੍ਹਾਂ ਦੀ ਗੱਲ ਹੀ ਛੱਡੋ ,ਇਹਨਾਂ 'ਚ 50 ਪ੍ਰਤੀਸ਼ਤ ਕਥਿਤ ਪੜ੍ਹੇ ਲਿਖੇ ਲੋਕ ਹਨ। ਮੈਂ ਅਨੇਕਾਂ ਅਜਿਹੇ ਸਾਇੰਸ ਅਧਿਆਪਕ ਦੇਖੇ ਹਨ ਜੋ ਧਾਰਮਿਕ ਸਥਾਨਾਂ 'ਤੇ ਮੱਥੇ ਰਗੜਦੇ ਹਨ। ਉਹ ਕਹਿੰਦੇ ਡਿਗਰੀ ਤਾਂ ਅਸੀਂ ਤਨਖਾਹ ਲੈਣ ਦੀ ਲਈ ਹੈ ਪਰ ਸਾਡੇ ਵਿਸ਼ਵਾਸ਼ ਸਾਡੇ ਪੁਰਖਿਆਂ ਵਾਲੇ ਹੀ ਹਨ।ਹੁਣ ਅਸੀਂ 500 ਸਾਲ ਪਹਿਲਾਂ ਦੀ ਕਲਪਨਾ ਕਰੀਏ ਜਦ ਕਾਪਨੀਕਸ ਦੇ ਵਿਚਾਰ ਕਿ 'ਧਰਤੀ ਘੁੰਮਦੀ ਹੈ ਅਤੇ ਇਹ ਬ੍ਰਹਿਮੰਡ ਦਾ ਕੇਂਦਰ ਨਹੀਂ ' ਫੈਲਾਉਣ ਬਦਲੇ ਬਰੂਨੋ ਨੂੰ ਚਰਚ ਨੇ ਜਿਉਂਦੇ ਜੀ ਸਾੜ ਦੇਣ ਦੀ ਸਜ਼ਾ ਦਿਤੀ ਸੀ। 400 ਸਾਲ ਪਹਿਲਾਂ ਗਲੈਲੀਓ ਵਲੋਂ ਦੂਰਬੀਨ ਬਣਾ ਕੇ ਚੰਦਰਮਾ ਦੇ ਪਹਾੜ ਉਸ ਵੇਲੇ ਦੇ ਰਾਜੇ ਨੂੰ ਦਿਖਾ ਦੇਣ ਦੇ ਬਾਵਜੂਦ ਉਸਨੂੰ ਜੇਲ੍ਹ 'ਚ ਸੜਨਾ ਪਿਆ । ਉਹਨੂੰ ਅਦਾਲਤ 'ਚ ਇਹ ਬਿਆਨ ਦੇਣ ਲਈ ਮਜ਼ਬੂਰ ਹੋਣਾ ਪਿਆ ਕਿ ' ਧਰਤੀ ਨਹੀਂ ਘੁੰਮਦੀ , ਇਹ ਜਿਵੇਂ ਬਾਈਬਲ 'ਚ ਲਿਖਿਐ ਉਸੇ ਤਰ੍ਹਾਂ ਹੀ ਚਪਟੀ ਅਤੇ ਖੜ੍ਹੀ ਹੈ। ਅਦਾਲਤ 'ਚੋਂ ਬਾਹਰ ਆ ਕੇ ਗਲੈਲੀਓ ਬੁੜਬੁੜਾ ਰਿਹਾ ਸੀ ਕਿ ਮੇਰੇ ਕਹਿਣ ਨਾਲ ਹੁਣ ਕਿਹੜਾ ਧਰਤੀ ਘੁੰਮਣੋ ਹਟ ਗਈ। ਸਕੂਲਾਂ 'ਚ ਡਾਰਵਿਨ ਦਾ ਵਿਕਾਸਵਾਦ ਦਾ ਸਿਧਾਂਤ ਪੜ੍ਹਾਉਣ ਵਾਲੇ , ਸਕੂਲੋਂ ਬਾਹਰ ਆ ਕੇ ਮੈਂ ਕਹਿੰਦੇ ਸੁਣੇ ਹਨ ਕਿ ਆਖਿਰ ਕੋਈ ਤਾਂ ਸ਼ਕਤੀ ਹੈ ਜੋ ਇਸ ਬ੍ਰਹਿਮੰਡ ਨੂੰ ਚਲਾ ਰਹੀ ਹੈ। ਫਿਰ ਅਸੀਂ ਆਮ ਲੋਕਾਂ ਤੋਂ ਕੀ ਆਸ ਰੱਖ ਸਕਦੇ ਹਾਂ। ਸਾਡੇ ਸੰਵਿਧਾਨ ਦੀ ਧਾਰਾ 51 ਏ ਕਹਿੰਦੀ ਹੈ ਕਿ ਗੈਰ ਵਿਗਿਆਨਕ ਪ੍ਰਚਾਰ ਕਰਨਾ ਅਪਰਾਧ ਹੈ। ਪਰ ਸਾਰੇ ਟੀ ਵੀ ਚੈਨਲ ਦਿਨ ਚੜ੍ਹਨ ਸਾਰ ਹੀ ਅੰਧਵਿਸ਼ਵਾਸ਼ ਦੀ ਸਪਰੇ ਕਰਨ ਲੱਗੇ ਪਏ ਹੁੰਦੇ ਹਨ। 98 ਪ੍ਰਤੀਸ਼ਤ ਅਖਬਾਰ ਰਾਸ਼ੀਫਲ ਬਗੈਰਾ ਨਾਲ ਭਰੇ ਪਏ ਹੁੰਦੇ ਹਨ। ਜੇ ਤੁਸੀਂ ਕਹੋ ਕਿ ਗੁਰੂ ਨਾਨਕ ਦੇਵ ਜਾਂ ਹੋਰ ਕਿਸੇ ਮਹਾਂ ਪੁਰਸ਼ ਨੂੰ400 ਸਾਲ ਪਹਿਲਾਂ ਧਰਤੀ ਘੁੰਮਣ ਵਾਰੇ ਗਿਆਨ ਨਹੀਂ ਸੀ , ਜਦੋਂ ਕਿ ਕਾਪਰਨੀਕਸ ਨੇ 500 ਸਾਲ ਪਹਿਲਾਂ ਧਰਤੀ ਘੁੰਮਣ ਬਾਰੇ ਬਾਕਾਇਦਾ ਕਿਤਾਬ ਲਿਖ ਦਿਤੀ ਸੀ। ਇਹ ਸੁਣਕੇ ਲੋਕ ਤੁਹਾਡੇ ਗਲ ਪੈ ਜਾਣਗੇ , ਕਹਿਣਗੇ ਗੁਰੂ ਨਾਨਕ ਨੂੰ ਕੀ ਨਹੀਂ ਪਤਾ ਸੀ ? ਉਹਨਾਂ ਤਾਂ ਉਦੋਂ ਹੀ ਲਿਖ ਦਿਤਾ ਸੀ ' ਲੱਖ ਆਕਾਸ਼ ਲੱਖ ਪਾਤਾਲ'। ਜੇ ਕਹੋ ਕਿ ਉਹਨਾਂ ਤਾਂ ਇਹ ਵੀ ਲਿਖਿਆ ਹੈ ' ਧਰਤੀ ਹੋਰ ਪਰੇ ਪਰ ਹੋਰ'। ਭਾਵ ਇਹ ਧਰਤੀ ਕਿਤੇ ਮੁਕਦੀ ਹੀ ਨਹੀਂ। ਜਦੋਂ ਕਿ ਹੁਣ ਚੌਥੀ ਪੰਜਵੀਂ ਜਮਾਤ ਵਾਲੇ ਬੱਚੇ ਵੀ ਜਾਣਦੇ ਹਨ ਕਿ ਧਰਤੀ ਦਖਣੀ ਧਰੁਵ ਅਤੇ ਉਤਰੀ ਧਰੁਵ 'ਤੇ ਜਾ ਕੇ ਮੁੱਕ ਜਾਂਦੀ ਹੈ। ਉਸ ਤੋਂ ਅੱਗੇ ਕੀ ਹੈ ? ਬੱਸ ਖਲਾਅ( ਪੁਲਾੜ) ਹੀ ਖਲਾਅ ਪਸਰਿਆ ਹੋਇਆ ਹੈ। ਇਸ ਖਲਾਅ 'ਚ ਲਗਾਤਾਰ ਘੁੰਮਦੀ ਧਰਤੀ ਸੂਰਜ ਦੀ ਪਰਕਰਮਾ ਵੀ ਕਰੀ ਜਾਂਦੀ ਹੈ। ਵਿਗਿਆਨ ਅਨੁਸਾਰ ਇਹ ਧਰਤੀ ਸਮੁੱਚੇ ਬ੍ਰਹਿਮੰਡ ਦਾ ਇਕ ਕਿਣਕਾ ਮਾਤਰ ਹੈ। ਜਿਸ ਸੂਰਜ ਨੂੰ ਰਮਾਇਣ ਦਾ ਪਾਤਰ ਹਨੂੰਮਾਨ ਮੂੰਹ 'ਚ ਪਾ ਲੈਂਦਾ ਹੈ ,ਉਹ ਸੂਰਜ ਇਸ ਧਰਤੀ ਤੋਂ ਤੇਰਾਂ ਲੱਖ ਗੁਣਾ ਵੱਡਾ ਅੱਗ ਦਾ ਗੋਲਾ ਹੈ। ਤੁਸੀਂ ਇਹ ਗੱਲ ਉਹਨਾਂ ਭਗਤਾਂ ਨੂੰ ਕਿਵੇਂ ਮਨਾਉਗੇ ਜੋ ਆਪਣੇ ਸੁਆਰਥਾਂ ਲਈ ਰੋਜ ਹਨੂੰਮਾਨ ਚਾਲੀਸਾ ਦਾ ਜਾਪ ਕਰਦੇ ਹਨ। ਧਰਮ ਹਮੇਸ਼ਾ ਤਰਕ ਦਾ ਵਿਰੋਧੀ ਹੁੰਦਾ ਹੈ। ਪ੍ਰਮਾਣ(ਤਰਕ ) ਅਤੇ ਧਰਮ ਦਾ ਆਪਸ ਵਿਚ ਕੋਈ ਸਬੰਧ ਨਹੀਂ ਹੁੰਦਾ ।


ਅਮਰਜੀਤ ਢਿੱਲੋਂ
ਦਬੜ੍ਹੀਖਾਨਾ (ਜੈਤੋ)



ਧਰਮ ਕੋਈ ਵੀ ਹੋਵੇ ਇਹ ਵਿਸ਼ਵਾਸ਼ ਦੀ ਟੇਕ 'ਤੇ ਖੜ੍ਹਾ ਹੁੰਦਾ ਹੈ। ਇਹੋ ਵਿਸ਼ਵਾਸ਼ ਜਨੂੰਨ ਦੀ ਹੱਦ ਤਕ ਜਾਕੇ ਅੰਧ ਵਿਸ਼ਵਾਸ਼ ਹੋ ਜਾਂਦਾ ਹੈ। ਧਾਰਮਿਕ ਜਨੂੰਨੀ ਆਦਮੀ ਨੂੰ ਆਪਣੇ ਉਲਟ ਵਿਚਾਰਾਂ ਵਾਲੇ ਸਾਰੇ ਮਨੁੱਖਾਂ ਨਾਲ ਨਫ਼ਰਤ ਹੁੰਦੀ ਹੈ। ਇਸੇ ਨਫ਼ਰਤ ਦਾ ਆਸਰਾ ਲੈਕੇ ਮੁਸਲਿਮ ਜਹਾਦ ਦੇ ਨਾਂ 'ਤੇ, ਦੂਸਰੇ ਧਰਮ ਕਿਸੇ ਹੋਰ ਨਾਮ 'ਤੇ ਆਤਮਘਾਤੀ ਦਸਤੀ ਤਿਆਰ ਕਰਕੇ ਮਨੁੱਖਤਾ ਦਾ ਘਾਣ ਕਰਦੇ ਰਹਿੰਦੇ ਹਨ। ਕਿੰਤੂ ਪ੍ਰੰਤੂ ਕਰਨ ਵਾਲਿਆਂ ਲਈ ਧਰਮ ਵਿਚ ਕੋਈ ਥਾਂ ਨਹੀਂ ਹੁੰਦੀ। ਇਸ ਵਿਚ ਜੀ ਹਜ਼ੂਰੀਏ, ਲਾਈਲੱਗ, ਆਤਮ ਵਿਸ਼ਵਾਸ਼ ਤੋਂ ਸੱਖਣੇ,ਚਿੰਤਨ ਕਰਨ ਤੋਂ ਅਣਜਾਣ ਤਰਕ ਵਿਹੂਣੇ, ਅਤੇ ਗੈਰ ਜਿੰਮੇਵਾਰ ਕਿਸਮ ਦੇ ਲੋਕ ਹੁੰਦੇ ਹਨ। ਧਰਮ ਨੂੰ ਕਾਇਮ ਰੱਖਣ ਵਾਲੇ ਸਾਰੇ ਗੁਣ ਇਸ ਵਿਚ ਮੌਜੂਦ ਹੁੰਦੇ ਹਨ ਪਰ ਪ੍ਰਮਾਣ ਦੀ ਕਮੀ ਇਸਦੀ ਸਭ ਤੋਂ ਵੱਡੀ ਕਮਜੋਰੀ ਹੁੰਦੀ ਹੈ ਅਤੇ ਇਹ ਹੀ ਸਾਰੀ ਉਮਰ ਇਸਦੀ ਜਾਨ ਦੀ ਖੌ ਬਣੀ ਰਹਿੰਦੀ ਹੈ। ਇਕ ਵਿਦਵਾਨ ਨੇ ਇਕ ਵਾਰ ਕਿਹਾ ਸੀ ਕਿ ਭਾਰਤ 'ਚ ਕਦੇ ਇਨਕਲਾਬ ਨਹੀਂ ਆ ਸਕਦਾ।

ਜਦ ਉਸਨੂੰ ਪੁੱਛਿਆ ਗਿਆ ਕਿ ਕਿਉਂ ? ਤਾਂ ਉਸਦਾ ਜਵਾਬ ਵੀ ਸੁਆਲ ਵਰਗਾ ਸੀ ਕਿ ' ਕਦੇ ਪਸ਼ੂਆਂ ਨੇ ਵਿਰੋਧ ਕੀਤੈ? ਬਕੌਲ ਸ਼ਾਇਰ' ਲੋਕ ਰਾਜ ਦਾ ਅਰਥ ਹੈ ਮੱਝ ਉਹਦੀ ਜੀਹਦੇ ਹੱਥ ਹੈ ਸੋਨੇ ਦੀ ਲੱਠ ਅੜੀਏ। ਲੁੱਟੀ ਜਾਣ ਰਲ ਕੇ ਇਥੇ ਸਾਧ ਨੇਤਾ ਸਾਰਾ ਲੋਕਾਂ ਦੀ ਭੂਰੀ 'ਤੇ 'ਕੱਠ ਅੜੀਏ।, ਇਹ ਹਿੰਦੁਸਤਾਨ ਦੀ ਧਰਤੀ ਨਿਰੀ ਵਹਿਮਾਂ ਦੀ ਧਰਤੀ ਹੈ।

****

# ਬੱਚਿਆਂ ਵਿੱਚ ਵਿਗਿਆਨ ਸੰਚਾਰ

ਬੱਚੇ ਸਾਡੀ ਆਬਾਦੀ ਦਾ ਇੱਕ ਮਹੱਤਵਪੂਰਨ ਭਾਗ ਹਨ। ਇਸ ਕਰਕੇ ਹੀ ਨਹੀਂ ਕਿ ਉਹ ਸਾਡਾ ਅਤੇ ਸਾਡੇ ਦੇਸ਼ ਦਾ ਭਵਿੱਖ ਹਨ ਪਰ ਇਸ ਕਰਕੇ ਕਿ ਗਿਣਤੀ ਪੱਖੋਂ ਆਬਾਦੀ ਦਾ ਉਹ ਇੱਕ ਬਹੁਤ ਵਿਸ਼ਾਲ ਹਿੱਸਾ ਹਨ। ਕੁੱਲ ਆਬਾਦੀ ਦਾ ਲੱਗਭਗ 40 ਪ੍ਰਤੀਸ਼ਤ 14 ਸਾਲ ਜਾਂ ਇਸਤੋਂ ਘੱਟ ਉਮਰ ਵਰਗ ਵਿੱਚ ਪੈਂਦਾ ਹੈ, ਇਹ ਬੱਚੇ ਇਕਸਾਰ ਗਰੁੱਪ ਨਾਲ ਸੰਬੰਧਤ ਨਹੀਂ ਹਨ। ਉਹਨਾਂ ਵਿੱਚ ਉਮਰ, ਭਾਸ਼ਾ, ਆਰਥਕ ਹਾਲਤ, ਵਿੱਦਿਅਕ ਮਿਆਰ (ਸਕੂਲ ਦੇ ਵਿੱਚ ਜਾਂ ਬਾਹਰ), ਮਾਂ ਬਾਪ ਦਾ ਵਿੱਦਿਅਕ ਪੱਧਰ, ਮੀਡੀਆ ਤੱਕ ਪਹੁੰਚ ਅਤੇ ਸਥਾਨ ਆਧਾਰਿਤ ਵਿਸ਼ੇਸ਼ ਅਵਸਰ ਜਿਵੇਂ ਉਹਨਾਂ ਦੇ ਸ਼ਹਿਰ/ਪਿੰਡ ਵਿੱਚ ਰਹਿਣ ਦੇ ਕਾਰਣ, ਕਈ ਤਰ੍ਹਾਂ ਦੀਆਂ ਭਿੰਨਤਾਵਾਂ ਪਾਈਆਂ ਜਾਂਦੀਆਂ ਹਨ।



ਹਥਲੇ ਵਿਸੇ ਦੇ ਸੰਦਰਭ ਵਿੱਚ ਇਹ ਮਹਿਸੂਸ ਕਰਨਾ ਜਰੂਰੀ ਹੈ ਕਿ ਜਦੋਂ ਬੱਚਿਆਂ ਵਾਸਤੇ ਵਿਗਿਆਨ ਸੰਚਾਰ ਦੀ ਗੱਲ ਕੀਤੀ ਜਾਵੇ ਤਾਂ ਇਹਨਾਂ ਵਖਰੇਵਿਆਂ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੈ। ਕਿਉਂਕਿ ਵਿਗਿਆਨ ਸੰਚਾਰ ਨੂੰ ਹੋਰ ਹਰ ਤਰ੍ਹਾਂ ਦੇ ਸੰਚਾਰ ਨਾਲੋਂ ਵੱਖਰਾ ਨਹੀਂ ਕੀਤਾ ਜਾ ਸਕਦਾ, ਜਿਸਦਾ ਬੱਚੇ ਆਪਣੀ ਨਿੱਤਾ-ਪ੍ਰਤੀ ਦੀ ਜ਼ਿੰਦਗੀ ਵਿੱਚ ਸਾਹਮਣਾ ਕਰਦੇ ਹਨ। ਇਹ ਸੰਚਾਰ ਸਕੂਲ ਵਿੱਚ ਜਾਂ ਬਾਹਰ ਹੋ ਸਕਦਾ ਹੈ, ਘਰ ਵਿੱਚ ਹੋ ਸਕਦਾ ਹੈ। ਇਸਦਾ ਤੱਤ ਅਤੇ ਡਿਜਾਈਨ ਵੀ ਧਿਆਨ ਮੰਗਦੇ ਹਨ ਅਤੇ ਉਹਨਾਂ ਦੇ ਆਲੇ ਦੁਆਲੇ ਦੀਆਂ ਕਠੋਰ ਹਕੀਕਤਾਂ ਵੱਲੀਂ ਵੀ ਧਿਆਨ ਦੇਣ ਦੀ ਲੋੜ ਹੈ। ਇਹਨਾਂ ਵਿੱਚੋਂ ਬਹੁਤ ਸਾਰੀਆਂ 'ਹਕੀਕਤਾਂ' ਨਾਲ ਨਿਪਟਣ ਅਤੇ ਦੋ ਹੱਥ ਕਰਨ ਦੀ ਲੋੜ ਹੋਵੇਗੀ ਪਰੰਤੂ ਕੁੱਝ ਅਜਿਹੀਆਂ ਵੀ ਹੋਣਗੀਆਂ ਜਿਹਨਾਂ ਦੀ ਵਿਗਿਆਨ ਸੰਚਾਰ ਨੂੰ ਮਜ਼ਬੂਤ ਕਰਨ ਵਿੱਚ ਸਹਾਇਤਾ ਵਜੋਂ ਵਰਤੋਂ ਕੀਤੀ ਜਾ ਸਕੇਗੀ।

ਇਸ ਦੇ ਵਾਸਤੇ ਸਾਨੂੰ ਵਿਗਿਆਨ ਸੰਚਾਰ ਦੇ ਉਦੇਸ਼ ਜਾਂ ਮੰਤਵ ਵੱਲੀਂ ਨੂੰ ਪਿੱਛੇ ਮੁੜਨਾ ਪਵੇਗਾ। ਅਕਸਰ ਬਹੁਤੇ ਵਾਰੀ ਸਿਰਫ਼ ਵਿਗਿਆਨਕ ਸੂਚਨਾ, ਅੰਕੜਿਆਂ ਅਤੇ ਤੱਥਾਂ ਦੇ ਪ੍ਰਸਤੁਤੀ ਕਰਨ ਨੂੰ ਹੀ ਵਿਗਿਆਨ ਸੰਚਾਰ ਜਾਂ ਵਿਗਿਆਨ ਪ੍ਰਿਆਕਰਣ ਦਾ ਮੁੱਖ ਉਦੇਸ਼ ਸਮਝ ਲਿਆ ਜਾਂਦਾ ਹੈ ਜਾਂ ਇਹਨਾਂ ਦੋਵਾਂ ਨੂੰ ਆਪਸ ਵਿੱਚ ਰਲਗੱਡ ਕਰ ਦਿੱਤਾ ਜਾਂਦਾ ਹੈ। ਮੇਰੇ ਵਿਚਾਰ ਵਿੱਚ ਸਾਰੇ ਮੁੱਦੇ ਦਾ ਇਹ ਇੱਕ ਛੋਟਾ ਜਿਹਾ ਪਰ ਮਹੱਤਵਪੂਰਨ ਅੰਗ ਹੈ : ਬੱਚਿਆਂ ਵਾਸਤੇ ਵਿਗਿਆਨ ਸੰਚਾਰ ਦਾ ਟੀਚਾ ਇਹ ਸਮਝਾਉਣ ਦਾ ਹੋਣਾ ਚਾਹੀਦਾ ਹੈ ਕਿ-

ਡਾ. ਨਾਰੇਂਦਰ ਕੇ. ਸਹਗਲ
ਅਨੁਵਾਦਕ:
ਸਰਜੀਤ ਤਲਵਾਰ

1. ਵਿਗਿਆਨ ਹਰ ਥਾਵੇਂ ਹੈ ਘਰ ਵਿੱਚ, ਬਾਹਰ ਖੁੱਲ੍ਹੇ ਮੈਦਾਨਾਂ ਵਿੱਚ, ਸਕੂਲ ਵਿੱਚ, ਸਕੂਲ ਜਾਂਦੇ ਆਉਂਦੇ ਰਸਤੇ ਵਿੱਚ ਅਤੇ ਉਹਨਾਂ ਦੇ ਚਾਰ ਚੁਫੇਰ, ਜੋ ਕੁੱਝ ਵੀ ਉਹ ਛੂੰਹਦੇ ਹਨ, ਮਹਿਸੂਸ ਕਰਦੇ ਹਨ ਅਤੇ ਅਨੁਭਵ ਕਰਦੇ ਹਨ, ਇਸ ਸਭ ਕਾਸੇ ਦਾ ਵਿਗਿਆਨ ਦੇ ਕਿਸੇ ਨਾ ਕਿਸੇ ਪੱਖ ਨਾਲ ਵਾਹ-ਵਾਸਤਾ ਹੈ।

2. ਵਿਗਿਆਨ ਵਿੱਚ ਬੇਹੱਦ ਸ਼ਕਤੀਸ਼ਾਲੀ ਸੰਭਾਵਨਾਵਾਂ ਅਤੇ ਸਮਰੱਥਾਵਾਂ ਅਤੇ ਹਨ-ਦੋਵੇਂ ਕਿਸਮਾਂ ਦੀਆਂ ਬੁਰੀਆਂ ਵੀ ਅਤੇ ਚੰਗੀਆਂ ਵੀ। ਇਹ ਸਾਡੇ ਯਕੀਨੀ ਬਣਾਉਣ ਦੀ ਗੱਲ ਹੈ ਕਿ ਵਿਗਿਆਨ ਨੂੰ ਲੋਕਾਂ, ਸਮਾਜ ਅਤੇ ਦੇਸ਼ ਦੇ ਭਲੇ ਵਾਸਤੇ ਹੀ ਵਰਤਿਆ ਜਾਵੇ।

3. ਹਰ ਕੋਈ ਵਿਗਿਆਨ ਵੱਲੋਂ ਦਿੱਤੇ ਗਏ ਗਿਆਨ ਅਤੇ ਉਪਕਰਣਾਂ (ਸੰਦਾਂ ਭਾਵ ਤਕਨੀਕ) ਨੂੰ ਆਪਣੇ ਅਤੇ ਸਮਾਜ ਦੇ ਹਿੱਤਾਂ ਲਈ ਵਰਤ ਸਕਦਾ ਹੈ।

4. ਨਿੱਤਾ ਪ੍ਰਤੀ ਦੇ ਜੀਵਨ ਵਿੱਚ ਵਿਗਿਆਨ ਦੀਆਂ ਕਦਰਾਂ ਕੀਮਤਾਂ ਅਤੇ ਵਿਧੀ ਦੀ ਅੰਗੀਕਾਰਤਾ ਅਤੇ ਅੰਤਰੀਵਤਾ ਵਧਾਕੇ ਆਪਣੇ ਸੀਮਤ ਸਰੋਤਾਂ ਦੀ ਘੱਟ ਤੋਂ ਘੱਟ ਵਰਤੋਂ ਕਰਦਿਆਂ ਵਧ ਤੋਂ ਵਧ ਲਾਭ ਲੈਣ ਵਿੱਚ ਸਹਾਈ ਬਣ ਸਕਦਾ ਹੈ।

ਵਿਗਿਆਨਕ ਸੰਚਾਰ ਨੂੰ ਵੱਧ ਧਿਆਨ ਬੁਨਿਆਦੀ ਪਹੁੰਚ, ਰੁਝਾਣ, ਵਿੱਧੀ, ਢੰਗ-ਤਰੀਕੇ ਅਤੇ ਵਿਗਿਆਨ ਦੀਆਂ ਕਦਰਾਂ ਕੀਮਤਾਂ ਨੂੰ ਸਮਝਾਉਣ ਜਾਂ ਦੱਸਣ ਤੇ ਵੱਧ ਬਲ ਦੇਣਾ ਚਾਹੀਦਾ ਹੈ ਅਤੇ ਇਸਦੇ ਤੱਤ, ਤੱਥਾਂ ਅਤੇ ਸੂਚਨਾ ਉੱਪਰ ਘੱਟ ਜ਼ੋਰ ਦੇਣਾ ਚਾਹੀਦਾ ਹੈ। ਖਾਸ ਤੌਰ, ਬੱਚਿਆਂ ਵਾਸਤੇ ਵਿਗਿਆਨ ਸੰਚਾਰ ਨੂੰ ਲੋੜ ਹੈ ਇਹਨਾਂ ਗੱਲਾਂ ਨੂੰ ਵਿਕਸਤ ਕਰਨ ਅਤੇ ਹੌਂਸਲਾ ਅਫਜ਼ਾਈ ਕਰਨ ਦੀ:-

1. ਵਸਤੂਆਂ, ਘਟਨਾਵਾਂ, ਵਰਤਾਰਿਆਂ ਬਾਰੇ ਜੋ ਉਹਨਾਂ ਦੇ ਚਾਰੇ ਪਾਸੇ ਹਨ ਸੰਬੰਧੀ ਜਗਿਆਸਾ ਅਤੇ ਅਚੰਭੇ ਦੀ ਭਾਵਨਾ (ਕਿਵੇਂ ਅਤੇ ਕਿਉਂ)

2. ਪੜਤਾਲੀਆਂ ਦ੍ਰਿਸ਼ਟੀਕੋਣ ਅਤੇ ਪ੍ਰਸ਼ਨ ਪੁੱਛਣਾ ਅਤੇ ਉਹਨਾਂ ਪ੍ਰਸ਼ਨਾਂ ਦੇ ਤਰਕਸੰਗਤ ਅਤੇ ਭਰੋਸੇਯੋਗ ਜਵਾਬ ਢੂੰਡਣਾ।

3. ਉਹਨਾਂ ਦੇ ਆਸੇ ਪਾਸੇ ਦੀਆਂ ਵਸਤੂਆਂ, ਤੱਥਾਂ ਅਤੇ ਵਿਸੰਗਤੀਆਂ ਨੂੰ ਬਾਰੀਕੀ ਨਾਲ ਯੋਜਨਾ ਵੱਧ ਢੰਗ ਨਾਲ ਅਵਲੋਕਨ ਕਰਨਾ।

4. ਕਿਸੇ ਸ਼ੱਕ ਜਾਂ ਗੈੱਸ ਨੂੰ ਸਵੀਕਾਰਣ ਜਾਂ ਰੱਦ ਕਰਨ ਦੇ ਵਾਸਤੇ, ਚੈਕ ਕਰਨ ਵਾਸਤੇ, ਪੁਸ਼ਟੀ ਜਾਂ ਤਸਦੀਕ ਕਰਨ ਵਾਸਤੇ ਪ੍ਰਯੋਗ ਕਰਨਾ।

5. ਜੋ ਕੁੱਝ ਵੀ ਉਹ ਕਰਦੇ ਹਨ ਉਸ ਵਿੱਚ ਸਪੱਸ਼ਟਤਾ, ਸੰਖੇਪਤਾ ਅਤੇ ਭਰੋਸੇਯੋਗਤਾ ਦਾ ਹੋਣਾ।

ਵਿਗਿਆਨ ਸੰਚਾਰ ਦੇ ਸੰਦਰਭ ਵਿੱਚ, ਸ਼ਬਦ ਵਿਗਿਆਨ ਦੇ ਅਰਥ ਬਹੁਤ ਵਿਸ਼ਾਲ ਲਏ ਜਾਂਦੇ ਹਨ। ਇਹ ਪ੍ਰੰਪਰਾਗਤ, ਸਕੂਲੀ ਪਾਠਕ੍ਰਮ ਅਤੇ ਵਿਗਿਆਨ ਸਿੱਖਿਆ ਵਿੱਚ ਵਰਤੇ ਜਾਂਦੇ ਅਰਥਾਂ ਨਾਲੋਂ ਵੱਖਰੇ ਹਨ। ਵਿਗਿਆਨ ਸੰਚਾਰ ਵਿੱਚ ਸ਼ਬਦ 'ਵਿਗਿਆਨ' ਦੇ ਘੇਰੇ ਵਿੱਚ ਸਿਰਫ਼ ਕੁਦਰਤੀ ਜੀਵ-ਵਿਗਿਆਨ, ਇਂਜਨੀਅਰਿੰਗ ਅਤੇ ਡਾਕਟਰੀ ਵਿਗਿਆਨ ਨਹੀਂ ਆਉਂਦੇ, ਇਸ ਵਿੱਚ ਤਾਂ ਬੁਨਿਆਦੀ, ਅਮਲੀ ਅਤੇ ਵਾਤਾਵਰਣ ਨਾਲ ਸੰਬੰਧਤ ਗੱਲਾਂ ਵੀ ਆਉਣਗੀਆਂ। ਇਸਦੇ ਨਾਲ ਹੀ ਇਹਨਾਂ ਦੇ ਸਮਾਜਕ, ਰਾਜਨੀਤਕ ਅਤੇ ਆਰਥਿਕ ਪਹਿਲੂ ਅਤੇ ਪਰਸਪਰ ਸੰਬੰਧ ਵੀ ਇਸਦੇ ਘੇਰੇ ਵਿੱਚ ਆਉਣਗੇ।

ਆਉ ਹੁਣ ਉਹਨਾਂ ਠੋਸ ਹਕੀਕਤਾਂ ਦਾ ਜ਼ਿਕਰ ਕਰੀਏ ਜੋ ਬੱਚਿਆਂ ਨੂੰ ਦਰਪੇਸ਼ ਹਨ ਅਤੇ ਸਾਡਾ ਧਿਆਨ ਮੰਗਦੀਆਂ ਹਨ-ਘਰੇ ਅਤੇ ਸਕੂਲ ਵਿੱਚ ਬੱਚੇ ਨੂੰ ਸਵਾਲ ਪੁੱਛਣ ਤੋਂ ਨਿਰਉਤਸ਼ਾਹਿਤ ਕਰਨ ਦੀ ਪ੍ਰਬਿਰਤੀ ਬੇਹੱਦ ਪ੍ਰਚੱਲਤ ਹੈ, ਇਹ ਕੁੱਝ ਇਸ ਕਰਕੇ ਵੀ ਹੈ ਕਿਉਂਕਿ ਮਾਪੇ-ਬਾਲਗਾਂ ਕੋਲੇ ਇਸਦੇ ਲਈ ਸਮਾਂ ਵਕਤ ਹੀ ਨਹੀਂ ਹੁੰਦਾ ਜਾਂ ਬੱਚੇ ਦੇ ਸ਼ੰਕਿਆ ਅਤੇ ਜਗਿਆਸਾ ਵੱਲੀਂ ਧਿਆਨ ਦੇਣ ਦਾ ਉਹਨਾਂ ਦਾ ਰੁਝਾਣ ਹੀ ਨਹੀਂ ਹੁੰਦਾ, ਬਹੁਤੇ ਅਧਿਆਪਕ ਵੀ ਸਵਾਲ

ਪੁੱਛਣ ਨੂੰ ਨਿਰਉਤਸ਼ਾਹਿਤ ਕਰਦੇ ਹਨ, ਸੰਭਵ ਹੈ ਕਿਉਂਕਿ ਉਹਨਾਂ ਨੂੰ ਸਾਰੇ ਜਵਾਬ ਨਹੀਂ ਆਉਂਦੇ-ਯਕੀਨ ਕਰੋ ਇਸ ਤਰ੍ਹਾਂ ਤਾਂ ਕੋਈ ਵੀ ਨਹੀਂ ਕਰਦਾ। ਅਤੇ ਉਹ ਇਸ ਗੱਲ ਨੂੰ ਬੱਚਿਆਂ ਦੇ ਸਾਹਮਣੇ ਮੰਨਣ ਨੂੰ ਪਸੰਦ ਨਹੀਂ ਕਰਦੇ ਸ਼ਾਇਦ ਇਸ ਡਰੋਂ ਕਿ ਉਹਨਾਂ ਦੀ ਕੀ ਰਹੂਗੀ ਜਾਂ ਉਹਨਾਂ ਦੀ ਭਰੋਸੇਯੋਗਤਾ ਖਤਮ ਹੋ ਜਾਏਗੀ।

ਦੂਜੀ ਗੱਲ ਇਹ ਹੈ ਕਿ ਸੁਚੇਤ ਜਾਂ ਅਚੇਤ ਤੌਰ ਤੇ, ਜੋ ਬੱਚਾ ਸਕੂਲ ਵਿੱਚ ਜਾਂ ਕਿਤਾਬਾਂ ਤੋਂ ਵਿਗਿਆਨ ਦੇ ਨਾਂ ਤੇ ਸਿੱਖਦਾ ਹੈ ਉਸਨੂੰ ਅਸਲੀ ਜ਼ਿੰਦਗੀ ਵਿੱਚ ਆਲੇ ਦੁਆਲੇ ਦੀਆਂ ਵਸਤੂਆਂ ਅਤੇ ਘਟਨਾਵਾਂ ਨਾਲ ਜੋੜਨ ਦਾ ਬਹੁਤ ਹੀ ਘੱਟ ਯਤਨ ਕੀਤਾ ਜਾਂਦਾ ਹੈ। ਇਸਨੇ ਇੱਕ ਗਲਤ ਮਿੱਥ ਨੂੰ ਜਨਮ ਦੇ ਦਿੱਤਾ ਹੈ-ਬੱਚਾ ਸਮਝਦਾ ਹੈ ਕਿ ਵਿਗਿਆਨ ਸਿਰਫ਼ ਉਹ ਹੀ ਹੈ ਜੋ ਉਹ ਪ੍ਰਯੋਗਸ਼ਾਲਾ ਵਿੱਚ ਕਰਦਾ ਹੈ ਜਾਂ ਜੋ ਉਹ ਜਮਾਤ ਵਿੱਚ ਪੜ੍ਹਦਾ ਹੈ-ਅਤੇ ਇਹ ਇਹੋ ਜਿਹੀ ਚੀਜ਼ ਨਹੀਂ ਹੈ ਜਿਸ ਵਿੱਚ ਆਮ ਆਦਮੀ ਨੂੰ ਸ਼ਾਮਲ ਹੋਣ ਦੀ ਲੋੜ ਹੈ ਜਾਂ ਇਹ ਆਮ ਆਦਮੀ ਦੇ ਵਾਸਤੇ ਹੈ।

ਇਹੋ ਜਿਹੀ ਸਥਿਤੀ ਵਿੱਚ, ਬਹੁਤ ਸਾਰੀਆਂ ਘਟਨਾਵਾਂ ਜੋ ਘਰੇ ਜਾਂ ਗਵਾਂਢ ਵਿੱਚ ਨਿਯਮਤ ਤੌਰ ਤੇ ਵਾਪਰ ਰਹੀਆਂ ਹਨ ਬੱਚੇ ਉੱਪਰ ਉਹਨਾਂ ਦਾ ਉਲਟਾ ਅਸਰ ਪੈਣਾ ਲਾਜ਼ਮੀ ਹੈ। ਅਜਿਹਾ ਪ੍ਰਭਾਵ ਜਨ ਸੰਚਾਰ ਮੀਡੀਆ, ਫਿਲਮਾਂ, ਮੈਗਜ਼ੀਨਾਂ ਆਦਿ ਰਾਹੀਂ ਉਸ ਉੱਪਰ ਲਗਾਤਾਰ ਵਰਸਾਏ ਜਾ ਰਹੇ ਗੈਰ-ਵਿਗਿਆਨਕ ਅਤੇ ਵਿਗਿਆਨ ਵਿਰੋਧੀ ਪ੍ਰਚਾਰ ਦਾ ਵੀ ਪੈਂਦਾ ਹੈ। ਉਹ ਇਸਤੋਂ ਬਚ ਨਹੀਂ ਸਕਦਾ।

ਇਸ ਲਈ, ਇਹ ਜਰੂਰੀ ਹੈ ਕਿ ਬੱਚਿਆਂ ਵਾਸਤੇ ਵਿਗਿਆਨ ਸੰਚਾਰ ਦੀ ਸਮੱਗਰੀ ਅਤੇ ਵਿਧੀ ਦੇ ਅੰਦਰ ਹੀ ਸਿਰਫ਼ ਇੱਛਤ ਸੰਦੇਸ਼ ਨਾ ਹੋਵੇ ਸਗੋਂ ਜੋ ਕੁੱਝ ਕੂੜ ਕਰਕਟ ਉਸਨੇ ਆਪਣੇ ਆਮ ਜੀਵਨ ਦੌਰਾਨ ਦਿਮਾਗ ਵਿੱਚ ਰਿਕਾਰਡ ਕਰ ਰੱਖਿਆ ਹੈ ਸਭ ਤੋਂ ਪਹਿਲਾਂ ਉਸਨੂੰ ਹੂੰਝਕੇ ਸਾਫ ਕਰਨ ਦਾ ਉਪਰਾਲਾ ਵੀ ਸਮੋਇਆ ਹੋਵੇ।

ਬੱਚਿਆਂ ਵਾਸਤੇ ਵਿਗਿਆਨ ਸੰਚਾਰ ਦੀਆਂ ਸਰਗਰਮੀਆਂ ਅਣਗਿਣਤ ਰੂਪ ਲੈ ਸਕਦੀਆਂ ਹਨ : ਉਹ ਜਿਹਨਾਂ ਵਿੱਚ ਬੱਚੇ ਖੁਦ ਭਾਗ ਲੈ ਸਕਣਗੇ, ਆਪਦੇ ਹੱਥਾਂ ਅਤੇ ਦਿਮਾਗ ਦੀ ਵਰਤੋਂ ਕਰਕੇ, ਇਹ ਵੱਧ ਪ੍ਰਭਾਵਸ਼ਾਲੀ ਸਾਬਿਤ ਹੁੰਦੀਆਂ ਹਨ, ਉਹ ਸਰਗਰਮੀਆਂ ਦੇ ਮੁਕਾਬਲੇ ਜਿਹਨਾਂ ਵਿੱਚ ਬੱਚਾ ਸਿਰਫ਼ ਉਦਾਸੀਨ ਸਰੋਤਾ ਜਾਂ ਦਰਸ਼ਕ ਹੀ ਬਣਿਆ ਰਹਿੰਦਾ ਹੈ। ਬਹੁਤ ਸਾਰੇ ਪ੍ਰੋਜੈਕਟ ਹਨ ਜੋ ਬੱਚੇ ਆਪਣੇ ਆਪ ਬਣਾ ਸਕਦੇ ਹਨ, ਜਾਂ ਕਿਸੇ ਵੱਡੇ ਜਾਂ ਅਧਿਆਪਕ ਤੋਂ ਅਗਵਾਈ ਪ੍ਰਾਪਤ ਕਰਕੇ ਬਣਾ ਸਕਦੇ ਹਨ।

# ਬਾਬੇ ਦਾ ਕਾਰਨਾਮਾ

ਮੇਰੀਆਂ ਦਫ਼ਤਰ ਵਿੱਚ ਬੈਠਿਆਂ ਆਪਣੇ ਨਾਲ ਦੇ ਕਰਚਾਰੀਆਂ ਨਾਲ ਅਕਸਰ ਹੀ ਪਖੰਡੀ ਬਾਬਿਆਂ ਬਾਰੇ ਗੱਲਾਂ-ਬਾਤਾਂ ਚਲਦੀਆਂ ਰਹਿੰਦੀਆਂ ਹਨ।ਅੱਜ ਵੀ ਜਦੋਂ ਗੱਲਾਂ ਚਲੀਆਂ ਤਾਂ ਮੇਰੇ ਨਾਲ ਦੇ ਸਾਥੀ ਕਰਮਚਾਰੀ ਨੇ ਆਪਣੇ ਨਾਲ ਬੀਤੀ ਗੱਲ ਮੇਰੇ ਨਾਲ ਸਾਂਝੀ ਕੀਤੀ। ਉਸਨੇ ਦੱਸਿਆ ਕਿ ਮੈਂ ਜਦੋਂ ਛੋਟਾ ਤੇਰਾਂ ਜਾਂ ਚੌਦਾਂ ਸਾਲਾਂ ਦਾ ਹੋਵਾਂਗਾ। ਮੇਰੇ ਅਜੇ ਦਾੜ੍ਹੀ ਤੇ ਮੁੱਛਾਂ ਨਹੀਂ ਆਈਆਂ ਸਨ ਮੈਂ ਸਿਰ ਉਪਰ ਪਟਕਾ ਬਣਦਾ ਸੀ ਦਾੜ੍ਹੀ ਤੇ ਮੁਛਾਂ ਨਾ ਆਉਣ ਕਰਕੇ ਮੈਂ ਲਵਾਂ ਜਿਹਾ ਲਗਦਾ ਸੀ। ਮੈਂ ਪੱਟੀ ਸ਼ਹਿਰ ਵਿਖੇ ਆਪਣੀ ਭੂਆਂ ਜੀ ਦੇ ਘਰ ਛੁਟੀਆਂ ਵਿੱਚ ਰਹਿਣ ਲਈ ਗਿਆ ਸੀ ਤਾਂ ਰਾਤ ਨੂੰ ਮੇਰੇ ਪੇਟ ਵਿੱਚ ਦਰਦ ਸ਼ੁਰੂ ਹੋ ਗਿਆ, ਫੁਫੜ ਜੀ ਦੇ ਕਹਿਣ ਤੇ ਵੀ ਮੇਰੀ ਭੂਆ ਨੇ ਇੱਕ ਨਾ ਸੁਣੀ ਤੇ ਮੈਨੂੰ ਪੱਟੀ ਤੋਂ ਛੇ ਕਿਲੋਮੀਟਰ ਦੂਰ ਇੱਕ ਡੇਰੇ ਵਿੱਚ ਲੈ ਗਈ ਡੇਰੇ ਵਾਲੇ ਬਾਬੇ ਨੇ ਜਦੋਂ ਸਾਡੀ ਵਾਰੀ ਆਈ ਤਾਂ ਮੈਨੂੰ ਆਪਣੀ ਗੋਦ ਵਿੱਚ ਬਠਾਕੇ ਸਾਰੀ ਗੱਲਬਾਤ ਪੁਛਣ ਲਗਾ ਮੇਰੀ ਭੂਆ ਨੇ ਕਿਹਾ ਇਸ ਨੂੰ ਪੇਟ ਦਰਦ ਹੈ ਤਾਂ ਬਾਬਾ ਹੱਸ ਕੇ ਮੇਰੀਆਂ ਗੱਲਾਂ ਉਪਰ ਹੱਥ ਫੇਰਨ ਲੱਗਾ ਤੇ ਮੇਰੀ ਭੂਆਂ ਨੂੰ ਕਹਿਣ ਲੱਗਾ ਮੁੰਡਾ ਬਹੁਤ ਸੋਹਣਾ ਹੈ ਇਸ ਨੂੰ ਨਜ਼ਰ ਲੱਗੀ ਹੈ। ਤੁਹਾਡੇ ਘਰ ਵਿੱਚ ਕੋਈ ਜਵਾਨ ਮੌਤ ਹੋਈ ਹੈ ਤਾਂ ਭੂਆ ਜੀ ਰੋਣ ਲੱਗ ਗਏ। ਉਹਨਾਂ ਦਾ ਨੌਜਵਾਨ ਪੁੱਤਰ ਜਿਸ ਦੀ ਦੋ ਕੁ ਸਾਲ ਪਹਿਲਾਂ ਮੌਤ ਹੋ ਚੁੱਕੀ ਸੀ। ਭੂਆ ਨੂੰ ਦਲਾਸਾ ਦੇਣ ਤੋਂ ਬਾਅਦ ਬਾਬਾ ਮੈਨੂੰ ਅੰਦਰ ਲੈ ਗਿਆ ਤੇ ਕਹਿਣ ਲੱਗਾ ਜਿਸ ਨੌਜਵਾਨ ਦੀ ਮੌਤ ਹੋਈ ਹੈ ਤੂੰ ਉਸ ਨਾਲ ਗਲਤ ਕੰਮ ਕੀਤਾ ਹੈ। ਮੈਂ ਕਿਹਾ ਨਹੀਂ ਕਿਸੇ ਤਰ੍ਹਾਂ ਦਾ ਕੋਈ ਗਲਤ ਕੰਮ ਨਹੀਂ ਕੀਤਾ ਉਹ ਮੈਨੂੰ ਡਰਾਉਣ ਲਗਾ ਕਿ ਇਹ ਤੇਰਾ ਦਰਦ ਬੰਦ ਨਹੀਂ ਹੋਵੇਗਾ ਹੋਰ ਵਧੇਗਾ ਜਿਨ੍ਹਾਂ ਚਿਰ ਉਸ ਤਰ੍ਹਾਂ ਦਾ ਗਲਤ ਕੰਮ ਦੁਬਾਰਾ ਨਹੀਂ ਕਰਦਾ ਮੈਂ ਫਿਰ ਕਿਹਾ ਮੈਂ ਕੋਈ ਗਲਤ ਕੰਮ ਨਹੀਂ ਕੀਤਾ ਪਰ ਬਾਬਾ ਮੈਨੂੰ ਵਾਰ-ਵਾਰ ਇਹ ਕਹੇ ਕਿ ਤੂੰ ਇਸ ਡੇਰੇ ਵਿੱਚੋਂ ਕਿਸੇ ਵੀ ਸੇਵਾਦਾਰ ਵੱਲ ਉਂਗਲ ਕਰ, ਤੇਰੀ ਭੂਆ ਦੇ ਮੰਡੇ ਨੂੰ ਮੈਂ ਉਸਤੇ ਸਵਾਰ ਕਰ ਦੇਵਾਂਗਾ। ਜਦ ਤੂੰ ਉਸ ਨਾਲ ਗਲਤ ਕੰਮ ਕਰ ਲਵੇਂਗਾ ਤੇਰਾ ਦਰਦ ਬੰਦ ਜਾਵੇਗਾ ਪਰ ਮੈਂ ਨਾ ਮਨਿਆ ਤੇ ਬਾਬੇ ਤੋਂ ਆਪਣੀ ਬਾਂਹ ਛੁਡਾ ਕੇ ਭੂਆ ਨੂੰ ਵੀ ਡੇਰੇ ਵਿੱਚ ਲੈ ਆਇਆ। ਫੁੱਫੜ ਜੀ ਨੇ ਦਵਾਈ ਮੈਨੂੰ ਦਵਾਈ ਦਿੱਤੀ ਤੇ ਮੈਂ ਠੀਕ ਹੋ ਗਿਆ। ਇਸ ਗੱਲ ਦਾ ਮੈਂ ਕਦੇ ਵੀ ਕਿਸੇ ਕੋਲ ਜ਼ਿਕਰ ਨਾ ਕੀਤਾ ਅੱਜ ਮੇਰੀ ਉਮਰ 55 ਸਾਲ ਦੀ ਹੈ। ਅੱਜ ਗੱਲਾਂ ਚਲੀਆਂ ਤਾਂ ਮੈਂ ਆਪਣੀ ਹੱਡਬੀਤੀ ਤੁਹਾਡੇ ਨਾਲ ਸਾਂਝੀ ਕੀਤੀ ਹੈ।

**– ਲਖਵਿੰਦਰ ਹਾਲੀ**

## ਤੁਹਾਡੇ ਖ਼ਤ

ਪਿਆਰੇ ਅਤੇ ਵੱਡੇ ਵੀਰ ਸ੍ਰੀ ਮੇਘ ਰਾਜ ਮਿੱਤਰ ਜੀ,

ਮੈਂ ਥੋੜੇ ਕੰਮ ਕਰਨ ਵਾਲਿਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਖਾਸ ਕਰਕੇ ਸ਼ੁਕਰਗੁਜ਼ਾਰ ਹਾਂ ਸ੍ਰੀ ਤਲਵਿੰਦਰ ਸਿੰਘ ਸੱਭਰਵਾਲ 'ਕੈਨੇਡਾ' ਨਿਵਾਸੀ ਜਿੰਨ੍ਹਾਂ ਦੀ ਸਹਾਇਤਾ ਨਾਲ ਪੰਜਾਬ ਦੇ ਹਰੇਕ ਸਕੂਲ ਨੂੰ ਵਿਗਿਆਨ ਜੋਤ ਦਾ ਪਹੁ-ਫੁਟਾਲਾ ਜਾਂ ਕਹਿ ਲਈਏ ਕਿ ਗੁਣਾ ਦਾ ਖਜ਼ਾਨਾ ਬੇਝਿਜਕ ਮਿਲ ਰਿਹਾ ਹੈ। ਜਿਸਨੂੰ ਪੜ੍ਹਕੇ ਅਧਿਆਪਕ ਤੇ ਵਿਦਿਆਰਥੀ ਆਪੋ-ਆਪਣੇ ਚਾਨਣ ਦਾ ਮਿਆਰ ਖੁਦ ਹੀ ਵਧਾ ਸਕਣਗੇ ਉਹ ਵੀ ਵਿਗਿਆਨ ਜੋਤ ਦੇ ਜ਼ਰੀਏ। ਦੁਨੀਆਂ ਭਰ ਵਿੱਚ ਭਾਰਤ ਦੇ ਇਸ ਮੈਗਜ਼ੀਨ ਦੀ ਆਪਣੀ ਖਾਸ ਥਾਂ ਬਣਾਈ ਹੈ ਅਤੇ ਉਮੀਦ ਕਰਦਾ ਹਾਂ ਕਿ ਇੱਕ ਨਾ ਇੱਕ ਇਹ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ!

**– ਜਗਦੀਪ ਸਿੰਘ ਰੰਘੜਿਆਲ**


ਪਿੰਡ ਤੇ ਡਾਕ : ਰੰਘੜਿਆਲ

ਜ਼ਿਲ੍ਹਾ : ਮਾਨਸਾ-151501



ਸੂ ਚ ਨਾ

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ* **400/-ਰੁਪੈ** *ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।* **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



**ਸਰਗਰਮੀਆਂ**

# 10ਵੇਂ ਤਰਕਸ਼ੀਲ ਨਾਟਕ ਮੇਲੇ ਵਿੱਚ ਦਰਸ਼ਕ ਭਾਵਕ ਹੋਏ








ਬਾਬਾ ਸ਼ੇਖ ਫਰੀਦ ਦੀ ਯਾਦ ਵਿੱਚ ਹੁੰਦੇ ਮੇਲੇ ਦੌਰਾਣ ਤਰਕਸ਼ੀਲ ਸੁਸਾਇਟੀ ਭਾਰਤ (ਰਜਿ:) ਇਕਾਈ ਫਰੀਦਕੋਟ ਵੱਲੋਂ ਨਿਵੇਕਲੀ ਪਹਿਚਾਣ ਬਣਾ ਚੁੱਕੇ ਤਰਕਸ਼ੀਲ ਮੇਲੇ ਵਿੱਚ ਉਘੇ ਤਰਕਸ਼ੀਲ ਆਗੂ ਡਾ. ਨਰਿੰਦਰ ਦਬੋਲਕਰ ਤੇ ਤਰਕਸ਼ੀਲ ਬਲਕਾਰਮੰਡ ਦੇ ਪਿਤਾ ਜਗਰਾਜ ਸਿੰਘ ਦੀ ਮੌਤ ਮੋਨਧਾਰਨ ਉਪਰੰਤ ਮੇਘ ਰਾਜ ਰੱਲਾ ਦੀ ਨਿਰਦੇਸ਼ਨਾਂ ਹੇਠ ਨਾਟਕ "ਅੰਨੀ ਗਲ੍ਹੀ ਦਾ ਮੌੜ" ਰਾਹੀਂ ਨਸ਼ਿਆ ਵਿੱਚ ਗਲਤਾਨ ਹੋ ਰਹੇ ਨੌਜਵਾਨਾਂ ਬਾਰੇ, "ਆਮ ਆਦਮੀ ਖਾਸ ਆਦਮੀ" ਰਾਹੀਂ ਆਮ ਆਦਮੀ ਦੀ ਹੁੰਦੀ ਜਲਾਲਤ, ਸਿਆਸੀ ਪਹੁੰਚ ਵਾਲੇ ਖਾਸ ਆਦਮੀਆਂ ਵੱਲੋਂ ਸ਼ਰੇਆਮ ਕੀਤੀਆਂ ਜਾਂਦੀਆਂ ਧੱਕੇਸ਼ਾਈਆਂ ਦੇ ਮੂੰਹ ਬੋਲ ਦੀ ਝਲਕ ਪੇਸ਼ ਕੀਤੀ। ਕੋਰੀਓਗਰਾਫੀ "ਰੀਸ" ਰਾਹੀਂ ਨੌਜਵਾਨ ਪੀੜੀ ਨੂੰ ਮਾੜੇ ਕੰਮਾਂ ਦੀ ਰੀਸ ਕਰਨ ਦੀ ਬਜਾਏ ਸ਼ਹੀਦ ਭਗਤ ਸਿੰਘ ਵਿਚਾਰਧਾਰਾ ਦੀ ਰੀਸ ਕਰਕੇ ਉਸਾਰੂ ਸਹਿਤ ਪੜ੍ਹ ਕੇ ਸੁਚੱਜੀ ਸੋਚ ਅਪਣਾਉਣ ਲਈ ਪਰੇਰਿਆ।

ਲਾਹਨਤ ਵਾਲੀ ਸਮਾਜਿਕ ਬੁਰਾਈ ਭਰੂਣ ਹੱਤਿਆ ਬਾਰੇ "ਮੈਨੂੰ ਕੁੱਖ ਵਿੱਚ ਨਾ ਕਤਲ ਕਰਾ ਮਾਏ ਮੇਰੀਏ" ਕੋਰੀਓਗਰਾਫੀ ਵੇਖ ਕੇ ਵੱਡੀਗਿਣਤੀ ਵਿੱਚ ਲੋਕ ਭਾਵਕ ਹੋ ਕੇ ਅਥਰੂ ਪੂੰਝਦੇ ਦੇਖੇ ਗਏ। ਮਾਸਟਰ ਗੁਰਜਿੰਦਰ ਡੋਹਕ ਨੇ ਕੋਰੀਓਗਰਾਫੀ "ਜੱਟ ਦੀ ਜੂਨ ਬੁਰੀ" ਰਾਹੀਂ ਕਿਸਾਨ ਮਜ਼ਦੂਰ ਦੀ ਹੱਡ ਭੰਨਵੀਂ ਮਿਹਨਤ ਦੇ ਬਾਵਜੂਦ ਉਸ ਦੀ ਤਰਸਯੋਗ ਹਾਲਤ ਦੀ ਲੂੰ-ਕੰਡੇ ਖੜੇ ਕਰਨ ਵਾਲੀ ਤਸਵੀਰ ਪੇਸ਼ ਕੀਤੀ। ਕੋਰੀਓਗਰਾਫੀ "ਚੌਣਾਂ" ਰਾਹੀਂ ਲੋਕ ਰਾਜੀ ਲੋਕਤੰਤਰ ਪ੍ਰਬੰਧ ਲਈ ਹੁੰਦੀਆਂ ਚੌਣਾ ਵਿੱਚ ਪਰਿਵਾਰਵਾਦ, ਵੱਡੇ ਪੱਧਰ ਤੇ ਨਸ਼ਿਆਂ ਤੇ ਪੈਸੇ ਦੀ ਵੰਡ ਦੇ ਚਿੰਤਾਜਣਕ ਵਰਤਾਰੇ ਦੀ ਵਿਅੰਗਮਈ ਚੋਟ ਕਰਦੀ ਪੇਸ਼ਕਾਰੀ ਪੇਸ਼ ਕੀਤੀ। ਟਿੱਲ੍ਹਾ ਬਾਬਾ ਸ਼ੇਖ ਫਰੀਦ ਦੇ ਮੁੱਖ ਸੇਵਾਦਾਰ ਸ. ਇੰਦਰਜੀਤ ਸਿੰਘ ਖਾਲਸਾ ਨੇ ਮਰਨ ਉਪਰੰਤ ਖੋਜਾਂ ਲਈ ਸਰੀਰਦਾਨੀ ਜੰਗੀਰ ਕੌਰ ਗੋਲੇਵਾਲਾ, ਸਿਹਤ ਸੇਵਾਵਾਂ ਤੇ ਸਮਾਜ ਸੇਵਾਲਈਡਾ. ਐਸ.ਪੀ.ਸਿੰਘ (ਅੱਖਾਂ ਦੇ ਮਾਹਰ), ਖੂਨਦਾਨੀ ਦਵਿੰਦਰ ਕੁਮਾਰ ਨੀਟੂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ।

ਪ੍ਰੋ. ਅਮਰਿੰਦਰ ਸਿੰਘ ਮਨੀ ਨੂੰ ਹਰਿਆਲੀ ਯੋਗਦਾਨ ਲਈ ਸਨਮਾਨਿਤ ਕੀਤਾ। ਪ੍ਰੋਗਰਾਮ ਦੇ ਵਿਸ਼ੇਸ਼ ਮਹਿਮਾਨ ਅਵਤਾਰ ਸਿੰਘ ਬਰਾੜ, ਮੁਖਤਿਆਰ ਕੌਰ ਵਾਂਦਰ, ਗੁਰਬੀਰ ਸਿੰਘ ਸੰਧੂ, ਸੁਖਜਿੰਦਰ ਸਿੰਘ ਸਮਰਾ, ਸੁਖਮੰਦਰ ਸਿੰਘ ਹੁੰਦਲ, ਜਲੌਰ ਸਿੰਘ ਰਾਜਾ, ਭੁਪਿੰਦਰ ਸਿੰਘ ਸਿਧੂ ਡੀ. ਐਸ. ਪੀ. ਵਿਜੀਲੈਂਸ, ਕੁਲਵੰਤ ਸਿੰਘ ਮਾਨ ਸਨ। ਉਘੇ ਮੰਚ ਸੰਚਾਲਕ ਜਗਪਾਲ ਸਿੰਘ ਬਰਾੜ ਤੇ ਲਖਵਿੰਦਰ ਹਾਲੀ ਨੇ ਬਾਖੂਬੀਮੰਚ ਸੰਚਾਲਣ ਕੀਤਾ। ਸੂਬਾ ਆਗੂ ਸੁਖਚੈਨ ਸਿੰਘ ਥਾਂ ਦੇ ਵਾਲਾ ਨੇ ਧੰਨਵਾਦ ਕਰਦਿਆਂ ਦਰਸ਼ਕਾਂ ਨੂੰ ਵਿਗਿਆਨਕ ਸੋਚ ਅਪਣਾਉਣ ਦੀ ਅਪੀਲ ਕੀਤੀ। ਇਸ ਸਮੇਂ ਸੁਭਾਸ਼ਗਰੋਵਰ, ਅਜੈਬ ਢੁੱਡੀ ਹਾਜ਼ਰ ਸਨ। ਯੂ ਲਾਈਕ ਸਾਊਂਡ ਸਰਵਿਸ ਫਰੀਦਕੋਟ ਅਤੇ ਪਾਲੀ ਸਟੂਡੀਓ ਦਾ ਵੀ ਯੋਗਦਾਨ ਰਿਹਾ।

– **ਲਖਵਿੰਦਰ ਹਾਲੀ,** ਮੋਬਾ: 098761-63421
ਪ੍ਰਧਾਨ ਤਰਕਸ਼ੀਲ ਸੁਸਾਇਟੀ ਭਾਰਤ (ਰਜਿ:) ਇਕਾਈ ਫਰੀਦਕੋਟ।



# ਜਾਦੂ ਦੇ ਟਰਿੱਕ

**ਸੁਰਜੀਤ ਤਲਵਾਰ**

## ਬੰਦ ਅੱਖਾਂ ਦਾ ਚਮਤਕਾਰ

ਸਟੇਜ਼ ਦੇ ਉੱਪਰ ਬਲੈਕ ਬੋਰਡ ਰੱਖਿਆ ਹੁੰਦਾ ਹੈ। ਜਾਦੂਗਰ ਇਕ ਆਦਮੀ ਨੂੰ ਸਟੇਜ਼ ਤੇ ਬੁਲਾਉਂਦਾ ਹੈ ਅਤੇ ਉਸ ਦੇ ਹੱਥ ਵਿਚ ਚਾਕ ਪਕੜਾ ਦਿੰਦਾ ਹੈ। ਜਾਦੂਗਰ ਉਸ ਦਰਸ਼ਕ ਨੂੰ ਬਲੈਕ ਬੋਰਡ ਉੱਪਰ ਕੁਝ ਵੀ ਲਿਖਣ ਦੇ ਲਈ ਆਖਦਾ ਹੈ ਅਤੇ ਆਪ ਖੁਦ ਮੂੰਹ ਮੋੜ ਕੇ ਖੜਾ ਹੋ ਜਾਂਦਾ ਹੈ ਜਦੋਂ ਉਹ ਦਰਸ਼ਕ ਸਭ ਕੁਝ ਲਿਖ ਦਿੰਦਾ ਹੈ ਤਾਂ ਜਾਦੂਗਰ ਉਸ ਨੂੰ ਆਪਣੀ ਜਗ੍ਹਾ ਤੇ ਜਾ ਕੇ ਬੈਠਣ ਦੇ ਲਈ ਆਖਦਾ ਹੈ। ਇਸ ਤੋਂ ਬਾਅਦ ਉਹ ਇਕ ਲੜਕੀ ਨੂੰ ਸਟੇਜ਼ ਦੇ ਉੱਪਰ ਸੱਦਦਾ ਹੈ ਅਤੇ ਉਸਨੂੰ ਕਾਲੇ ਰੰਗ ਦੀ ਪੱਟੀ ਪਕੜਾ ਕੇ ਆਖਦਾ ਹੈ ਕਿ ਇਸ ਪੱਟੀ ਨੂੰ ਮੇਰੀਆਂ ਅੱਖਾਂ ਤੇ ਬੰਨ੍ਹ ਦਿਓ। ਪੱਟੀ ਬੰਨ੍ਹ ਦੇਣ ਤੋਂ ਬਾਅਦ ਜਾਦੂਗਰ ਉਸ ਲੜਕੀ ਨੂੰ ਬਲੈਕ ਬੋਰਡ ਉੱਪਰ ਲਿਖੀ ਕਿਸੇ ਵੀ ਪੰਕਤੀ ਉੱਪਰ ਉਂਗਲ ਰੱਖਣ ਦੇ ਲਈ ਆਖਦਾ ਹੈ ਲੜਕੀ ਇਸੇ ਤਰ੍ਹਾਂ ਕਰਦੀ ਹੈ। ਜਾਦੂਗਰ ਬਿਨਾਂ ਕੁਝ ਦੇਖੇ ਸਭ ਕੁਝ ਸਹੀ-ਸਹੀ ਦੱਸਦਾ ਜਾਂਦਾ ਹੈ। ਸਾਰੇ ਦਰਸ਼ਕ ਹੈਰਾਨ ਰਹਿ ਜਾਂਦੇ ਹਨ।

**ਜਾਦੂ ਦਾ ਸਾਮਾਨ** : ਇਕ ਬਲੈਕ ਬੋਰਡ, ਚਾਕ, ਕਾਲੀ ਪੱਟੀ, ਦੋ ਸਹਿਯੋਗੀ।

**ਜਾਦੂ ਦੀ ਤਿਆਰੀ** : ਪ੍ਰੈਕਟਿਸ। ਦਰਸ਼ਕਾਂ ਵਿਚ ਦੋ ਸਾਥੀ ਬੈਠਾ ਦਿਓ।

**ਜਾਦੂ ਦਾ ਪ੍ਰਦਰਸ਼ਨ** : ਸਭ ਤੋਂ ਪਹਿਲਾਂ ਸਟੇਜ ਉੱਪਰ ਆ ਕੇ ਦਰਸ਼ਕਾਂ ਦਾ ਸੁਆਗਤ ਕਰੋ। ਆਪਣੇ ਦਿਖਾਏ ਜਾਣ ਵਾਲੇ ਜਾਦੂ ਦੇ ਬਾਰੇ ਵਿਚ ਕੁਝ ਵੀ ਦਰਸ਼ਕਾਂ ਨੂੰ ਨਾ ਦੱਸੋ। ਫਿਰ ਇਕ ਦਰਸ਼ਕ ਨੂੰ ਸਟੇਜ਼ ਉੱਪਰ ਸੱਦੋ ਇਹ ਤੁਹਾਡਾ ਸਹਿਯੋਗੀ ਹੀ ਹੋਵੇਗਾ। ਹੁਣ ਤੁਸੀਂ ਉਸਨੂੰ ਇਕ ਚਾਕ ਪਕੜਾ ਦਿਓ ਅਤੇ ਬਲੈਕ ਬੋਰਡ ਦੇ ਉੱਪਰ ਕੁਝ ਵੀ ਲਿਖਣ ਦੇ ਲਈ ਆਖੋ। ਜਦੋਂ ਉਹ ਇਹ ਸਭ ਕੁਝ ਲਿਖ ਦੇਵੇ ਤਾਂ ਉਸਨੂੰ ਆਪਣੀ ਸੀਟ ਤੇ ਜਾ ਕੇ ਬੈਠਣ ਲਈ ਆਖੋ। ਹੁਣ ਇਕ ਹੋਰ ਦਰਸ਼ਕ ਨੂੰ ਸੱਦੋ ਇਹ ਤੁਹਾਡਾ ਦੂਸਰਾ ਸਹਿਯੋਗੀ ਹੋਵੇਗਾ। ਇਸ ਦਰਸ਼ਕ ਨੂੰ ਕਾਲੇ ਰੰਗ ਦੇ ਕੱਪੜੇ ਦੀ ਪੱਟੀ ਦਿਓ ਅਤੇ ਤੁਹਾਡੀਆਂ ਅੱਖਾਂ ਤੇ ਬੰਨ੍ਹਣ ਦੇ ਲਈ ਆਖੋ ਜਦੋਂ ਉਹ ਪੱਟੀ ਬੰਨ੍ਹ ਦੇਵੇ ਤਾਂ ਉਸ ਨੂੰ ਬਲੈਕ ਬੋਰਡ ਦੇ ਉੱਪਰ ਕਿਸੇ ਵੀ ਲਿਖੇ ਨਾਮ ਉੱਪਰ ਉਂਗਲ ਰੱਖਣ ਲਈ ਆਖੋ ਤੁਸੀਂ ਉਸ ਦੁਆਰਾ ਰੱਖੀ ਉਂਗਲ ਬਾਰੇ ਆਰਾਮ ਨਾਲ ਦੱਸ ਦਿੰਦੇ ਹੋ ਕਿ ਹੁਣ ਉਸ ਨੇ ਕਿਸ ਨਾਮ ਉੱਪਰ ਉਂਗਲ ਰੱਖੀ ਹੈ ਅਤੇ ਫਿਰ ਕਿਸ ਨਾਮ ਉੱਪਰ। ਇਸ ਦਾ ਰਹੱਸ ਇਹ ਹੈ ਕਿ ਤੁਹਾਡਾ ਸਹਿਯੋਗੀ ਪਹਿਲਾਂ ਤੋਂ ਹੀ ਨਿਸ਼ਚਤ ਕੀਤੇ ਨਾਮ ਹੀ ਤਰਤੀਬ ਵਾਰ ਲਿਖਦਾ ਹੈ ਅਤੇ ਤੁਹਾਡਾ ਦੂਸਰਾ ਸਹਿਯੋਗੀ ਪਹਿਲਾਂ ਤੋਂ ਹੀ ਨਿਸ਼ਚਤ ਵਿਧੀ ਅਨੁਸਾਰ ਅਲੱਗ-ਅਲੱਗ ਨਾਮਾਂ ਉੱਪਰ ਉਂਗਲੀ ਰੱਖਦਾ ਹੈ ਜੋ ਤੁਹਾਨੂੰ ਪਹਿਲਾਂ ਤੋਂ ਹੀ ਯਾਦ ਹੁੰਦੇ ਹਨ। ਅਰਥਾਤ ਸਭ ਕੁਝ ਪਹਿਲਾਂ ਹੀ ਨਿਸ਼ਚਤ ਕਰ ਲਿਆ ਜਾਂਦਾ ਹੈ ਕਿ ਸਟੇਜ਼ ਉੱਪਰ ਕਿਸ ਨੇ ਕੀ ਅਤੇ ਕਿਵੇਂ ਕਰਨਾ ਹੈ।

ਪਰ ਦਰਸ਼ਕਾਂ ਨੂੰ ਇਸ ਦੀ ਖ਼ਬਰ ਨਹੀਂ ਹੁੰਦੀ ਇਸ ਲਈ ਉਹ ਇਸ ਨੂੰ ਜਾਦੂ ਹੀ ਸਮਝਦੇ ਹਨ।

## ਰਾਸ਼ਟਰੀ ਝੰਡਾ ਪ੍ਰਗਟ ਕਰਨਾ

ਜਾਦੂਗਰ ਖਾਲੀ ਹੱਥ ਮੰਚ ਦੇ ਉੱਪਰ ਆਉਂਦਾ ਹੈ। ਇਸ ਤੋਂ ਬਾਅਦ ਇਕ ਦਰਸ਼ਕ ਖਾਲੀ ਅਖ਼ਬਾਰ ਪਕੜ ਕੇ ਸਟੇਜ਼ ਦੇ ਉੱਪਰ ਆ ਜਾਂਦਾ ਹੈ। ਇਸ ਤੋਂ ਬਾਅਦ ਅਖ਼ਬਾਰ ਨੂੰ ਮੋੜ ਕੇ ਇਕ ਗੇਂਦ ਦਾ ਅਕਾਰ ਦੇ ਦਿੰਦਾ ਹੈ ਅਤੇ ਉਸ ਨੂੰ ਹਵਾ ਦੇ ਵਿਚ ਉਛਾਲਦਾ ਹੈ। ਫਿਰ ਉਸ ਗੇਂਦ ਨੂੰ ਪਾੜ ਦਿੰਦਾ ਹੈ ਅਤੇ ਇਸ ਅਖ਼ਬਾਰ ਦੀ ਗੇਂਦ ਦੇ ਵਿਚੋਂ ਸਾਡਾ ਰਾਸ਼ਟਰੀ ਝੰਡਾ ਤਰੰਗਾ ਪ੍ਰਗਟ ਕਰਦਾ ਹੈ। ਹਰ ਕੋਈ ਜਾਦੂਗਰ ਦੇ ਲਈ ਤਾਲੀਆਂ ਵਜਾਉਂਦਾ ਹੈ।

**ਜਾਦੂ ਦਾ ਸਾਮਾਨ** : ਇਕ ਰਾਸ਼ਟਰੀ ਝੰਡਾ (ਤਰੰਗਾ), ਅਖ਼ਬਾਰ, ਸਹਿਯੋਗੀ।

**ਜਾਦੂ ਦੀ ਤਿਆਰੀ** : ਅਖ਼ਬਾਰ ਦੀਆਂ ਦੋ ਪਰਤਾਂ ਨੂੰ ਆਪਸ ਦੇ ਵਿਚ ਝੰਡਾ ਵਿਚਕਾਰ ਰੱਖ ਕੇ ਚਿਪਕਾ ਦਿਓ। ਹੁਣ ਇਹ ਅਖ਼ਬਾਰ ਆਪਣੇ ਸਹਿਯੋਗੀ ਨੂੰ ਪਕੜਾ ਦਿਓ ਅਤੇ ਉਸ ਨੂੰ ਦਰਸ਼ਕਾਂ ਦੇ ਵਿਚ ਦਰਸ਼ਕ ਬਣ ਬੈਠ ਜਾਣ ਦੇ ਲਈ ਆਖੋ।

**ਜਾਦੂ ਦਾ ਪ੍ਰਦਰਸ਼ਨ** : ਸਾਰੀ ਤਿਆਰੀ ਤੋਂ ਬਾਅਦ ਜਾਦੂ ਦਾ ਪ੍ਰਦਰਸ਼ਨ ਕਰਨਾ ਸ਼ੁਰੂ ਕਰੋ। ਤੁਸੀਂ ਸਟੇਜ਼ ਦੇ ਉੱਪਰ ਆ ਕੇ ਕਿਸੇ ਵੀ ਚੀਜ਼ ਦੀ ਮੰਗ ਕਰੋ। ਪਰ ਜਦੋਂ ਤੁਹਾਨੂੰ ਕੋਈ ਵੀ ਚੀਜ਼ ਨਾ ਮਿਲੇ ਤਾਂ ਤੁਸੀਂ ਆਪਣੇ ਸਹਿਯੋਗੀ ਦੇ ਹੱਥ ਦੇ ਵਿਚੋਂ ਅਖ਼ਬਾਰ ਪਕੜ ਲਿਆਓ ਜੋ ਪਹਿਲਾਂ ਤੋਂ ਹੀ ਦਰਸ਼ਕ ਬਣ ਕੇ ਦਰਸ਼ਕਾਂ ਦੇ ਵਿਚ ਬੈਠਾ ਹੈ। ਹੁਣ ਇਸ ਅਖ਼ਬਾਰ ਦੇ ਉਪਰਲੇ ਪੰਨੇ ਪਰ੍ਹਾਂ ਰੱਖ ਦਿਓ ਅਤੇ ਵਿਸ਼ੇਸ਼ ਤਿਆਰ ਕੀਤੇ ਪੰਨੇ ਆਪਣੇ ਕੋਲ ਰੱਖ ਲਓ। ਹੁਣ ਤੁਸੀਂ ਇਸ ਅਖ਼ਬਾਰ ਦਾ ਇਕ ਰੋਲ ਬਣਾਓ ਜਾਂ ਗੇਂਦ। ਇਸ ਤੋਂ ਬਾਅਦ ਇਸ ਨੂੰ ਹਵਾ ਦੇ ਵਿਚ ਉਛਾਲ ਦਿਓ। ਕਿਸੇ ਇਕ ਦਰਸ਼ਕ ਬੱਚੇ ਨੂੰ ਸਟੇਜ਼ ਦੇ ਉੱਪਰ ਸੱਦੋ ਅਤੇ ਉਸ ਨੂੰ ਪੁੱਛੋ ਕਿ ਪੰਦਰਾਂ ਅਗਸਤ ਨੂੰ ਅਸੀਂ ਕਿਸ ਚੀਜ਼ ਨੂੰ ਸਲਾਮੀ ਦਿੰਦੇ ਹਾਂ। ਤਾਂ ਬੱਚਾ ਫੱਟ ਦੇਣੇ ਬੋਲੇਗਾ, ਤਰੰਗੇ ਝੰਡੇ ਨੂੰ। ਤੁਸੀਂ ਉਸ ਬੱਚੇ ਦੇ ਨਾਮ ਉੱਪਰ ਤਾਲੀਆਂ ਮਰਵਾ ਦਿਓ ਅਤੇ ਨਾਲ ਹੀ ਦਰਸ਼ਕਾਂ ਦੀ ਨਜ਼ਰ ਤੋਂ ਬਚਾ ਕੇ ਅਖ਼ਬਾਰ ਤੋਂ ਥੋੜ੍ਹਾ ਹਿੱਸਾ ਪਾੜ ਕੇ ਉਸ ਦੇ ਵਿਚੋਂ ਤਰੰਗਾ ਝੰਡਾ ਪ੍ਰਗਟ ਕਰ ਦਿਓ। ਸਾਰੇ ਦਰਸ਼ਕ ਇਹ ਦੇਖ ਕੇ ਇਕ ਵਾਰ ਹੋਰ ਤਾਲੀਆਂ ਵਜਾਉਣਗੇ।



## ਹੁਕਮ ਮੰਨਣ ਵਾਲੀ ਗੇਂਦ

ਟਰਿੱਕ ਮਾਸਟਰ ਸਟੇਜ਼ ਤੇ ਧਾਗਾ ਪਿਰੋਈ ਹੋਈ ਇਕ ਗੇਂਦ ਲੈਕੇ ਆਉਂਦਾ ਹੈ। ਉਹ ਧਾਗੇ ਦਾ ਇਕ ਸਿਰਾ ਆਪਣੇ ਪੈਰ ਹੇਠਾਂ ਦੱਬ ਲੈਂਦਾ ਹੈ ਅਤੇ ਦੂਜਾ ਸਿਰਾ ਉੱਪਰ ਹੱਥ ਵਿਚ ਫੜ ਲੈਂਦਾ ਹੈ। ਜਦੋਂ ਉਹ ਗੇਂਦ ਨੂੰ ਚੱਲਣ ਲਈ ਆਖਦਾ ਹੈ ਤਾਂ ਗੇਂਦ ਚੱਲ ਪੈਂਦੀ ਹੈ ਜਦੋਂ ਰੁਕਣ ਲਈ ਆਖਦਾ ਹੈ ਤਾਂ ਗੇਂਦ ਰੁਕ ਜਾਂਦੀ ਹੈ। ਹੁਕਮ ਮੰਨਣ ਵਾਲੀ ਗੇਂਦ ਦੇ ਕਰਤੱਵ ਵੇਖਕੇ ਦਰਸ਼ਕ ਹੈਰਾਨ ਰਹਿ ਜਾਂਦੇ ਹਨ।

**ਲੋੜੀਂਦਾ ਸਾਮਾਨ** : ਇਕ ਲੱਕੜ ਦੀ ਗੇਂਦ, ਡੇਢ ਦੋ ਮੀਟਰ ਲੰਬੀ ਬਾਰੀਕ ਰੱਸੀ

**ਪੂਰਵ ਤਿਆਰੀ** : ਗੇਂਦ ਵਿਚ ਟੇਢਾ ਸੁਰਾਖ ਕਰਕੇ ਰੱਸੀ ਪਰੋ ਲਵੋ।

**ਪ੍ਰਦਰਸ਼ਨ** : "ਆ ਜਾ ਮੁੰਨਾ ਤੂੰ ਹੀ ਆ ਜਾ ਤੈਨੂੰ ਇਸ ਗੇਂਦ ਦੇ ਟਰਿੱਕ ਵਿਖਾਉਂਦਾ ਹਾਂ।" ਟਰਿੱਕ ਮਾਸਟਰ ਇਕ ਬੱਚੇ ਨੂੰ ਸਟੇਜ਼ ਤੇ ਬੁਲਾਉਂਦਾ ਹੈ। ਉਸ ਨੂੰ ਰੱਸੀ ਦਾ ਇਕ ਸਿਰਾ ਪੈਰ ਹੇਠਾਂ ਦੱਬਣ ਲਈ ਆਖਦਾ ਹੈ। ਦੂਜਾ ਸਿਰਾ ਆਪਣੇ ਹੱਥ ਵਿਚ ਉੱਪਰ ਨੂੰ ਫੜੀ ਰੱਖਦਾ ਹੈ ਅਤੇ ਆਖਦਾ ਹੈ - ਇਹ ਗੇਂਦ ਮੇਰਾ ਹੁਕਮ ਮੰਨਦੀ ਹੈ ਫੇਰ ਉਹ ਗੇਂਦ ਨੂੰ ਚੱਲਣ ਲਈ ਆਖਦਾ ਹੈ। ਗੇਂਦ ਚੱਲ ਪੈਂਦੀ ਹੈ। ਫੇਰ ਉਹ ਗੇਂਦ ਨੂੰ ਆਖਦਾ ਹੈ ਰੁੱਕ ਜਾ ਮੇਰੀ ਪਿਆਰੀ ਗੇਂਦ ਰੁਕ ਜਾਂਦੀ ਹੈ। ਟਰਿੱਕ ਮਾਸਟਰ ਕਈ ਵਾਰੀ ਇਸ ਤਰ੍ਹਾਂ ਕਰਕੇ ਦਰਸ਼ਕਾਂ ਨੂੰ ਹੈਰਾਨ ਕਰ ਦਿੰਦਾ ਹੈ।

ਹੁਣ ਉਹ ਉਸ ਦਰਸ਼ਕ ਨੂੰ ਇਹੀ ਕਰਤੱਵ ਕਰਨ ਲਈ ਗੇਂਦ ਦਿੰਦਾ ਹੈ ਅਤੇ ਰੱਸੀ ਦਾ ਇਕ ਸਿਰਾ ਆਪਣੇ ਪੈਰਾਂ ਹੇਠ ਦੱਬ ਲੈਂਦਾ ਹੈ। ਦਰਸ਼ਕ ਇੰਝ ਨਹੀਂ ਕਰ ਸਕਦਾ। ਗੇਂਦ ਉਸਦੇ ਆਖੇ ਨਹੀਂ ਚੱਲਦੀ ਤੇ ਨਾ ਹੀ ਰੁਕਦੀ ਹੈ।

ਇਸ ਦਾ ਭੇਦ ਇਹ ਹੈ ਕਿ ਸੁਰਾਖ ਟੇਢਾ ਹੈ ਜਦੋਂ ਗੇਂਦ ਰੋਕਣੀ ਹੁੰਦੀ ਹੈ ਤਾਂ ਰੱਸੀ ਪੂਰੀ ਕੱਸ ਲਈ ਜਾਂਦੀ ਹੈ ਜਦੋਂ ਤੋਰਨੀ ਹੁੰਦੀ ਹੈ ਰੱਸੀ ਢਿੱਲੀ ਛੱਡ ਦਿੱਤੀ ਜਾਂਦੀ ਹੈ।

## ਮਿਲਕ ਬਾਦਾਮ ਪਿਲਾਉਣਾ

ਟਰਿੱਕ ਮਾਸਟਰ ਇਕ ਪਾਣੀ ਦੀ ਭਰੀ ਬੋਤਲ ਦਰਸ਼ਕਾਂ ਨੂੰ ਵਿਖਾਉਂਦਾ ਹੈ। ਉਸਨੂੰ ਕਾਲੇ ਕੱਪੜੇ ਨਾਲ ਢੱਕਕੇ ਹਿਲਾਉਂਦਾ ਹੈ। ਇਕ ਬੱਚੇ ਨੂੰ ਸਟੇਜ਼ ਤੇ ਬੁਲਾਕੇ ਪਾਣੀ ਦਾ ਮਿਲਕ ਬਾਦਾਮ ਬਣਾਕੇ ਉਸ ਨੂੰ ਪਿਲਾਉਂਦਾ ਹੇ। ਸਾਰੇ ਹੈਰਾਨ ਰਹਿ ਜਾਂਦੇ ਹਨ।




**ਲੋੜੀਂਦਾ ਸਾਮਾਨ** : ਖਾਲੀ ਸਫ਼ੈਦ ਕੱਚ ਦੀ ਬੋਤਲ ਜਾਂ ਸੋਡੇ ਦੀ ਬੋਤਲ, ਪਾਣੀ, ਚਾਕ ਦੇ ਟੋਟੇ, ਕਾਲਾ ਕੱਪੜਾ।

**ਪੂਰੀ ਤਿਆਰੀ** : ਚਾਕ ਨੂੰ ਚੰਗੀ ਤਰ੍ਹਾਂ ਬਾਰੀਕ ਪੀਸ ਲਵੋ। ਇਸ ਨੂੰ ਪਾਣੀ ਵਿਚ ਚੰਗੀ ਤਰ੍ਹਾਂ ਘੋਲਕੇ ਨਿਤਾਰ ਜਾਂ ਪੁਣ ਲਵੋ। ਇਸ ਪੁਣੇ ਹੋਏ ਦੁਧੀਆ ਰੰਗੇ ਚਾਕ ਵਾਲੇ ਪਾਣੀ ਨੂੰ ਬੋਤਲ ਵਿਚ ਪਾ ਕੇ ਢੱਕਣ ਲਾ ਕੇ ਸੁਰੱਖਿਅਤ ਥਾਂ ਤੇ ਟਿਕਾ ਦੇਵੋ। 15-20 ਮਿੰਟਾ ਬਾਅਦ ਚਾਕ ਬੋਤਲ ਦੇ ਹੇਠਾਂ ਬੈਠ ਜਾਏਗਾ। ਇਸਨੂੰ ਹਿੱਲਣ ਨਾ ਦੇਵੋ।

**ਪ੍ਰਦਰਸ਼ਨ** : "ਕੌਣ ਪੀਊਗਾ ਮਿਲਕ ਬਾਦਾਮ" ਟਰਿੱਕ ਮਾਸਟਰ ਪੁੱਛਦਾ ਹੈ, ਬੱਚੇ ਸ਼ੋਰ ਮਚਾਉਂਦੇ ਹਨ-ਮੈਂ ਪੀਵਾਗਾਂ-ਮੈਂ ਪੀਵਾਗਾਂ-ਮੈਂ ਪੀਵਾਗਾਂ- "ਨਹੀਂ ਮੈਂ ਕਿਸੇ ਨੂੰ ਨਹੀਂ ਪਿਲਾਵਾਗਾਂ-ਇਹ ਤਾਂ ਜਾਦੂ ਨਾਲ ਤਿਆਰ ਕਰਨਾ ਹੈ - ਜੇ ਤੁਸੀਂ ਪੀ ਲਿਆ ਤਾਂ ਜਾਦੂਗਰ ਬਣ ਜਾਵੋਗੇ। ਫੇਰ ਮੈਂ ਕੀ ਕਰੂੰਗਾ-ਇਸ ਲਈ ਇਹ ਮਿਲਕ ਬਾਦਾਮ ਮੈਂ ਹੀ ਪੀਵਾਗਾਂ-ਮੈਂ ਹੋਰ ਵੱਡਾ ਟਰਿੱਕ ਮਾਸਟਰ ਬਣ ਜਾਵਾਗਾਂ।" ਪਾਣੀ ਨਾਲ ਭਰੀ ਸੋਡੇ ਦੀ ਬੋਤਲ ਵਿਖਾਕੇ ਉਹ ਉਸਨੂੰ ਕਾਲੇ ਕੱਪੜੇ ਨਾਲ ਢੱਕ ਦਿੰਦਾ ਹੈ। ਮੂੰਹ ਵਿਚ ਮੰਤਰ ਪੜ੍ਹਨ ਦਾ ਨਾਟਕ ਕਰਦਾ ਹੈ। ਬੋਤਲ ਨੂੰ ਹਿਲਾਈ ਜਾਂਦਾ ਹੈ। ਅੱਠ ਦਸ ਵਾਰੀ ਬੋਤਲ ਨੂੰ ਹਿਲਾਉਣ ਬਾਅਦ ਉਹ ਕਾਲ ਕੱਪੜਾ ਉਤਾਰਕੇ ਦੁਧੀਆ ਰੰਗ ਵਾਲੇ ਮਿਲਕ ਬਾਦਾਮ ਨਾਲ ਭਰੀ ਸੋਡੇ ਦੀ ਬੋਤਲ ਦਰਸ਼ਕਾਂ ਨੂੰ ਵਿਖਾਉਂਦਾ ਹੈ। ਫੇਰ ਇਕ ਘੁੱਟ ਭਰਕੇ ਬਾਕੀ ਬੋਤਲ ਪਾਸੇ ਰੱਖ ਦਿੰਦਾ ਹੈ। ਦਰਸ਼ਕਾਂ ਦੀ ਨਿਗ੍ਹਾ ਤੋਂ ਪਰ੍ਹਾਂ!

## ਤੁਰਨ ਵਾਲੀ ਮੈਚ-ਸਟਿੱਕ (ਦੀਆ ਸਿਲਾਈ)

ਟਰਿੱਕ ਮਾਸਟਰ ਡੱਬੀ ਵਿਚੋਂ ਇਕ ਤੀਲੀ ਕੱਢਕੇ ਤੋੜਦਾ ਹੈ। ਉਸਦੀ ਵੀ (V) ਜਿਹੀ ਬਣਾ ਕੇ ਕਰਦ ਦੇ ਬਲੇਡ ਨਾਲ ਖੜ੍ਹੀ ਕਰਦਾ ਹੈ। ਵੇਖਦੇ ਹੀ ਵੇਖਦੇ ਇਹ ਤੀਲੀ ਇਕ ਸਿਰੇ ਤੋਂ ਤੁਰ ਕੇ ਕਰਦ ਦੇ ਨਾਲ-ਨਾਲ ਦੂਜੇ ਸਿਰੇ ਤੇ ਜਾ ਪਹੁੰਚਦੀ ਹੈ। ਦਰਸ਼ਕ ਇਸ ਤੁਰਨ ਵਾਲੀ ਤੀਲੀ ਨੂੰ ਵੇਖਕੇ ਹੈਰਾਨ ਰਹਿ ਜਾਂਦੇ ਹਨ।

**ਲੋੜੀਂਦਾ ਸਾਮਾਨ** : ਤੀਲਾਂ ਨਾਲ ਭਰੀ ਡੱਬੀ, ਸਾਫ ਬਲੇਡ ਵਾਲੀ ਕਰਦ।

**ਪੂਰਵ ਤਿਆਰੀ** : "ਕੌਣ ਕਹਿੰਦਾ ਹੈ ਬੇਜ਼ਾਨ ਵਸਤੂਆਂ ਤੁਰ ਨਹੀਂ ਸਕਦੀਆਂ। ਆਹ ਮੇਜ਼ ਹੀ ਵੇਖ ਲਵੋ-ਆਪਣੇ ਆਪ ਏਥੋਂ ਤੁਰਕੇ ਉਥੇ ਜਾ ਸਕਦਾ ਹੈ-ਠੀਕ ਐ ਨਾ?" ਟਰਿੱਕ ਮਾਸਟਰ ਪੁੱਛਦਾ ਹੈ। ਸਾਰੇ ਆਖਦੇ ਹਨ ਨਹੀਂ-ਇਹ ਨਹੀਂ ਹੋ ਸਕਦਾ-ਇਹ ਵਿਗਿਆਨ ਦੇ ਨਿਯਮਾਂ ਦੇ ਉਲਟ ਹੈ ਵਿਰਾਮ ਦੀ ਅਵਸਥਾ ਵਿਚ ਪਈ ਵਸਤੂ ਬਾਹਰੀ ਬਲ ਲਾਏ ਬਗੈਰ ਆਪਣੀ ਥਾਂ ਨਹੀਂ ਬਦਲ ਸਕਦੀ।" ਦਰਸ਼ਕ ਪੜ੍ਹੇ ਲਿਖੇ ਹਨ। ਟਰਿੱਕ ਮਾਸਟਰ ਆਖਦਾ ਹੈ-ਮੈਂ ਤੁਹਾਡੇ ਗਿਆਨ ਨਾਲ ਸਹਿਮਤ ਹਾਂ। ਹੁੰਦਾ ਏਵੇਂ ਹੀ ਹੈ ਜਿਵੇਂ ਤੁਸੀਂ ਆਖਦੇ ਹੋ ਪਰ ਮੈਂ ਤਾਂ ਟਰਿੱਕ ਮਾਸਟਰ ਹਾਂ ਵਿਗਿਆਨ ਦੇ ਨਿਯਮਾਂ ਦੇ ਉਲਟ ਵੀ ਕਰਵਾ ਸਕਦਾ ਹਾਂ-ਮੈਂ ਇਹ ਤੀਲੀ ਨੂੰ ਤੋੜਦਾ ਹਾਂ। ਹੁਣ ਇਸਨੂੰ ਇਸ ਕਰਦ ਦੇ ਬਲੇਡ ਦੇ ਨਾਲ ਖੜ੍ਹੀ ਕਰ ਦਿੰਦਾ ਹਾਂ-ਲਓ ਮੇਰਾ ਕਮਾਲ ਵੇਖੋ। ਇਹ ਤੁਰ ਰਹੀ ਹੈ। ਇਕ ਸਿਰੇ ਤੋਂ ਦੂਜੇ ਸਿਰੇ ਵੱਲੀਂ ਜਾ ਰਹੀ ਹੈ। ਦਰਸ਼ਕ ਤੁਰ ਰਹੀ ਤੀਲੀ ਨੂੰ ਵੇਖਕੇ ਘੁਸਰ-ਮੁਸਰ ਕਰਨ ਲੱਗਦੇ ਹਨ।

ਇਸਦਾ ਭੇਦ ਇਹ ਹੈ ਕਿ ਕਰਦ ਦੇ ਬਲੇਡ ਵਿਚ ਟਰਿੱਕ ਮਾਸਟਰ ਦੇ ਹੱਥ ਦੀ ਕੰਪਨ ਨਾਲ ਥੋੜ੍ਹੀ-ਥੋੜ੍ਹੀ ਹਿਲਜੁੱਲ ਹੁੰਦੀ ਰਹਿੰਦੀ ਹੈ ਜੋ ਤੀਲੀ ਨੂੰ ਤੁਰਨ ਵਿਚ ਸਹਾਈ ਹੁੰਦੀ ਹੈ।

## ਸੰਖਿਆ ਦੱਸਣ ਦਾ ਸੌਖਾ ਢੰਗ

ਟਰਿੱਕ ਮਾਸਟਰ ਦਰਸ਼ਕ ਨੂੰ ਵੱਖ-ਵੱਖ ਅੰਕਾਂ ਦੀ ਸੰਖਿਆ ਲਿਖਕੇ ਇਸਨੂੰ ਉਲਟੇ ਕ੍ਰਮ ਵਿਚ ਲਿਖਣ ਲਈ ਆਖਦਾ ਹੈ। ਫੇਰ ਵੱਡੀ ਸੰਖਿਆ ਵਿਚੋਂ ਛੋਟੀ ਸੰਖਿਆ ਨੂੰ ਘਟਾਉਣ ਲਈ ਆਖਦਾ ਹੈ। ਦਰਸ਼ਕ ਕੋਲੋਂ ਜਵਾਬ ਵਾਲੀ ਸੰਖਿਆ ਦਾ ਆਖਰੀ ਅੰਕ ਪੁੱਛਦਾ ਹੈ ਅਤੇ ਪੂਰੀ ਸੰਖਿਆ ਦੱਸਕੇ ਦਰਸ਼ਕਾਂ ਨੂੰ ਮਹਾਨ ਹਿਸਾਬਦਾਨੀ ਹੋਣ ਦਾ ਪਰਿਚੈ ਦਿੰਦਾ ਹੈ।

**ਲੋੜੀਂਦਾ ਸਾਮਾਨ** : ਪੈਂਨ ਜਾਂ ਪੈਂਸਿਲ ਅਤੇ ਕਾਪੀ।

**ਪੂਰਵ ਤਿਆਰੀ** : ਕੋਈ ਨਹੀਂ।

**ਪ੍ਰਦਰਸ਼ਨ** : "ਕੀ ਨਾਂ ਏ ਤੇਰਾ" ਟਰਿੱਕ ਮਾਸਟਰ ਇਕ ਵਿਦਿਆਰਥੀ ਨੂੰ ਪੁੱਛਦਾ ਹੈ। "ਕੁਲਵਿੰਦਰ"-"ਕੁਲਵਿੰਦਰ ਕੌਰ ਜਾਂ ਸਿੰਘ" ਬੱਚਾ ਸ਼ਰਮਾ ਜਾਂਦਾ ਹੈ। ਖੈਰ ਲੈ ਬਈ ਕੁਲਵਿੰਦਰ ਆਹ ਪੈਂਨ ਤੇ ਕਾਪੀ-ਮੈਨੂੰ ਕੁਝ ਦਿਖਣ ਨਾ ਦੇਵੀਂ-ਦੱਸੀ ਵੀ ਕੁਝ ਨਾ, ਇਸ ਤੇ ਤਿੰਨ ਅੰਕਾਂ ਦੀ ਸੰਖਿਆ ਲਿਖ ਤਿੰਨ ਅੰਕ ਇਕੋ ਜਿਹੇ ਨਾ ਹੋਣ। ਕੁਲਵਿੰਦਰ ਆਖਦਾ ਹੈ 231 - ਹੁਣ ਇਸ ਨੂੰ ਉਲਟੇ ਕ੍ਰਮ ਵਿਚ ਲਿਖਦੇ। ਉਹ ਲਿਖਦਾ ਹੈ 132 - ਵੱਡੀ ਸੰਖਿਆ ਵਿਚੋਂ ਛੋਟੀ ਨੂੰ ਘਟਾ ਕੇ 231-132 = 099, ਹੁਣ ਇਕ ਮਿਹਰਬਾਨੀ ਕਰ ਮੈਨੂੰ ਜਵਾਬ ਦਾ ਆਖਰੀ ਅੰਕ ਦੱਸ ਦੇ, ਕੁਲਵਿੰਦਰ ਦੱਸਦਾ ਹੈ ਨੌਂ। ਟਰਿੱਕ ਮਾਸਟਰ ਤੁਰੰਤ ਦੱਸ ਦਿੰਦਾ ਹੈ ਜਵਾਬ 099

ਭੇਦ ਇਹ ਹੈ ਜਵਾਬ ਦਾ ਵਿਚਕਾਰਲਾ ਅੰਕ ਹਮੇਸ਼ਾ ਹੀ ਨੌਂ ਹੁੰਦਾ ਹੈ। ਆਖਰੀ ਅੰਕ ਨੂੰ ਨੌਂ ਵਿਚੋਂ ਘਟਾ ਦੇਣ ਨਾਲ ਪਹਿਲਾ ਅੰਕ ਮਿਲ ਜਾਂਦਾ ਹੈ। ਇਸ ਕੇਸ ਵਿਚ ਆਖਰੀ ਅੰਕ 9 ਨੂੰ ਘਟਾਇਆ 9 ਵਿਚੋਂ ਬਾਕੀ ਬਚ ਗਈ 0, ਇਹ ਪਹਿਲਾ ਅੰਕ ਹੈ, ਦੂਜਾ ਅੰਕ ਹਮੇਸ਼ਾ 9 ਤੀਜਾ ਅੰਕ ਤੁਸੀਂ ਪੁੱਛ ਹੀ ਲੈਂਦੇ ਹੋ।

ਇਕ ਉਦਾਹਰਣ

| | | |
|---|---|---|
| ਸੋਚੀ ਸੰਖਿਆ | = | 796 |
| ਉਲਟਾ ਕ੍ਰਮ | = | 697 |
| ਘਟਾ ਦੇਣ ਤੇ | = | 796-697 = 099 |
| ਆਖਰੀ ਅੰਕ | = | 9 |
| ਇਸਨੂੰ 9 ਵਿਚੋਂ ਘਟਾਕੇ | = | 9-9 = 0 |
| ਪਹਿਲਾ ਅੰਕ | = | 0 |
| ਦੂਜਾ ਅੰਕ | = | ਹਮੇਸ਼ਾ ਹੀ 9 |
| ਤੀਜਾ ਅੰਕ ਜੋ ਪੁੱਛ ਲੈਂਦੇ ਹੋ | = | 9 |
| ਜਵਾਬ | = | 099 |

*********

ਭਾਰਤੀ ਸਾਹਿਤ ਦੇ ਨਿਰਮਾਤਾ

ਹਰਿਸ਼ੰਕਰ ਪਰਸਾਈ ਦਾ ਪ੍ਰਸਿੱਧ ਵਿਅੰਗਾਤਮਕ ਲੇਖ

# ਹਨੂੰਮਾਨ ਦੀ ਰੇਲ ਯਾਤਰਾ

ਰਾਮਚੰਦਰ ਦੇ ਪਿਤਾ ਜ਼ਿਮੀਦਾਰ ਸਨ। ਉਹ ਅਯੋਧਿਆ ਰਹਿੰਦੇ ਸਨ। ਉਹ ਜ਼ਿਮੀਦਾਰੀ ਖ਼ਤਮ ਹੋਣ 'ਤੇ ਜ਼ਮੀਨ ਤੇ ਜੰਗਲ ਵੇਚ ਕੇ ਪੈਸੇ ਲੈ ਕੇ ਦਿੱਲੀ ਆ ਕੇ ਵੱਸ ਗਏ। ਉਨ੍ਹਾਂ ਨੇ ਇਕ ਯੱਗ ਕੰਪਨੀ ਖੋਲ੍ਹੀ ਜਿਸ ਵਿਚ 250 ਬ੍ਰਾਹਮਣ ਤੇ 25 ਰਿਸ਼ੀ ਕੰਮ ਕਰਦੇ ਸਨ, ਜੋ ਰਾਮ ਲੀਲਾ ਵਿਚ ਦਾੜ੍ਹੀ-ਮੁੱਛਾਂ ਲਾਉਂਦੇ ਸਨ। ਇਹ ਕੰਪਨੀ ਆਰਡਰ ਅਨੁਸਾਰ ਭਾਰਤ ਵਿਚ ਕਿਤੇ ਵੀ ਯੱਗ ਕਰਦੀ ਸੀ। ਯੱਗਾਂ ਦੇ ਨਾਲ ਦੇਸ਼ ਖ਼ੁਸ਼ਹਾਲ ਹੁੰਦਾ ਹੈ, ਇਹ ਮੰਨ ਕੇ ਸਰਕਾਰ ਕੰਪਨੀ ਨੂੰ ਗਰਾਂਟ ਦਿੰਦੀ ਸੀ।

ਰਾਮਚੰਦਰ ਦੀ ਵਿੱਦਿਆ ਦਿੱਲੀ ਵਿੱਖੇ ਹੀ ਹੋਈ। ਜਦੋਂ ਉਨ੍ਹਾਂ ਨੇ ਐਮ. ਏ. ਕੀਤੀ ਤਾਂ ਉਨ੍ਹਾਂ ਦੇ ਪਿਤਾ ਤੇ ਮਤਰੇਈ ਮਾਂ ਵਿਚ ਬਹਿਸ ਛਿੜ ਗਈ ਕਿ ਪੁੱਤ ਦਾ ਭਵਿੱਖ ਕਿਹੋ ਜਿਹਾ ਹੋਏ। ਪਿਤਾ ਦਾ ਵਿਚਾਰ ਸੀ ਕਿ ਉਸਨੂੰ ਯੱਗ ਕੰਪਨੀ ਦਾ ਡਾਇਰੈਕਟਰ ਬਣਾਇਆ ਜਾਏ। ਮਤਰੇਈ ਮਾਂ ਦੀ ਜ਼ਿੱਦ ਸੀ ਕਿ ਉਸਨੂੰ ਦਿੱਲੀ ਤੋਂ ਦੂਰ ਕਿਤੇ ਚੰਗੀ ਨੌਕਰੀ ਲੁਆ ਦਿੱਤੀ ਜਾਏ ਤੇ ਯੱਗ ਕੰਪਨੀ ਦਾ ਡਾਇਰੈਕਟਰ ਉਸਦਾ ਸਕਾ ਪੁੱਤ ਬਣੇ। ਜ਼ਿੱਦ ਦੇ ਸਾਹਮਣੇ ਕੋਈ ਵੀ ਮਤ ਨਾ ਚੱਲਿਆ। ਰਾਮਚੰਦਰ ਦੇ ਪਿਤਾ ਨੇ ਇਕ ਮੰਤਰੀ ਤੋਂ, ਜੋ ਯੱਗ ਦੇ ਪ੍ਰਤਾਪ ਨਾਲ ਹੀ ਮੰਤਰੀ ਬਣੇ ਸਨ, ਰਾਮਚੰਦਰ ਨੂੰ ਨੌਕਰੀ ਦੇਣ ਲਈ ਕਿਹਾ। ਉਨ੍ਹਾਂ ਨੇ ਰਾਮਚੰਦਰ ਨੂੰ ਅਫਸਰ ਬਣਾ ਕੇ ਮਦਰਾਸ ਭੇਜ ਦਿੱਤਾ।

ਮਤਰੇਈ ਮਾਂ ਨੇ ਰਾਮਚੰਦਰ ਦਾ ਵਿਆਹ ਕਰਕੇ ਬਹੂ ਨੂੰ ਕੁਝ ਦਿਨਾਂ ਲਈ ਆਪਣੇ ਕੋਲ ਰੱਖ ਲਿਆ। ਨਿਯਮ ਹੈ ਕਿ ਮਾਂ ਪੁੱਤ ਨੂੰ ਜਿਨ੍ਹਾਂ ਪਿਆਰ ਕਰਦੀ ਹੈ, ਬਹੂ ਨੂੰ ਉਨਾਂ ਹੀ ਦੁੱਖ ਦੇਂਦੀ ਹੈ। ਰਾਮਚੰਦਰ ਨੂੰ ਮਦਰਾਸ ਵਿਖੇ ਪਿਆਰੀ ਦਾ ਖ਼ਤ ਮਿਲਿਆ ਕਿ ਪੱਤਰ ਮਿਲਦੇ ਹੀ ਛੇਤੀ ਬੁਲਾ ਲਉ, ਨਹੀਂ ਤਾਂ ਮੇਰੀ ਲਾਸ਼ ਮਿਲੇਗੀ। ਸੱਸ ਪੂਰੀ ਰਾਕਸ਼ਣੀ ਹੈ।

ਇਕ ਦਿਨ ਰਾਮਚੰਦਰ ਨੇ ਆਪਣੇ ਸੇਵਾਦਾਰਾਂ ਨੂੰ ਸੱਦ ਕੇ ਕਿਹਾ, 'ਦਿੱਲੀ ਵਿਖੇ ਤੁਹਾਡੀ ਮਾਲਕਣ ਸੰਕਟ ਵਿਚ ਹੈ। ਇਕ ਤਾਂ ਉਹ ਵਿਛੋੜੇ ਦੀ ਅੱਗ ਵਿਚ ਸੜ ਰਹੀ ਹੈ, ਦੂਜੇ ਉਸਦੀ ਸੱਸ ਉਸਤੇ ਅੱਤਿਆਚਾਰ ਕਰਦੀ ਹੈ। ਤੁਹਾਡੇ ਵਿਚੋਂ ਕੋਈ ਜਾ ਕੇ ਉਨ੍ਹਾਂ ਨੂੰ ਲੈ ਕੇ ਆਏ।'



ਇਹ ਸੁਣ ਕੇ ਸੇਵਾਦਾਰਾਂ ਨੇ ਸਿਰ ਝੁਕਾ ਲਿਆ ਪਰ ਉਹ ਚੁੱਪ ਕਰਕੇ ਬੈਠੇ ਰਹੇ।

ਰਾਮਚੰਦਰ ਨੇ ਕਿਹਾ, 'ਤੁਸੀਂ ਬੋਲਦੇ ਕਿਉਂ ਨਹੀਂ? ਉਦਾਸ ਕਿਉਂ ਹੋ ਗਏ? ਮਾਲਕਣ ਦੇ ਆਉਣ ਦੀ ਖ਼ਬਰ ਨਾਲ ਨਾ ਘਬਰਾਉ। ਜਾਨਕੀ ਬੜੇ ਚੰਗੇ ਸੁਭਾਅ ਦੀ ਹੈ। ਨਵੇਂ ਸਰਵੇਖਣ ਦੇ ਅਨੁਸਾਰ ਅਫ਼ਸਰ ਦੇ ਨੌਕਰ ਦੇ ਟਿਕਣ ਦਾ ਸਮਾਂ ਲਗਾਤਾਰ ਇਕ ਮਹੀਨਾ ਹੈ ਪਰ ਮੈਂ ਤੁਹਾਨੂੰ ਵਿਸ਼ਵਾਸ ਦੁਆਉਂਦਾ ਹਾਂ ਕਿ ਜਾਨਕੀ ਤੁਹਾਡੇ ਨਾਲ 5-6 ਮਹੀਨੇ ਨਿਭਾ ਲਏਗੀ। ਜਾਉ, ਉਨ੍ਹਾਂ ਨੂੰ ਆਦਰ ਸਹਿਤ ਲੈ ਕੇ ਆਉ।"

ਇਕ ਸਿਆਣੇ ਸੇਵਾਦਾਰ ਨੇ ਹੱਥ ਜੋੜ ਕੇ ਕਿਹਾ, "ਮਾਲਕ, ਸਾਨੂੰ ਮਾਲਕਣ ਤੋਂ ਡਰ ਨਹੀਂ ਲੱਗਦਾ। ਸਾਨੂੰ ਦੂਜੀ ਗੱਲ ਦੀ ਚਿੰਤਾ ਹੈ। ਗੱਲ ਇਹ ਹੈ ਕਿ ਅਸੀਂ ਮਾਲਕਣ ਨੂੰ ਦਿੱਲੀ ਤੋਂ ਲਿਆ ਨਹੀਂ ਸਕਦੇ। ਰੇਲਗੱਡੀਆਂ ਵਿਚ ਐਨੀ ਭੀੜ ਹੁੰਦੀ ਹੈ ਕਿ ਅਸੀਂ ਕੁਚਲ ਕੇ ਜਾਂ ਸਾਹ ਘੁੱਟਣ ਨਾਲ ਮਰ ਜਾਵਾਂਗੇ। ਅਸੀਂ ਤੁਹਾਡੇ ਕੰਮ ਲਈ ਜਾਨ ਦੇ ਸਕਦੇ ਹਾਂ ਪਰ ਜਾਨ ਦੇਣ ਨਾਲ ਵੀ ਮਾਤਾ ਜਾਨਕੀ ਦਿੱਲੀ ਤੋਂ ਆ ਨਹੀਂ ਸਕਦੀ। ਤੁਹਾਨੂੰ ਤਾਂ ਪਤਾ ਹੀ ਹੈ ਕਿ ਦਿੱਲੀ ਤੋਂ ਆਦਮੀ ਗੱਡੀ ਵਿਚ ਬੈਠਦਾ ਹੈ ਤੇ ਮਦਰਾਸ ਉਸਦੀ ਲਾਸ਼ ਉਤਰਦੀ ਹੈ।"




ਇਹ ਸੁਣ ਕੇ ਰਾਮਚੰਦਰ ਪਰੇਸ਼ਾਨ ਹੋ ਗਏ। ਕਹਿਣ ਲੱਗੇ, 'ਤੁਸੀਂ ਠੀਕ ਕਹਿ ਰਹੇ ਹੋ। ਗੱਡੀਆਂ ਵਿਚ ਤਾਂ ਸੱਚੀਂ ਬਹੁਤ ਭੀੜ ਹੁੰਦੀ ਹੈ। ਤੇ ਕਿਉਂ ਨਾ ਹੋਏ? ਜਿੰਨੇ ਡੱਬੇ ਬਣਦੇ ਹਨ, ਉਸ ਤੋਂ ਕਈ ਗੁਣਾ ਵੱਧ ਬੈਠਣ ਵਾਲੇ ਪੈਦਾ ਹੋ ਜਾਂਦੇ ਹਨ। ਪਰ ਇਹ ਸਮੱਸਿਆ ਛੇਤੀ ਹੀ ਹੱਲ ਹੋ ਜਾਏਗੀ। ਸਰਕਾਰ ਕਾਨੂੰਨ ਬਣਾ ਰਹੀ ਹੈ ਕਿ ਜਿਹੜਾ ਆਦਮੀ ਪੰਜ ਤੋਂ ਵੱਧ ਬੱਚੇ ਪੈਦਾ ਕਰੇ, ਉਹ ਰੇਲਗੱਡੀ ਦਾ ਇਕ ਡੱਬਾ ਬਣਾ ਕੇ ਦੇਏ। ਪਰ ਤੁਹਾਡੇ ਵਿਚੋਂ ਕੋਈ ਵੀ ਅਜਿਹਾ ਬਹਾਦਰ ਨਹੀਂ ਹੈ, ਜੋ ਦਿੱਲੀ ਜਾ ਕੇ ਮੇਰੀ ਪਿਆਰੀ ਪਤਨੀ ਨੂੰ ਲੈ ਕੇ ਆਏ?"

ਸਿਆਣੇ ਸੇਵਾਦਾਰ ਨੇ ਕਿਹਾ, "ਮਾਲਕ ਦਿੱਲੀ ਤਾਂ ਬਹੁਤ ਦੂਰ ਹੈ। ਸਾਡੇ ਵਿਚੋਂ ਕਿੰਨਿਆਂ ਦੀਆਂ ਪਤਨੀਆਂ ਤਿੰਨ-ਚਾਰ ਸਟੇਸ਼ਨ ਹੀ ਦੂਰ ਹਨ, ਅਸੀਂ ਤਾਂ ਉਨ੍ਹਾਂ ਨੂੰ ਨਹੀਂ ਲਿਆ ਸਕਦੇ। ਹਾਂ, ਸਾਡੇ ਵਿਚ ਇਕ ਅਜਿਹਾ ਬਹਾਦਰ ਹੈ, ਜੋ ਤੁਹਾਡਾ ਕੰਮ ਕਰ ਸਕਦਾ ਹੈ, ਉਹ 'ਹਨੂੰਮਾਨ' ਹੈ।'

ਡਰਾਇਵਰ ਜਾਮਬਵੰਤ ਸਿੰਘ ਨੇ ਕੋਲ ਬੈਠੇ ਇਕ ਤਕੜੇ ਨੌਕਰ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ, "ਹਨੂੰਮਾਨ ਪ੍ਰਸਾਦ, ਤੂੰ ਕਿਉਂ ਚੁੱਪ ਹੈ? ਤੂੰ ਤਾਂ ਬੇਅੰਤ ਤਾਕਤਵਰ ਹੈਂ। ਤੂੰ ਤਾਂ ਵੱਡੇ-ਵੱਡੇ ਬਹਾਦਰੀ ਭਰੇ ਕਾਰਨਾਮੇ ਕੀਤੇ ਹਨ। ਤੂੰ ਨਵੀਂ 'ਬਾਕਸ ਆਫਿਸ' ਫਿਲਮ ਦੇ ਪਹਿਲੇ 'ਸ਼ੋਅ' ਦੇ ਟਿਕਟ ਖਰੀਦ ਕੇ ਤਿਗਣੇ ਭਾਅ ਵੇਚਦਾ ਹੈਂ। ਉੱਠ ਕੇ ਮਾਲਕ ਦਾ ਕੰਮ ਕਰ।"

ਇਹ ਬਚਨ ਸੁਣ ਕੇ ਹਨੂੰਮਾਨ ਨੂੰ ਆਪਣੀ ਤਾਕਤ ਦਾ ਅਹਿਸਾਸ ਹੋਇਆ। ਦੂਜਿਆਂ ਦੀਆਂ ਪਤਨੀਆਂ ਦੀ ਸੇਵਾ ਵਿਚ ਦਿਲਚਸਪੀ ਲੈਣਾ, ਉਸਦੀ ਪੁਰਾਣੀ ਆਦਤ ਸੀ। ਉਹ ਇਸ ਕੰਮ ਲਈ ਬੜੀ ਭੱਜ-ਦੌੜ ਕਰਦਾ ਸੀ, ਸਮੁੰਦਰ ਤੱਕ ਟੱਪ ਜਾਂਦਾ ਸੀ। ਉਸਨੇ ਚੁਟਕੀ ਵਜਾ ਕੇ ਜ਼ੋਰ ਦੀ ਉਬਾਸੀ ਲਈ ਤੇ ਉੱਠ ਕੇ ਖੜ੍ਹਾ ਹੋ ਗਿਆ। ਹੱਥ ਜੋੜ ਕੇ ਵੀਰਤਾ ਨਾਲ ਕਹਿਣ ਲੱਗਾ, "ਮਾਲਕ, ਮੈਂ ਤੁਹਾਡੇ ਹੁਕਮ ਨਾਲ ਕੁਝ ਵੀ ਕਰ ਸਕਦਾ ਹਾਂ। ਤੁਸੀਂ ਪ੍ਰਤਾਪੀ ਅਫ਼ਸਰ ਹੋ ਜਿਸਦਾ ਹੱਥ ਵੱਡੇ ਤੋਂ ਵੱਡਾ ਆਡੀਟਰ ਨਹੀਂ ਫੜ ਸਕਦਾ। ਤੁਸੀਂ ਕਹੋ ਤਾਂ ਮੈਂ ਗ੍ਰੈਂਡ ਟ੍ਰੰਕ ਐਕਸਪ੍ਰੈਸ ਨੂੰ ਉਲਟਾ ਦਿਆਂ, 'ਚਿਤਰੰਜਨ' ਦੇ ਇੰਜਨ ਨੂੰ ਖਾ ਜਾਵਾਂ। ਤੁਹਾਡੀ ਕ੍ਰਿਪਾ ਦੀ

ਸ਼ਕਤੀ ਨਾਲ ਮੈਂ ਦਿੱਲੀ ਜਾਣ ਵਾਲੀ ਗੱਡੀ ਨੂੰ ਧੱਕ ਕੇ ਮਦਰਾਸ ਲੈ ਜਾਵਾਂ; ਪੁਲ ਭੰਨ ਕੇ ਰੇਲਗੱਡੀ ਨੂੰ ਜਿਥੇ ਚਾਹਾਂ ਰੋਕ ਦਿਆਂ।"

ਹਨੂੰਮਾਨ ਦੀਆਂ ਗੱਲਾਂ ਸੁਣ ਕੇ ਰਾਮਚੰਦਰ ਖੁਸ਼ ਹੋ ਗਏ। ਕਹਿਣ ਲੱਗੇ, "ਮੈਂ ਤੇਰੀ ਗੱਲ ਨਾਲ ਸੰਤੁਸ਼ਟ ਹਾਂ। ਮੈਂ ਤੁਹਾਡੀ ਤਨਖਾਹ ਵਧਾ ਦਿਆਂਗਾ। ਤੂੰ ਅੱਜ ਹੀ ਗ੍ਰੈਂਡ ਟ੍ਰੰਕ ਐਕਸਪ੍ਰੈਸ 'ਤੇ ਚਲਾ ਜਾਹ।"

ਰਾਮਚੰਦਰ ਨੇ ਆਪਣੇ ਪਿਤਾ ਦੇ ਨਾਂ ਇਕ ਚਿੱਠੀ ਲਿਖ ਕੇ ਦਿੱਤੀ ਜੋ ਹਨੂੰਮਾਨ ਨੇ ਤੰਮਾਕੂ ਦੇ ਬਣਾਏ ਬਟੂਏ ਵਿਚ ਰੱਖ ਲਈ ਤੇ ਕਿਹਾ, "ਦੋ ਅੱਖਰ ਮਾਲਕਣ ਲਈ ਵੀ ਲਿਖ ਦੇਂਦੇ।" ਰਾਮਚੰਦਰ ਨੇ ਕਿਹਾ, "ਲਿਖਣ ਨਾਲ ਕੀ ਹੋਏਗਾ? ਉਸ ਕੋਲ ਚਿੱਠੀ ਨਹੀਂ ਪਹੁੰਚੇਗੀ। ਪਿਤਾ ਜੀ ਨੂੰ ਮੇਰੇ ਪ੍ਰੇਮ-ਪੱਤਰ ਪੜ੍ਹਨ ਦੀ ਪੁਰਾਣੀ ਆਦਤ ਹੈ। ਤੂੰ ਤਾਂ ਜ਼ਬਾਨੀ ਹੀ ਮੇਰਾ ਸੁਨੇਹਾ ਦੇ ਦੇਈਂ। ਕਹੀਂ, ਸਾਹਬ ਨੇ ਕਿਹਾ ਹੈ ਕਿ ਹੇ ਪਿਆਰੀ, ਮੈਂ ਤੇਰੇ ਵਿਛੋੜੇ ਵਿਚ ਐਨਾ ਪਤਲਾ ਹੋ ਗਿਆ ਹਾਂ ਕਿ ਮੈਂ ਕੱਲ ਹੀ ਬੈਲਟ ਵਿਚ ਕਿੱਲ ਨਾਲ ਨਵੀਂ ਮੋਰੀ ਕੀਤੀ ਹੈ। ਮੇਰੀ ਹਾਲਤ ਇਸ ਗੱਲ ਤੋਂ ਸਮਝ ਲੈ।"

ਬਿਸਤਰਾ ਚੁੱਕ ਕੇ ਹਨੂੰਮਾਨ ਸਟੇਸ਼ਨ 'ਤੇ ਪੁੱਜ ਗਿਆ। ਟਿਕਟ ਵਾਲੀ ਬਾਰੀ ਅੱਗੇ ਲੰਬੀ ਲਾਈਨ ਲੱਗੀ ਹੋਈ ਸੀ। ਹਨੂੰਮਾਨ ਦੋ-ਤਿੰਨ ਆਦਮੀਆਂ ਨੂੰ ਧੱਕਾ ਮਾਰ ਕੇ ਬਾਰੀ ਅੱਗੇ ਖੜ੍ਹਾ ਹੋ ਗਿਆ। ਬਾਕੀ ਮੁਸਾਫ਼ਿਰਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ - "ਅੱਗੇ ਕਿਵੇਂ ਆ ਗਿਆ।" ਧੱਕੇ ਪੈਣ ਲੱਗੇ। ਹਨੂੰਮਾਨ ਨੇ ਧਿਆਨ ਹੀ ਨਹੀਂ ਦਿੱਤਾ। ਪਰ ਸਿਪਾਹੀ ਆ ਗਿਆ। ਉਹਨੂੰ ਦੇਖ ਕੇ ਹਨੂੰਮਾਨ ਦੀ ਤਾਕਤ ਜਵਾਬ ਦੇ ਗਈ। ਬਚਪਨ ਵਿਚ ਇਕ ਜੁਆਰੀ ਦੇ ਕਹਿਣ 'ਤੇ ਉਸ ਨੇ ਇਕ ਸਿਪਾਹੀ ਨੂੰ ਦੰਦੀ ਵੱਢੀ ਸੀ, ਇਸ ਲਈ ਉਸਨੂੰ ਸਰਾਪ ਮਿਲਿਆ ਸੀ ਕਿ ਸਿਪਾਹੀ ਨੂੰ ਦੇਖਦੇ ਹੀ ਤੇਰੀ ਤਾਕਤ ਘੱਟ ਜਾਏਗੀ। ਸਿਪਾਹੀ ਨੇ ਉਸਦਾ ਹੱਥ ਫੜ ਕੇ ਘੜੀਸ ਲਿਆ ਤੇ ਲਾਈਨ ਵਿਚ ਸਭ ਤੋਂ ਪਿੱਛੇ ਖੜ੍ਹਾ ਕਰ ਦਿੱਤਾ।

ਉਹ ਉਥੇ ਖੜ੍ਹਾ-ਖੜ੍ਹਾ ਖਿਸਕਣ ਲੱਗਾ। ਉਸਨੂੰ ਜਾਪਿਆ ਕਿ ਮੈਂ ਮਾਸ ਦੀ ਢੇਰੀ ਹਾਂ ਜੋ ਹੌਲੀ-ਹੌਲੀ ਰਿੜ੍ਹ ਰਹੀ ਹੈ। ਉਸਨੂੰ ਕੋਈ ਹੋਸ਼ ਨਾ ਰਹੀ।

ਅਚਾਨਕ ਉਸਦੇ ਕੰਨਾਂ ਵਿਚ ਆਵਾਜ਼ ਆਈ - 'ਕਿਥੋਂ ਦਾ ਟਿਕਟ ਚਾਹੀਦਾ ਹੈ?' ਉਸਨੇ ਅੱਖਾਂ ਫੇਰ ਕੇ ਟਿਕਟ-ਘਰ ਦੀ ਕੰਧ ਵੱਲ ਵੇਖਿਆ। ਉਥੇ 23 ਤਰੀਕ ਦੀ ਤਖ਼ਤੀ ਲੱਗੀ ਸੀ। ਇਕ ਟਿਕਟ ਬਾਬੂ ਤੋਂ ਪੁੱਛਿਆ, " ਅੱਜ 23 ਤਰੀਕ ਹੈ?" ਟਿਕਟ ਬਾਬੂ ਨੇ ਸਿਰ ਹਿਲਾ ਕੇ ਹਾਂ ਦਾ ਇਸ਼ਾਰਾ ਕੀਤਾ। ਹਨੂੰਮਾਨ ਨੇ ਕਿਹਾ, "ਪਰ ਮੈਂ ਤਾਂ 21 ਤਰੀਕ ਦਾ ਲਾਈਨ ਵਿਚ ਖੜ੍ਹਾ ਸੀ। ਮੈਨੂੰ 21 ਤਰੀਕ ਦਾ ਦਿੱਲੀ ਦੀ ਗੱਡੀ ਦਾ ਟਿਕਟ ਚਾਹੀਦਾ ਹੈ।"

ਬਾਬੂ ਆਖਣ ਲੱਗਾ, "ਤੂੰ ਪਾਗਲ ਹੈਂ?" 21 ਤਰੀਕ ਤਾਂ ਨਿਕਲ ਗਈ?" ਹਨੂੰਮਾਨ ਨੇ ਕਿਹਾ, "ਪਰ ਗਲਤੀ ਮੇਰੀ ਹੈ ਕਿ ਤੇਰੀ? ਮੈਂ ਤਾਂ 21 ਤਰੀਕ ਦੀ ਗੱਡੀ ਤੋਂ ਹੀ ਜਾ ਰਿਹਾ ਸੀ। 23 ਹੋ ਗਈ ਤਾਂ ਮੈਂ ਕੀ ਕਰਾਂ।"

ਪਿੱਛੋਂ ਧੱਕੇ ਪੈਣ ਲੱਗੇ। ਸਿਪਾਹੀ ਫੇਰ ਦਿਸ ਗਿਆ। ਹਨੂੰਮਾਨ ਨੇ ਝੱਟ ਟਿਕਟ ਲੈ ਲਿਆ ਤੇ ਪਲੇਟਫਾਰਮ 'ਤੇ ਜਾ ਪੁੱਜਾ।

ਗੱਡੀ ਆਈ। ਚੜ੍ਹਨ ਤੇ ਉਤਰਨ ਵਾਲਿਆਂ ਵਿਚ ਲੜਾਈ ਹੋਣ ਲੱਗੀ। ਚੜ੍ਹਨ ਵਾਲੇ ਇਕ-ਦੂਜੇ ਨੂੰ ਮਿੱਧ ਕੇ ਚੜ੍ਹਨ ਦੀ ਕੋਸ਼ਿਸ਼ ਕਰਨ ਲੱਗੇ। ਹਨੂੰਮਾਨ ਉਛਲਿਆ ਤੇ ਭੀੜ ਦੇ ਸਿਰ ਦੇ ਉੱਤੋਂ ਖਿਸਕ ਕੇ ਡੱਬੇ ਵਿਚ ਚੜ੍ਹਨ ਲੱਗਾ। ਉਸਨੂੰ ਉਤਰਨ ਵਾਲਿਆਂ ਦਾ ਧੱਕਾ ਵੱਜਿਆ ਤੇ ਉਹ ਦੂਰ ਜਾ ਕੇ ਡਿੱਗ ਪਿਆ। ਉਹ ਉੱਠ ਕੇ ਚੜ੍ਹਨ ਵਾਲਿਆਂ ਨੂੰ ਚੁੱਕ-ਚੁੱਕ ਕੇ ਸੁੱਟਣ ਲੱਗਾ। ਡੱਬੇ ਦੇ ਕੋਲ ਪਹੁੰਚਿਆ ਹੀ ਸੀ ਕਿ ਕਿਸੇ ਨੇ ਪਿੱਛੋਂ ਲੱਤ ਖਿੱਚ ਦਿੱਤੀ ਤੇ ਉਹ ਮੂੰਹ ਦੇ ਭਾਰ ਡਿੱਗ ਪਿਆ।

ਹਨੂੰਮਾਨ ਨੇ ਦੂਜੇ ਡੱਬੇ ਵਿਚ ਚੜ੍ਹਨ ਦੀ ਕੋਸ਼ਿਸ਼ ਕੀਤੀ, ਫੇਰ ਤੀਜੇ ਤੇ ਚੌਥੇ ਵਿਚ ਵੀ। ਉਹ ਕਿਸੇ ਵਿਚ ਵੀ ਨਾ ਚੜ੍ਹ ਸਕਿਆ।

ਉਸਨੂੰ ਨਮੋਸ਼ੀ ਹੋਈ। ਸੋਚਣ ਲੱਗਿਆ, "ਲਾਹਨਤ ਹੈ ਮੇਰੀ ਸ਼ਕਤੀ 'ਤੇ। ਮੈਂ ਗੱਡੀ ਵਿਚ ਨਹੀਂ ਬਹਿ ਸਕਿਆ। ਹਾਏ, ਮੈਂ ਮਾਲਕ ਦਾ ਛੋਟਾ ਜਿਹਾ ਕੰਮ ਨਹੀਂ ਕਰ ਸਕਿਆ। ਕੀ ਮਾਤਾ ਜਾਨਕੀ ਕਦੇ ਵੀ ਪਤੀ ਕੋਲ ਨਹੀਂ ਆ ਸਕੇਗੀ।"

ਉਹ ਪਲੇਟਫਾਰਮ ਤੋਂ ਬਾਹਰ ਆਇਆ ਤੇ ਰੇਲਵੇ ਲਾਈਨ ਦੇ ਨਾਲ-ਨਾਲ ਤੁਰਨ ਲੱਗਾ।

ਕੁੱਝ ਚਿਰ ਮਗਰੋਂ ਰਾਮਚੰਦਰ ਰੇਲਵੇ ਲਾਈਨ ਨਾਲ ਪੈਂਦੀ ਸੜਕ 'ਤੇ ਘੁੰਮਦੇ ਹੋਏ ਲੰਘੇ ਉਨ੍ਹਾਂ ਨੇ ਦੇਖਿਆ ਕਿ ਗ੍ਰੈਂਡ ਟ੍ਰੰਕ ਰੁਕ ਗਈ ਹੈ ਤੇ ਸੀਟੀ ਮਾਰ ਰਹੀ ਹੈ। ਹਨੂੰਮਾਨ ਰੇਲਵੇ ਲਾਈਨ 'ਤੇ ਪਏ ਹਨ। ਉਨ੍ਹਾਂ ਨੇ ਹਨੂੰਮਾਨ ਨੂੰ ਉਠਾਇਆ ਤੇ ਪੁੱਛਿਆ, ਤੂੰ ਹਾਲੇ ਇਥੇ ਹੀ ਹੈਂ! ਦਿੱਲੀ ਨਹੀਂ ਗਿਆ! ਕਿਸੇ ਨੇ ਜੇਬ ਕੱਟ ਲਈ? ਇਉਂ ਰੇਲਵੇ ਲਾਈਨ 'ਤੇ ਕਿਉਂ ਪਿਆ ਹੈ?"

ਹਨੂੰਮਾਨ ਦੀਆਂ ਅੱਖਾਂ ਵਿਚੋਂ ਹੰਝੂ ਵਗਣ ਲੱਗੇ। ਕਹਿਣ ਲੱਗਿਆ, "ਮਾਲਕ, ਮੈਨੂੰ ਮਰ ਜਾਣ ਦਿਉ। ਮੈਂ ਗੱਡੀ ਵਿਚ ਬਹਿ ਨਹੀਂ ਸਕਿਆ। ਲਾਹਨਤ ਹੈ ਮੇਰੀ ਤਾਕਤ ਨੂੰ। ਜਿਸ ਗੱਡੀ ਨੇ ਮੈਨੂੰ ਉਪਰ ਨਹੀਂ ਬਹਾਇਆ, ਮੈਂ ਉਹਦੇ ਥੱਲੇ ਆ ਕੇ ਆਪਣੀ ਜਾਨ ਦੇ ਦਿਆਂਗਾ।"

**ਅਨੁਵਾਦਕ: ਡਾ. ਕਰਾਂਤੀ ਪਾਲ**

## ਤਰਕਸ਼ੀਲ ਵਿਚਾਰ

* ਹਰੇਕ ਸੰਤ, ਸੰਤ ਬਣਨ ਤੋਂ ਪਹਿਲਾ, ਭੀੜ ਦੀ ਮਾਨਸਿਕਤਾ ਨੂੰ ਸਮਝਣ ਲਈ ਕੁਝ ਦਿਨ ਭੇਡਾਂ ਦੇ ਵਾੜੇ ਵਿੱਚ ਜਾਂਦਾ ਹੈ।
* ਕੰਮ ਤੇ ਜਾਣ ਵਾਲੇ ਬਹੁਤੇ ਲੋਕਾਂ ਲਈ, ਭੋਗ ਤੇ ਜਾਣਾ, ਮੱਥਾ ਟੇਕਣ ਜਾਣਾ ਦਰਸ਼ਨ ਕਰਨ ਜਾਣਾ ਕੰਮ ਹੁੰਦਾ ਹੈ।
* ਸੁੱਚੀ ਕ੍ਰਿਤ ਵਾਲੇ, ਜਦੋਂ ਖੂਨ ਪੀਣ ਵਾਲਿਆਂ ਦੇ ਪੈਰਾਂ ਵਿੱਚ ਲਿਟਦੇ ਹਨ ਤਾਂ ਭਾਰਤੀ ਤਿਰੰਗਾਂ ਨੀਵਾ ਹੁੰਦਾ ਹੈ।
* ਨਾਸਤਿਕਾਂ ਦੀ ਜ਼ਿੰਦਗੀ ਆਸਤਿਕਾਂ ਨਾਲੋਂ ਵੱਧ ਕੀਮਤੀ ਹੁੰਦੀ ਹੈ ਕਿਉਂਕਿ ਆਸਤਿਕਾਂ ਨੂੰ ਤਾਂ ਹੋਰ ਜ਼ਿੰਦਗੀਆਂ ਦੀ ਆਸ ਹੁੰਦੀ ਹੈ ਪਰ ਨਾਸਤਿਕਾਂ ਨੇ ਤਾਂ ਸਿਰਫ਼ ਇੱਕ ਹੀ ਜ਼ਿੰਦਗੀ ਜਿਉਣੀ ਹੁੰਦੀ ਹੈ।
* ਸਾਧ ਜਿਸ ਗੱਦੀ ਤੇ ਬੈਠਦਾ ਹੈ ਉਹ ਕੁਆਰੀਆਂ ਦੇ ਸਤਭੰਗ ਤੇ ਗਰੀਬਾਂ ਦੀਆਂ ਸਿਸਕੀਆਂ ਬਾਗੀਆਂ ਦੀਆਂ ਲੋਥਾਂ ਤੇ ਉਸਰੀ ਹੁੰਦੀ ਹੈ।
* ਗਰਭਵਤੀ ਇਸਤਰੀ ਨੂੰ ਸੁਣਾਏ ਕੀਰਤਨ ਤੇ ਜਗਰਾਤੇ, ਵਿਗਿਆਨਕ ਸੋਚ ਦਾ ਗਲਾ ਜੰਮਣ ਤੋਂ ਪਹਿਲਾ ਹੀ ਘੁੱਟ ਦਿੰਦੇ ਹਨ।
* ਧਾਰਮਿਕ ਵਿਅਕਤੀ ਇੱਕ ਅੰਨੇ ਆਦਮੀ ਦੀ ਤਰ੍ਹਾਂ ਹੈ ਜੋ ਹਨੇਰੇ ਕਮਰੇ ਵਿਚੋਂ ਕਾਲੀ ਬਿੱਲੀ ਨੂੰ ਲੱਭਣ ਦਾ ਯਤਨ ਕਰ ਰਿਹਾ ਹੈ ਜੋ ਕਮਰੇ ਵਿੱਚ ਹੈ ਹੀ ਨਹੀਂ।
* ਯਾਦ ਰੱਖੋ, ਪੰਜਾਬ ਵਿੱਚ ਤਰਕਸ਼ੀਲਾਂ ਨੇ ਪਹਿਲੀ ਦਸਤਕ ਮਜ਼ਦੂਰ ਦਿਵਸ ਤੇ ਹੀ ਦਿੱਤੀ ਸੀ।

**- ਮੇਘ ਰਾਜ ਮਿੱਤਰ**